My kind[33] and compassionate[34] Lord is the Treasure[36] of mercy[35]. Slave[37] Nanak is the dust[38] of saints' feet.

ਮੇਰਾ ਮਿਹਰਬਾਨ[33] ਅਤੇ ਮਇਆਵਾਨ[34] ਮਾਲਕ ਰਹਿਮਤ[35] ਦਾ ਖ਼ਜ਼ਾਨਾ[36] ਹੈ। ਗੋਲਾ[37] ਨਾਨਕ ਸਾਧੂਆਂ ਦੇ ਪੈਰਾਂ ਦੀ ਧੂੜ[38] ਹੈ।

ਕਾਨੜਾ ਮਹਲਾ ੫ ॥

Kanra 5th Guru.

ਕਾਨੜਾ ਪੰਜਵੀਂ ਪਾਤਿਸ਼ਾਹੀ।

ਮਾਈ[39] ਸਿਮਰਤ[40] ਰਾਮ[41] ਰਾਮ ਰਾਮ ॥

O my mother[39], ever do I meditate[30] on the Lord[41], my Lord God.

ਹੇ ਮੇਰੀ ਮਾਤਾ[39]! ਮੈਂ ਸਦਾ ਸੁਆਮੀ[41], ਆਪਣੇ ਸੁਆਮੀ ਵਾਹਿਗੁਰੂ ਦਾ ਸਿਮਰਨ ਕਰਦਾ[40] ਹਾਂ।

ਪ੍ਰਭ ਬਿਨਾ[42] ਨਾਹੀ ਹੋਰੁ[43] ॥

Without[42] the Lord, there is not another[43].

ਸੁਆਮੀ ਦੇ ਬਗੈਰ[42] ਹੋਰ ਕੋਈ[43] ਨਹੀਂ।

ਚਿਤਵਉ[44] [45]ਚਰਨਾਰ ਬਿੰਦ[46] ਸਾਸਨ[47] ਨਿਸਿ[48] ਭੋਰ[49] ॥੧॥ਰਹਾਉ॥

With every breath[47] and night[48] and day[49], meditate[44] I, on the Lord's lotus[46] feet[45]. Pause.

ਹਰ ਸੁਆਸ[47] ਨਾਲ ਅਤੇ ਰੈਣ[48] ਤੇ ਦਿਹੁੰ[49], ਮੈਂ ਪ੍ਰਭੂ ਦੇ ਕੰਵਲ[46] ਪੈਰਾਂ[45] ਦਾ ਸਿਮਰਨ ਕਰਦਾ[44] ਹਾਂ। ਠਹਿਰਾਉ।

ਲਾਇ ਪ੍ਰੀਤਿ[50] ਕੀਨ ਆਪਨ[51] ਤੂਟਤ[52] ਨਹੀ ਜੋਰੁ[53] ॥

Loving[50] the Lord, I have owned[51] Him and now my union[53] with Him snaps[52] not.

ਪ੍ਰਭੂ ਨੂੰ ਪਿਆਰ ਕਰਨ[50] ਦੁਆਰਾ, ਮੈਂ ਉਸ ਨੂੰ ਆਪਣਾ ਬਣਾ[51] ਲਿਆ ਹੈ ਤੇ ਹੁਣ ਮੇਰਾ ਗੰਢ-ਜੋੜ[53] ਉਸ ਨਾਲੋਂ ਟੁਟਦਾ[52] ਨਹੀਂ।

ਪ੍ਰਾਨ[55] ਮਨੁ[55] ਧਨੁ[56] ਸਰਬਸੁ[57] ਹਰਿ ਗੁਨ[58] ਨਿਧੇ[59] ਸੁਖ[60] ਮੋਰ[61] ॥੧॥

God, the Treasure[59] of virtues[58] and bliss[60] is my[61] vital breath[54], my soul[55], my wealth[56] and everything[57].

ਨੇਕੀਆਂ[58] ਅਤੇ ਪ੍ਰਸੰਨਤਾ[60] ਦਾ ਖ਼ਜ਼ਾਨਾ[59] ਵਾਹਿਗੁਰੂ, ਮੇਰੀ[61] ਜਿੰਦ-ਜਾਨ[54], ਮੇਰੀ ਜਿੰਦੜੀ[55], ਮੇਰੀ ਦੌਲਤ[56] ਅਤੇ ਸਾਰਾ ਕੁਛ[57] ਹੈ ।

ਈਤ[62] ਊਤ[63] ਰਾਮ[64] ਪੂਰਨੁ[65] ਨਿਰਖਤ[66] ਰਿਦ[77] ਖੋਰਿ[68] ॥

Here[62] and hereafter[63], the Lord[64] is pervading[65] and I see[66] Him in the every heart[67].

ਏਥੇ[62] ਅਤੇ ਓਥੇ[63] ਪ੍ਰਭੂ[64] ਵਿਆਪਕ ਹੋ ਰਿਹਾ[65] ਹੈ ਅਤੇ ਮੈਂ ਉਸ ਨੂੰ ਹਰ ਦਿਲ[67] ਦੀ ਡੂੰਘਾਈ[68] ਅੰਦਰ ਵੇਖਦਾ[66] ਹਾਂ ।

ਸੰਤ ਸਰਨ[69] ਤਰਨ[70] ਨਾਨਕ ਬਿਨਸਿਓ[71] ਦੂਖੁ[72] ਘੋਰ[73] ॥੨॥੩॥੪੮॥

In the saints' refuge[69] I have been ferried across[70] and am rid of[71] my appalling[73] agony[72], O Nanak.

ਸਾਧੂਆਂ ਦੀ ਸ਼ਰਣਾਗਤ[69] ਅੰਦਰ ਮੈਂ ਪਾਰ ਉਤਰ ਗਿਆ[70] ਹਾਂ ਅਤੇ ਭਿਆਨਕ[73] ਕਸ਼ਟ[72] ਤੋਂ ਖ਼ਲਾਸੀ ਪਾ ਗਿਆ[71] ਹਾਂ, ਹੇ ਨਾਨਕ !

ਕਾਨੜਾ ਮਹਲਾ ੫ ॥

Kanra 5th Guru.

ਕਾਨੜਾ ਪੰਜਵੀਂ ਪਾਤਿਸ਼ਾਹੀ ।

ਜਨ[74] ਕੋ ਪ੍ਰਭੁ ਸੰਗੇ[75] ਅਸਨੇਹੁ[76] ॥

I, the Lord's slave[74], bear love[76] to[75] my Lord.

ਮੈਂ, ਪ੍ਰਭੂ ਦੇ ਗੋਲੇ[74] ਦਾ, ਪ੍ਰਭੂ ਨਾਲ[75] ਪਿਆਰ[76] ਹੈ ।

ਸਾਜਨੋ[77] ਤੂ ਮੀਤੁ[78] ਮੇਰਾ ਗ੍ਰਿਹਿ[79] ਤੇਰੈ ਸਭੁ[80] ਕੇਹੁ ॥ ੧॥ਰਹਾਉ॥

O Lord, Thou alone art my Friend[77] and Intimate[78]. All the things[80] are in Thy abode[79].

ਹੇ ਸੁਆਮੀ ! ਕੇਵਲ ਤੂੰ ਹੀ ਮੇਰਾ ਮਿੱਤ੍ਰ[77] ਅਤੇ ਯਾਰ[78] ਹੈਂ । ਸਾਰੀਆਂ ਹੀ ਵਸਤੂਆਂ[80] ਤੇਰੇ ਘਰ[79] ਵਿਚ ਹਨ ।

ਮਾਨੁ[81] ਮਾਂਗਉ[82] ਤਾਨੁ[83] ਮਾਂਗਉ ਧਨੁ[84] ਲਖਮੀ[85] ਸੁਤ[86] ਦੇਹੁ[87] ॥੧॥

I ask for[82] glory[81], I ask for power[83] and bless[87] Thou me with riches[84], property[85] and sons[86].

ਮੈਂ ਪ੍ਰਭੁਤਾ[81] ਮੰਗਦਾ[82] ਹਾਂ, ਮੈਂ ਬਲ[83] ਮੰਗਦਾ ਹਾਂ ਅਤੇ ਤੂੰ ਮੈਨੂੰ ਦੌਲਤ[84], ਜਾਇਦਾਦ[85] ਅਤੇ ਪੁਤਰ[86] ਮਖ਼ਸ਼[87] ।

ਮੁਕਤਿ[88] ਜੁਗਤਿ[89] ਭੁਗਤਿ[90] ਪੂਰਨ [91]ਪਰਮਾਨੰਦ[92] ਪਰਮ[93] ਨਿਧਾਨ[94] ॥

O my Perfect Being, Thou art the Blesser of emancipation[88], prosperity[89] and worldly comforts[90]. Thou alone art the embodiment of supreme[91] bliss[92] and the most excellent[93] treasure[94].

ਹੇ ਮੇਰੇ ਪੂਰਨ ਪੁਰਖ ! ਤੂੰ ਬਲਿਆਣ[88], ਇਕਬਾਲ[89] ਅਤੇ ਸੰਸਾਰੀ ਆਰਾਮ[90] ਬਖਸ਼ਣਹਾਰ ਹੈਂ । ਕੇਵਲ ਤੂੰ ਹੀ ਮਹਾਨ[91] ਖ਼ੁਸ਼ੀ[92] ਅਤੇ ਮਹਾਨ ਸ੍ਰੇਸ਼ਟ[93] ਖ਼ਜ਼ਾਨੇ[94] ਦਾ ਪੁੰਜ ਹੈਂ ।

ਭੈ[95] ਭਾਇ[96] ਭਗਤਿ[97] ਨਿਹਾਲ[98] ਨਾਨਕ ਸਦਾ[99] ਸਦਾ ਕੁਰਬਾਨ[100] ॥੨॥੪॥ ੪੯॥

Imbued with Thy fear[95], love[96] and meditation[98], Nanak is in utter bliss[98] and is ever[99], ever a sacrifice[100] unto Thee, O Lord.

ਤੇਰੇ ਡਰ[95], ਪ੍ਰੇਮ[96] ਅਤੇ ਸਿਮਰਨ[97] ਨਾਲ ਰੰਗੀਜ ਨਾਨਕ ਪਰਮ ਪ੍ਰਸੰਨ[98] ਹੈ ਅਤੇ ਹਮੇਸ਼ਾ[99], ਹਮੇਸ਼ਾ ਹੀ ਤੇਰੇ ਉਤੋਂ ਬਲਿਹਾਰਨੇ[100] ਵੰਞਦਾ ਹਾਂ, ਹੇ ਸੁਆਮੀ !

੧੩੦੮

ਕਾਨੜਾ ਮਹਲਾ ੫ ॥

Kanra 5th Guru.

ਕਾਨੜਾ ਪੰਜਵੀਂ ਪਾਤਿਸ਼ਾਹੀ ।

ਕਰਤ[2] ਕਰਤ ਚਰਚ[3] ਚਰਚ ਚਰਚਰੀ[4] ॥

The controvertists[4] indulge[2] and ever indulge in controversies[3] and debates.

ਬਹਿਸ ਕਰਨ ਵਾਲੇ[4] ਹਮੇਸ਼ਾ ਅਤੇ ਹਰ ਵੇਲੇ ਬਖੇੜੇ[3] ਅਤੇ ਬਹਿਸਾਂ ਕਰਦੇ[2] ਕਰਦੇ ਹਨ ।

ਜੋਗ[5] ਧਿਆਨ[6] ਭੇਖ[7] ਗਿਆਨ[8] ਫਿਰਤ[9] ਫਿਰਤ

The yogis[5], contemplators[6], sectarians[7], divines[8] and globe[12]-trotters[13] roam[9]

ਯੋਗੀ[5], ਵਿਚਾਰਵਾਨ[6], ਸੰਪਰਦਾਈ[7], ਗਿਆਨਵਾਨ[8] ਅਤੇ ਧਰਤੀ[12] ਤੇ ਰਟਨ ਕਰਨ ਵਾਲੇ[13], ਧਰਤੀ[10] ਅਤੇ ਧਰਤੀ

ਧਰਤ[10] ਧਰਤ ਧਰ[12] ਚਰੀ[13] ॥੧॥ਰਹਾਉ॥

and ramble about the earth[10] and its various parts Pause.

ਦੇ ਕਈ ਹਿਸਿਆਂ ਤੇ ਭੌਂਦੇ[9] ਅਤੇ ਭਟਕਦੇ ਹਨ। ਠਹਿਰਾਉ।

ਅਹੰ[14] ਅਹੰ ਅਹੈ[16] ਅਵਰ[17] ਮੂੜ[18] ਮੂੜ ਮੂੜ ਬਵਰਈ[19] ॥

Some are[16] engrossed in ego[14] and self-conceit and[17] are stupid[18], ignorant, unwise and crazy[19].

ਕਈ ਹੰਕਾਰ[14] ਤੇ ਸਵੈ-ਹੰਗਤਾ ਅੰਦਰ ਗ਼ਲਤਾਨ ਹਨ[16] ਅਤੇ[17] ਬੁਧੂ[18], ਬੇਸਮਝ, ਬੇਵਕੂਫ ਅਤੇ ਬਉਰੇ[19] ਹਨ।

ਜਤਿ[25] ਜਾਤ[20] ਜਾਤ ਜਾਤ ਸਦਾ[21] ਸਦਾ ਸਦਾ ਸਦਾ ਕਾਲ[22] ਹਈ[23] ॥੧॥

Wheresoever[15] they go[24] and wander about, death[22] is[23] ever[21], yea, ever and always with them.

ਜਿਥੇ ਕਿਤੇ[15] ਭੀ ਉਹ ਜਾਂਦੇ[20] ਅਤੇ ਭੌਂਦੇ ਫਿਰਦੇ ਹਨ, ਮੌਤ[22] ਹਮੇਸ਼ਾ[21], ਹਾਂ ਹਮੇਸ਼ਾ ਅਤੇ ਹਰ ਦਮ ਹੀ ਉਨ੍ਹਾਂ ਦੇ ਨਾਲ ਹੈ[23]।

ਮਾਨੁ[24] ਮਾਨੁ ਮਾਨੁ ਤਿਆਗਿ[25] ਮਿਰਤੁ[26] ਮਿਰਤੁ ਨਿਕਟਿ[27] ਨਿਕਟਿ ਸਦਾ[28] ਹਈ ॥

O man, abandon[25] thou thy ego[24] pride and self-conciet. Death[26], yea, death is ever[28] near[27] and close to thee.

ਹੇ ਬੰਦੇ! ਤੂੰ ਆਪਣੇ ਹੰਕਾਰ[24], ਮਾਨ ਅਤੇ ਸਵੈ-ਹੰਗਤਾ ਨੂੰ ਛੱਡ[25] ਦੇ। ਮੌਤ[26], ਹਾਂ ਮੌਤ ਸਦੀਵ[28] ਹੀ ਤੇਰੇ ਨੇੜੇ[27], ਤੇੜੇ ਹੈ।

ਹਰਿ ਹਰੇ ਹਰੇ[29] ਭਾਜੁ[30] ਕਹਤੁ[38] ਨਾਨਕ ਸੁਨਹੁ[31] ਰੇ[32] ਮੂੜ[33] ਬਿਨੁ[39] ਭਜਨ[34] ਭਜਨ ਭਜਨ ਅਹਿਲਾ[35] ਜਨਮੁ[36] ਗਈ[37] ॥੨॥੫॥੫੦॥੧੨॥੬੨॥

Says[38] Nanak, hearken[31] thou unto me, O[32] ignorant man[33], utter[30] thou the Lord Master's Name[29]. Without[29] God's meditation[34] and contemplation, thy life is going[37] in vain[35].

ਗੁਰੂ ਜੀ ਆਖਦੇ[38] ਹਨ, ਤੂੰ ਮੇਰੀ ਗਲ ਸੁਣ[31], ਹੇ[32] ਬੇਸਮਝ ਬੰਦੇ[33]! ਤੂੰ ਆਪਣੇ ਸੁਆਮੀ ਮਾਲਕ[29] ਦੇ ਨਾਮ ਦਾ ਉਚਾਰਨ ਕਰ[30]। ਵਾਹਿਗੁਰੂ ਦੇ ਸਿਮਰਨ[34], ਅਤੇ ਅਰਾਧਨ ਬਗ਼ੈਰ[39] ਤੇਰਾ ਜੀਵਨ[36] ਬੇਅਰਥ[35] ਜਾ ਰਿਹਾ[37] ਹੈ।

ਕਾਨੜਾ ਅਸਟਪਦੀਆ ਮਹਲਾ ੪ ਘਰੁ ੧

Kanra Ashtpadis 4th Guru

ਕਾਨੜਾ ਅਸਟਪਦੀਆਂ ਚੌਥੀ ਪਾਤਿਸ਼ਾਹੀ

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, is He obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਜਪਿ[40] ਮਨ[42] ਰਾਮ ਨਾਮੁ ਸੁਖੁ ਪਾਵੈਗੋ[41] ॥

O my soul[42], utter[40] thou the Lord's Name and thou shalt be blessed[41] with peace.

ਹੇ ਮੇਰੀ ਜਿੰਦੇ[42]! ਤੂੰ ਸਾਂਈਂ ਦੇ ਨਾਮ ਨੂੰ ਉਚਾਰ[40] ਅਤੇ ਤੂੰ ਆਰਾਮ ਪਾਵੇਂਗੀ[41]।

ਜਿਉ[43] ਜਿਉ ਜਪੈ[44] ਤਿਵੈ[45] ਸੁਖੁ ਪਾਵੈ ਸਤਿਗੁਰੁ ਸੇਵਿ[46] ਸਮਾਵੈਗੋ[47] ॥੧॥ ਰਹਾਉ॥

The more[43] thou rememberest[44] God, the more[45] peace thou shalt obtain. Serving[46] the True Guru, thou shalt merge[47] in the Lord. Pause.

ਜਿੰਨਾ ਜ਼ਿਆਦਾ[43] ਤੂੰ ਵਾਹਿਗੁਰੂ ਦਾ ਸਿਮਰਨ ਕਰੇਂਗੀ[44] ਉਨਾ ਹੀ ਜ਼ਿਆਦਾ[45] ਆਰਾਮ ਤੂੰ ਪਾਵੇਂਗੀ। ਸੱਚੇ ਗੁਰਾਂ ਦੀ ਟਹਿਲ[46] ਦੁਆਰਾ ਤੂੰ ਸਾਂਈਂ ਅੰਦਰ ਲੀਨ ਹੋ ਜਾਵੇਂਗੀ[47]। ਠਹਿਰਾਉ।

ਭਗਤ ਜਨਾਂ[48] ਕੀ ਖਿਨੁ[49] ਖਿਨੁ ਲੋਚਾ[50] ਨਾਮੁ ਜਪਤ ਸੁਖੁ[51] ਪਾਵੈਗੋ ॥

Every moment[49], the saintly persons[48] long[50] for the Name and, meditating on the Name, they obtain bliss[51].

ਹਰ ਮੁਹਤ[49] ਸਾਧ ਸਰੂਪ ਪੁਰਸ਼[48] ਨਾਮ ਦੀ ਚਾਹਨਾ[50] ਕਰਦੇ ਹਨ ਅਤੇ ਨਾਮ ਦਾ ਸਿਮਰਨ ਕਰਨ ਦੁਆਰਾ ਉਹ ਖ਼ੁਸ਼ੀ[51] ਨੂੰ ਪ੍ਰਾਪਤ ਹੁੰਦੇ ਹਨ।

ਅਨ[52] ਰਸ[53] ਸਾਦ[54] ਗਏ ਸਭ ਨੀਕਰਿ[55] ਬਿਨੁ ਨਾਵੈ ਕਿਛੁ ਨ ਸੁਖਾਵੈਗੋ[56] ॥੧॥

Their relish[54] of other[52] pleasures[53] is all eliminated[55] and, save the Name, nothing pleases[56] them.

ਉਨ੍ਹਾਂ ਦੇ ਹੋਰਨਾਂ[52] ਰਸਾਂ[53] ਦੇ ਸੁਆਦ[54] ਸਮੂਹ ਦੂਰ ਹੋ ਗਏ[55] ਹਨ ਅਤੇ ਨਾਮ ਦੇ ਬਾਝੋਂ ਉਨ੍ਹਾਂ ਨੂੰ ਹੋਰ ਕੁਝ ਚੰਗਾ ਨਹੀਂ ਲਗਦਾ[56] ।

ਗੁਰਮਤਿ[57] ਹਰਿ ਹਰਿ[58] ਮੀਠਾ[59] ਲਾਗਾ ਗੁਰੁ ਮੀਠੇ ਬਚਨ[60] ਕਢਾਵੈਗੋ[61] ॥

By the Guru's instruction[57], the Lord God[58] seems sweet[59] unto them and the Guru makes them utter[61] sweet words[60].

ਗੁਰਾਂ ਦੀ ਸਿਖਿਆ[57] ਦੁਆਰਾ, ਸਾਂਈਂ ਹਰੀ[58] ਉਨ੍ਹਾਂ ਨੂੰ ਮਿੱਠਾ[59] ਲਗਦਾ ਹੈ ਅਤੇ ਗੁਰੂ ਜੀ ਉਨ੍ਹਾਂ ਪਾਸੋਂ ਮਿੱਠੇ ਸ਼ਬਦ[60] ਉਚਾਰਨ[61] ਕਰਵਾਉਂਦੇ ਹਨ ?

ਸਤਿਗੁਰ ਬਾਣੀ ਪੁਰਖੁ[62] ਪੁਰਖੋਤਮ[63] ਬਾਣੀ ਸਿਉ ਚਿਤੁ[64] ਲਾਵੈਗੋ[65] ॥੨॥

Through the True Guru's word, the sublimest[63] Person[62] is revealed and they fix[65] their mind[64] with the Guru's word.

ਸੱਚੇ ਗੁਰਾਂ ਦੀ ਬਾਣੀ ਰਾਹੀਂ, ਪ੍ਰਮ[63] ਸ੍ਰੇਸ਼ਟ ਪੁਰਸ਼[62] ਪ੍ਰਗਟ ਹੋ ਜਾਂਦਾ ਹੈ ਅਤੇ ਉਹ ਆਪਣੇ ਮਨ[64] ਨੂੰ ਗੁਰ ਬਾਣੀ ਨਾਲ ਜੋੜਦੇ[65] ਹਨ ।

ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ[66] ਮਨੁ ਭੀਨਾ[67] ਨਿਜ[68] ਘਰਿ[69] ਆਵੈਗੋ[70] ॥

Hearing the Guru's word, my mind has become tender[66] and imbued[67] with it, this mind has returned[70] to its own[68] home[69].

ਗੁਰਾਂ ਦੀ ਬਾਣੀ ਨੂੰ ਸੁਣ ਕੇ, ਮੇਰਾ ਮਨੂਆ ਨਰਮ[66] ਹੋ ਗਿਆ ਹੈ ਅਤੇ ਇਸ ਨਾਲ ਸਰਸ਼ਾਰ[67] ਹੋ ਇਹ ਮਨੂਆ ਆਪਣੇ ਨਿਜ[68] ਦੇ ਧਾਮ[69] ਵਿਚ ਆ ਗਿਆ[70] ਹੈ ।

ਤਹ[71] ਅਨਹਤ ਧੁਨੀ[72] ਬਾਜਹਿ[73] ਨਿਤ[74] ਬਾਜੇ[75] ਨੀਝਰ[76] ਧਾਰ[77] ਚੁਆਵੈਗੋ[78] ॥੩॥

There[75] resounds[73] and ever[74] resounds[75] the celestial strain[72] and the stream[77] of Nectar incessantly[76] trickles[78].

ਓਥੇ[71] ਸਦਾ[74] ਅਤੇ ਹਰ ਦਮ ਬੈਕੁੰਠੀ ਕੀਰਤਨ[72] ਅਤੇ ਸੰਗੀਤਕ[75] ਗੂੰਜਦੇ[78] ਹਨ ਅਤੇ ਅੰਮ੍ਰਿਤ ਦੀ ਧਾਰਾ[77] ਇਕ ਰਸ[76] ਟਪਕਦੀ[78] ਹੈ ।

ਰਾਮ ਨਾਮੁ ਇਕੁ ਤਿਲ ਤਿਲ[79] ਗਾਵੈ[80] ਮਨੁ[83] ਗੁਰਮਤਿ[81] ਨਾਮਿ ਸਮਾਵੈਗੋ[82] ॥

When man[83] sings[80] the praise of the Lord's Name at every moment[79], he then merges[82] in the Name through the Guru's instruction[81].

ਜਦ ਇਨਸਾਨ[83] ਹਰ ਮੁਹਤ[79] ਸੁਆਮੀ ਦੇ ਨਾਮ ਦੀ ਮਹਿਮਾ ਗਾਇਨ ਕਰਦਾ[80] ਹੈ ਤਾਂ ਉਹ ਗੁਰਾਂ ਦੇ ਉਪਦੇਸ਼[81] ਰਾਹੀਂ ਨਾਮ ਅੰਦਰ ਲੀਨ ਹੋ ਜਾਂਦਾ[82] ਹੈ ।

ਨਾਮੁ ਸੁਣੈ ਨਾਮੋ ਮਨਿ ਭਾਵੈ[83*] ਨਾਮੇ ਹੀ ਤ੍ਰਿਪਤਾਵੈਗੋ[84] ॥੪॥

God's Name he hears, God's Name pleases[83*] his mind and with God's Name, he is satiated[84].

ਰੱਬ ਦੇ ਨਾਮ ਨੂੰ ਉਹ ਸੁਣਦਾ ਹੈ, ਰੱਬ ਦਾ ਨਾਮ ਉਸ ਦੇ ਚਿਤ ਨੂੰ ਚੰਗਾ ਲਗਦਾ[83*] ਹੈ ਅਤੇ ਰੱਬ ਦੇ ਨਾਮ ਨਾਲ ਹੀ ਉਹ ਧ੍ਰਾਪਦਾ[84] ਹੈ ।

ਕਨਿਕ[85] ਕਨਿਕ ਪਹਿਰੇ[86] ਬਹੁ[87] ਕੰਗਨਾ[88] ਕਾਪਰੁ[89] ਭਾਂਤਿ[90] ਬਨਾਵੈਗੋ[91] ॥ ਨਾਮ ਬਿਨਾ ਸਭਿ ਫੀਕ[92] ਫਿਕਾਨੇ[93] ਜਨਮਿ[94] ਮਰੈ[95] ਫਿਰਿ[96] ਆਵੈਗੋ[97] ॥੫॥

Though man may wear[86] many[87] bracelets[88] of glittering gold[85], and don[91] himself with various sorts[90] of clothes[89], but, without the Lord's Name, they are all insipid[92] and vain[93] and he shall continue coming[94], going[95] and coming[97] again and again[96].

ਭਾਵੇਂ ਇਨਸਾਨ ਸੋਨੇ[85] ਦੇ ਅਨੇਕਾਂ[87] ਸੁਨਿਹਰੀ ਕੜੇ[88] ਪਾ ਲਵੇ ਅਤੇ ਕਈ ਕਿਸਮਾਂ[90] ਦੇ ਬਸਤਰ[89] ਪਹਿਨੇ[91], ਪ੍ਰੰਤੂ ਪ੍ਰਭੂ ਦੇ ਨਾਮ ਦੇ ਬਾਝੋਂ, ਉਹ ਸਭ ਫਿਕਲੇ[92] ਅਤੇ ਵਿਅਰਥ[93] ਹਨ ਅਤੇ ਉਹ ਆਉਂਦਾ[94], ਜਾਂਦਾ[95] ਅਤੇ ਮੁੜ ਮੁੜ[96] ਕੇ ਆਉਂਦਾ[97] ਰਹੇਗਾ ।

ਮਾਇਆ[98] ਪਟਲ[99] ਪਟਲ

Mammon[98] veil[99] is a great[100] veil

ਧਨ-ਦੌਲਤ[98] ਦਾ ਪੜਦਾ[99] ਇਕ ਵੱਡਾ[100] ਪੜਦਾ ਹੈ

ਹੈ ਭਾਰੀ[100] ਘਰੁ[2] ਘੂਮਨਿ[3] ਘੇਰਿ ਘੁਲਾਵੈਗੋ[4] ॥

and through it, man lands in the whirlpool[3] of desire, wherein his home[2] is destroyed[4].

ਤੇ ਇਸ ਦੇ ਰਾਹੀਂ ਬੰਦਾ ਖਾਹਿਸ਼ ਦੀ ਘੁਮਣਘੇਰੀ[3] ਵਿਚ ਜਾ ਡਿਗਦਾ ਹੈ ਜਿਸ ਅੰਦਰ ਉਸ ਦਾ ਧਾਮ[2] ਨਸ਼ਟ ਹੋ ਜਾਂਦਾ[4] ਹੈ ।

ਪਾਪ[5] ਬਿਕਾਰ[6] ਮਨੂਰ[7] ਸਭਿ ਭਾਰੇ[8] ਬਿਖੁ[9] ਦੁਤਰੁ[10] ਤਰਿਓ[12] ਨ ਜਾਵੈਗੋ ॥੬॥

All the sins[5] and vices[6] are heavy[8] like the rusted iron[7] and with them the poisonous[9] and arduous[10] world ocean can be crossed[12] not.

ਸਾਰੇ ਗੁਨਾਹ[5] ਅਤੇ ਕਸਮਲ[6] ਜੰਗਾਲੇ ਹੋਏ[7] ਲੋਹੇ ਦੀ ਮਾਨੰਦ ਬੋਝਲ[8] ਹਨ ਅਤੇ ਉਨ੍ਹਾਂ ਦੇ ਨਾਲ ਜ਼ਹਿਰੀਲਾ[9] ਅਤੇ ਕਠਨ[10] ਸੰਸਾਰ ਸਮੁੰਦਰ ਪਾਰ[12] ਕੀਤਾ ਨਹੀਂ ਜਾ ਸਕਦਾ ।

ਭਉ[13] ਬੈਰਾਗੁ[14] ਭਇਆ ਹੈ ਬੋਹਥੁ[16] ਗੁਰੁ ਖੇਵਟੁ[17] ਸਬਦਿ[18] ਤਰਾਵੈਗੋ[19] ॥

God's fear[13] and love[14] are the ship[16] and the Guru the helmsman[17], who ferries man across[19] with the help of Lord's Name[18].

ਰੱਬ ਦਾ ਡਰ[13] ਅਤੇ ਪਿਆਰ[14] ਜਹਾਜ਼[16] ਹੈ ਅਤੇ ਗੁਰੂ ਜੀ ਮਲਾਹ[17] ਹਨ, ਜੋ ਪ੍ਰਭੂ ਦੇ ਨਾਮ[18] ਦੁਆਰਾ ਇਨਸਾਨ ਨੂੰ ਪਾਰ ਕਰ ਦਿੰਦੇ[19] ਹਨ ।

ਰਾਮ ਨਾਮੁ ਹਰਿ ਭੇਟੀਐ[20] ਹਰਿ ਰਾਮੈ ਨਾਮਿ ਸਮਾਵੈਗੋ[21] ॥੭॥

Meeting[20] with the Lord God's Name, one merges[21] in the Name of the Lord God.

ਸੁਆਮੀ ਮਾਲਕ ਦੇ ਨਾਮ ਨਾਲ ਮਿਲਣ[20] ਦੁਆਰਾ ਇਨਸਾਨ ਸੁਆਮੀ ਦੇ ਨਾਮ ਵਿਚ ਹੀ ਲੀਨ ਹੋ ਜਾਂਦਾ[21] ਹੈ ।

ਅਗਿਆਨਿ[22] ਲਾਇ[23] ਸਵਾਲਿਆ[24] ਗੁਰ ਗਿਆਨੈ[27] ਲਾਇ[25] ਜਗਾਵੈਗੋ[26] ॥

Attached[23] to ignorance[22], man is lulled to sleep[24] and, yoking[25] him to gnosis[27], the Guru awakens[26] him.

ਬੇਸਮਝੀ[22] ਨਾਲ ਜੁੜਿਆ[23] ਬੰਦਾ ਸੁਆਲ[24] ਦਿੱਤਾ ਗਿਆ ਹੈ ਅਤੇ ਗਿਆਤ[27] ਨਾਲ ਜੋੜ[25] ਗੁਰੂ ਜੀ ਉਸ ਨੂੰ ਜਗਾ ਦਿੰਦੇ[26] ਹਨ ।

ਨਾਨਕ ਭਾਣੈ[28] ਆਪਣੈ ਜਿਉ[29] ਭਾਵੈ[30] ਤਿਵੈ[31] ਚਲਾਵੈਗੋ[32] ॥੮॥੧॥

O Nanak, in His will[28], the Lord makes man walk[33], in the same way[31] as[29] it pleases[30] Him.

ਹੇ ਨਾਨਕ ! ਆਪਣੀ ਰਜ਼ਾ[28] ਅੰਦਰ ਸੁਆਮੀ ਬੰਦੇ ਨੂੰ ਉਸੇ ਤਰ੍ਹਾਂ[31] ਹੀ ਤੋਰਦਾ[32] ਹੈ, ਜਿਸ ਤਰ੍ਹਾਂ ਉਸ ਨੂੰ ਚੰਗਾ ਲਗਦਾ[30] ਹੈ ।

ਕਾਨੜਾ ਮਹਲਾ ੪ ॥

Kanra 4th Guru

ਕਾਨੜਾ ਚੌਥੀ ਪਾਤਿਸਾਹੀ ।

ਜਪਿ[35] ਮਨ[34] ਹਰਿ ਹਰਿ[35] ਨਾਮੁ ਤਰਾਵੈਗੋ[36] ॥

O my soul[34], utter[33] thou the Lord God's[35] Name and it shall ferry thee across[36].

ਹੇ ਮੇਰੀ ਜਿੰਦੇ[34] ! ਤੂੰ ਸਾਈਂ ਹਰੀ[35] ਦੇ ਨਾਮ ਦਾ ਉਚਾਰਨ[33] ਕਰ ਅਤੇ ਇਹ ਤੇਰਾ ਪਾਰ ਉਤਾਰਾ[36] ਕਰ ਦੇਵੇਗਾ ।

ਜੋ[37] ਜੋ ਜਪੈ[38] ਸੋਈ[39] ਗਤਿ[40] ਪਾਵੈ ਜਿਉ[41] ਧ੍ਰੂ ਪ੍ਰਹਿਲਾਦੁ ਸਮਾਵੈਗੋ[42] ॥ ੧॥ਰਹਾਉ॥

Whosoever[37] meditates[38] on Him, he[39] is emancipated[40] and merges[42] in the Lord like[41] Dhru and Prahlad. Pause.

ਜੋ ਕੋਈ[37] ਉਸ ਦਾ ਸਿਮਰਨ ਕਰਦਾ[38] ਹੈ; ਉਹ[39] ਮੁਕਤ ਹੋ ਜਾਂਦਾ[40] ਹੈ ਅਤੇ ਧਰੂ ਤੇ ਪ੍ਰਹਿਲਾਦ ਦੀ ਮਾਨੰਦ[41] ਸਾਈਂ ਅੰਦਰ ਲੀਨ ਹੋ ਜਾਂਦਾ[42] ਹੈ । ਠਹਿਰਾਉ ।

੧੩੦੯

ਕ੍ਰਿਪਾ[43] ਕ੍ਰਿਪਾ ਕ੍ਰਿਪਾ ਕਰਿ[44] ਹਰਿ ਜੀਉ[45] ਕਰਿ ਕਿਰਪਾ ਨਾਮਿ ਲਗਾਵੈਗੋ[46] ॥

O Sire Lord[45], show[44] Thou, mercy[43], and kindness unto me and mercifully attach[46] Thou me to Thy Name.

ਹੇ ਮਹਾਰਾਜ[45] ਮਾਲਕ ! ਤੂੰ ਮੇਰੇ ਉਤੇ ਮਿਹਰ[43], ਦਿਆ, ਅਤੇ ਮਿਹਰਬਾਨੀ ਧਾਰ[44] ਅਤੇ ਮਿਹਰ ਧਾਰ ਕੇ ਤੂੰ ਮੈਨੂੰ ਆਪਣੇ ਨਾਮ ਨਾਲ ਜੋੜ[46] ਲੈ ।

ਕਰਿ ਕਿਰਪਾ ਸਤਿਗੁਰੂ

Mercifully lead me on to the True

ਮਿਹਰ ਧਾਰ ਕੇ, ਤੂੰ ਮੈਨੂੰ ਸੱਚੇ ਗੁਰਾ ਨਾਲ ਮਿਲਾ ਦੇ ।

ਮਿਲਾਵਹੁ ਮਿਲਿ ਸਤਿਗੁਰ ਨਾਮੁ ਧਿਆਵੈਗੋ[47] ॥੧॥

Guru, by meeting with the True Guru, I shall dwell[47] upon Thy Name, O my Master.

ਸੱਚੇ ਗੁਰਾਂ ਨਾਲ ਮਿਲਣ ਦੁਆਰਾ, ਮੈਂ ਤੇਰੇ ਨਾਮ ਦਾ ਸਿਮਰਨ[47] ਕਰਾਂਗਾ, ਹੇ ਮੇਰੇ ਮਾਲਕ !

ਜਨਮ ਜਨਮ[48] ਕੀ ਹਉਮੈ[49] ਮਲੁ[50] ਲਾਗੀ[51] ਮਿਲਿ[52] ਸੰਗਤਿ[53] ਮਲੁ ਲਹਿ[54] ਜਾਵੈਗੋ ॥

The filth[50] of ego[49] of many births[48] sticks[51] to me and it is by meeting[52] with the saints' society[53] that this filth can be washed[54] off.

ਅਨੇਕਾਂ ਜਨਮਾਂ[48] ਦੇ ਹੰਕਾਰ[49] ਦੀ ਮੈਲ[50] ਮੈਨੂੰ ਚਿਮੜੀ ਹੋਈ[51] ਹੈ ਅਤੇ ਸਾਧ-ਸੰਗਤ[53] ਨਾਲ ਜੁੜਨ[52] ਦੁਆਰਾ ਇਹ ਮੈਲ ਧੋਤੀ ਜਾ ਸਕਦੀ[54] ਹੈ ।

ਜਿਉ[55] ਲੋਹਾ ਤਰਿਓ[56] ਸੰਗਿ[57] ਕਾਸਟ[58] ਲਗਿ[59] ਸਬਦਿ[60] ਗੁਰੂ ਹਰਿ ਪਾਵੈਗੋ[61] ॥

As[55] iron, attached with[57] wood[58] ferries[59] across[56], so does the man, attuned[59] to the Guru's word[60], obtain[61] the Lord.

ਜਿਸ ਤਰ੍ਹਾਂ[55] ਲੱਕੜ[58] ਨਾਲ[57] ਜੁੜਿਆ ਹੋਇਆ ਲੋਹਾ ਪਾਰ ਉਤਰ ਜਾਂਦਾ[56] ਹੈ, ਏਸੇ ਤਰ੍ਹਾਂ ਹੀ ਗੁਰਾਂ ਦੀ ਬਾਣੀ[60] ਨਾਲ ਜੁੜਿਆ ਹੋਇਆ[59] ਜੀਵ ਪ੍ਰਭੂ ਨੂੰ ਪਾ ਲੈਂਦਾ[61] ਹੈ ।

ਸੰਗਤਿ[62] ਸੰਤ ਮਿਲਹੁ[63] ਸਤਸੰਗਤਿ ਮਿਲਿ[64] ਸੰਗਤਿ[65] ਹਰਿ ਰਸੁ[66] ਆਵੈਗੋ[67] ॥

Join[63] thou the saints' society[62], company of the divine-oriented, for, meeting[64] with the saints' society[65], thou shalt be blessed[67] with the Lord's Name elixir[66].

ਤੂੰ ਸਾਧ ਸੰਗਤ[62], ਵਾਹਿਗੁਰੂ ਦੇ ਪਿਆਰਿਆਂ ਦੀ ਬੈਠਕ ਨਾਲ ਜੁੜ[63] ਜਾ । ਕਿਉਂਕਿ ਸਤਿਸੰਗਤ[65] ਨਾਲ ਮਿਲ ਜਾਣ[64] ਦੁਆਰਾ, ਤੂੰ ਪ੍ਰਭੂ ਦੇ ਨਾਮ ਅੰਮ੍ਰਿਤ[66] ਨੂੰ ਪਾ ਲਵੇਂਗਾ[67] ।

ਬਿਨੁ ਸੰਗਤਿ ਕਰਮ[68] ਕਰੈ ਅਭਿਮਾਨੀ[69] ਕਢਿ[70] ਪਾਣੀ ਚੀਕੜੁ[71] ਪਾਵੈਗੋ[72] ॥੩॥

Whosoever associates not with the saints and does deeds[68] of ego[69], he is like a person, who draws out[70] water and throws[22] it in mud[71].

ਜੋ ਕੋਈ ਸਤਿਸੰਗਤ ਨਹੀਂ ਕਰਦਾ ਅਤੇ ਹੰਕਾਰੀ[69] ਅਮਲ[68] ਕਮਾਉਂਦਾ ਹੈ; ਉਹ ਉਸ ਦੀ ਮਾਨੰਦ ਹੈ ਜੋ ਜਲ ਨੂੰ ਕੱਢ[70] ਕੇ ਗਾਰੇ[71] ਵਿਚ ਸੁਟ ਪਾਉਂਦਾ[72] ਹੈ ।

ਭਗਤ ਜਨਾ[73] ਕੇ ਹਰਿ ਰਖਵਾਰੇ[74] ਜਨ[75] ਹਰਿ ਰਸੁ[76] ਮੀਠ[77] ਲਗਾਵੈਗੋ[78] ॥

God is the Protector[74] of the saintly persons[73] and God's Name elixir[76] tastes[78] sweet[77] to the saints[75].

ਵਾਹਿਗੁਰੂ ਸਾਧ ਸਰੂਪ ਪੁਰਸ਼ਾਂ[73] ਦਾ ਰਖਵਾਲਾ[74] ਹੈ ਅਤੇ ਵਾਹਿਗੁਰੂ ਦਾ ਨਾਮ ਅੰਮ੍ਰਿਤ[76] ਸਾਧੂਆਂ[75] ਨੂੰ ਮਿੱਠਾ[77] ਲਗਦਾ[78] ਹੈ ।

ਖਿਨੁ[79] ਖਿਨੁ ਨਾਮੁ ਦੇਇ[80] ਵਡਿਆਈ[81] ਸਤਿਗੁਰ ਉਪਦੇਸਿ[82] ਸਮਾਵੈਗੋ[83] ॥ ੪॥

Them, the Lord blesses[80] with glory[81] every moment[79] and, through the True Guru's instruction[82], they merge[83] in Him.

ਹਰ ਮੁਹਤ[79] ਪ੍ਰਭੂ ਉਨ੍ਹਾਂ ਨੂੰ ਪ੍ਰਭਤਾ[81] ਪ੍ਰਦਾਨ ਕਰਦਾ[80] ਹੈ ਤੇ ਸੱਚੇ ਗੁਰਾਂ ਦੀ ਸਿਖਮਤ[82] ਰਾਹੀਂ ਉਹ ਉਸ ਅੰਦਰ ਲੀਨ ਹੋ ਜਾਂਦੇ[83] ਹਨ ।

ਭਗਤ ਜਨਾ ਕਉ ਸਦਾ ਨਿਵਿ[84] ਰਹੀਐ ਜਨ[89] ਨਿਵਹਿ ਤਾ[85] ਫਲ[86] ਗੁਨ[87] ਪਾਵੈਗੋ ॥

Ever pay thou obeisance[84] to the Lord's devotees. If thou bow to the God's slaves[89], thou[85] shalt obtain the fruit[86] of virtues[87].

ਤੂੰ ਹਮੇਸ਼ਾ ਸੁਆਮੀ ਦੇ ਸ਼ਰਧਾਲੂਆਂ ਨੂੰ ਪ੍ਰਣਾਮ[84] ਕਰ । ਜੇਕਰ ਤੂੰ ਵਾਹਿਗੁਰੂ ਦੇ ਗੋਲਿਆਂ[89] ਨੂੰ ਨਿਮਸ਼ਕਾਰ ਕਰੇਂਗਾ, ਤਦ[85] ਤੂੰ ਨੇਕੀਆਂ[87] ਦੇ ਮੇਵੇ[86] ਨੂੰ ਪਾ ਲਵੇਂਗਾ ।

ਜੋ ਨਿੰਦਾ[90] ਦੁਸਟ[91] ਕਰਹਿ ਭਗਤਾ[92] ਕੀ ਹਰਨਾਖਸ ਜਿਉ[93] ਪਚਿ[94] ਜਾਵੈਗੋ ॥੫॥

The villains[91], who slander[90] the saints[92] are wasted away[94] like[93] Har-Nakhsh.

ਬਦਮਾਸ਼[91], ਜੋ ਸਾਧੂਆਂ[92] ਦੀ ਬਦਖੋਈ ਕਰਦੇ[90] ਹਨ ਉਹ ਹਰਨਾਖਸ਼ ਦੀ ਤਰ੍ਹਾਂ[93] ਤਬਾਹ ਹੋ ਜਾਂਦੇ[94] ਹਨ ।

ਬ੍ਰਹਮ ਕਮਲ[95] ਪੁਤੁ[96]

Brahma, the son[96] of Lotus[95] and

ਕੰਵਲ[95] ਦੇ ਪੁਤ੍ਰ[96] ਬਰਮਾ ਅਤੇ ਮੱਛੀ[97] ਦੇ ਪੁਤ੍ਰ ਵਿਆਸ

ਮੀਨ[97] ਬਿਆਸਾ ਤਪੁ[98] ਤਾਪਨ[99] ਪੂਜ[100] ਕਰਾਵੈਗੋ ॥

Vyas, the son of Fish[97], practised[98] austerities[98] and were worshipped[100].

ਨੇ ਤਪੱਸਿਆ[98] ਕੀਤੀ[99] ਅਤੇ ਉਨ੍ਹਾਂ ਦੀ ਮਾਣਤਾ[100] ਹੋਈ ।

ਜੋ ਜੋ[2] ਭਗਤੁ[3] ਹੋਇ ਸੋ[4] ਪੂਜਹੁ[5] ਭਰਮਨ[6] ਭਰਮੁ[7] ਚੁਕਾਵੈਗੋ[8] ॥੬॥

Whosoever[2] is the Lord's slave[3], adore[5], thou, him[4], ridding[8] thyself of illusion[6] and doubt[7].

ਜੋ ਕੋਈ[2] ਭੀ ਪ੍ਰਭੂ ਦਾ ਗੋਲਾ[3] ਹੈ; ਆਪਣਾ ਸੰਦੇਹ[6] ਅਤੇ ਵਹਿਮ[7] ਨਵਿਤਰ[8]ਕਰਕੇ ਤੂੰ ਉਸ[4] ਦੀ ਉਪਾਸ਼ਨਾ[5] ਕਰ ।

ਜਾਤ ਨਜਾਤਿ[9] ਦੇਖਿ ਮਤ[10] ਭਰਮਹੁ[12] ਸੁਕ ਜਨਕ ਪਗੀ[13] ਲਗਿ[14] ਧਿਆਵੈਗੋ[15] ॥

Be thou not[10] misled[12] seeing the high and low caste[9]. Sukhdev, the Brahman, contemplated[15] his Lord repairing[14] to the feet[13] of Janak, the Khashtri.

ਉਚੀ ਅਤੇ ਨੀਵੀਂ ਜਾਤ[9] ਵੇਖ ਕੇ ਤੂੰ ਧੋਖਾ[12] ਨਾ[10] ਖਾ । ਜਨਕ, ਖੱਤਰੀ ਦੇ ਪੈਰੀਂ[13] ਡਿਗ ਕੇ[14], ਸੁਖਦੇਵ ਬ੍ਰਹਮਣ ਨੇ ਆਪਣੇ ਸੁਆਮੀ ਦਾ ਸਿਮਰਨ ਕੀਤਾ[15] ਸੀ ।

ਜੂਠਨ[16] ਜੂਠਿ[17] ਪਈ[18] ਸਿਰ[19] ਊਪਰਿ ਖਿਨੁ[20] ਮਨੂਆ[21] ਤਿਲੁ[22] ਨ ਡੁਲਾਵੈਗੋ[23] ॥੭॥

The left-over[17] of the leafy-plates[16] fell over[18] his head[19], but his mind[21] wavered[23] not even a bit[20] and trice[22].

ਪੱਤਲਾਂ[16] ਦੀ ਜੂਠ ਮੂਠ[17] ਉਸ ਦੇ ਸੀਸ[19] ਉਤੇ ਡਿਗਦੀ ਸੀ, ਪ੍ਰੰਤੂ ਉਸ ਦਾ ਚਿੱਤ[21] ਇਕ ਭੋਰਾ[20] ਤੇ ਰਤੀ[22] ਭਰ ਭੀ ਨਾ ਥਿੜਕਿਆ[23] ?

ਜਨਕ ਜਨਕ ਬੈਠੇ ਸਿੰਘਾਸਨਿ[24] ਨਉ ਮੁਨੀ[25] ਧੂਰਿ[26] ਲੈ[27] ਲਾਵੈਗੋ[28] ॥

King Janak, while sitting on his throne[24], took[27] the dust[26] of the feet of the nine sages[25] and applied[28] it to his forehead.

ਆਪਣੇ ਤਖ਼ਤ[24] ਉਤੇ ਬੈਠੇ ਹੋਏ ਜਨਕ ਨੇ ਨੌਂ ਰਿਸ਼ੀਆਂ[25] ਦੇ ਪੈਰਾਂ ਦੀ ਧੂੜ[26] ਲੈ[27] ਕੇ ਆਪਣੇ ਮਸਤਕ ਨੂੰ ਲਾਈ[23] ।

ਨਾਨਕ ਕ੍ਰਿਪਾ[29] ਕ੍ਰਿਪਾ ਕਰਿ[30] ਠਾਕੁਰ ਮੈ ਦਾਸਨਿ ਦਾਸ[31] ਕਰਾਵੈਗੋ[32] ॥੮॥ ੨॥

O Lord, show[30] Thou mercy[29], and compassion unto Nanak and make[32] him the slave[31] of Thine slaves.

ਹੇ ਪ੍ਰਭੂ ! ਤੂੰ ਨਾਨਕ ਤੇ ਰਹਿਮਤ[29], ਅਤੇ ਕਿਰਪਾ ਧਾਰ[30] ਅਤੇ ਉਸ ਨੂੰ ਆਪਣੇ ਗੋਲਿਆਂ ਦਾ ਗੋਲਾ[31] ਬਣਾ ਲੈ[32] ।

ਕਾਨੜਾ ਮਹਲਾ ੪ ॥

Kanra 4th Guru.

ਕਾਨੜਾ ਚੌਥੀ ਪਾਤਿਸ਼ਾਹੀ ।

ਮਨੁ[33] ਗੁਰਮਤਿ[34] ਰਸਿ[35] ਗੁਨ[36] ਗਾਵੈਗੋ[37] ॥

O my soul[33], by the Guru's instruction[34], sing[37] thou, the praises[36] of thy God with love[35].

ਹੇ ਮੇਰੀ ਜਿੰਦੜੀਏ[33] ! ਗੁਰੂ ਦੇ ਉਪਦੇਸ਼[34] ਦੁਆਰਾ, ਤੂੰ ਆਪਣੇ ਵਾਹਿਗੁਰੂ ਦੀਆਂ ਸਿਫਤਾਂ[36] ਪ੍ਰੇਮ[35] ਨਾਲ ਗਾਇਨ ਕਰ[37] ।

ਜਿਹਵਾ[38] ਏਕ ਹੋਇ ਲਖ ਕੋਟੀ[39] ਲਖ[40] ਕੋਟੀ ਕੋਟਿ[41] ਧਿਆਵੈਗੋ[42] ॥੧॥ਰਹਾਉ॥

May my one tongue[38] become lacs and millions[39]; with these lacs and millions[40] of tongues, I would sing the praises[42] of my Lord a myriad[41] times over. Pause.

ਮੇਰੀ ਇਕ ਜੀਭ[38] ਲਖੂਖਾਂ ਅਤੇ ਕ੍ਰੋੜਾਂ[39] ਹੋ ਜਾਵੇ, ਇਨ੍ਹਾਂ ਲਖੂਖਾਂ ਅਤੇ ਕ੍ਰੋੜਾਂ[40] ਜੀਭਾਂ ਨਾਲ ਮੈਂ ਕ੍ਰੋੜਾਂ[41] ਹੀ ਵਾਰੀ ਆਪਣੇ ਸੁਆਮੀ ਦੀ ਉਸਤਤਿ[42] ਗਾਇਨ ਕਰਾਂਗਾ । ਠਹਿਰਾਉ ।

ਸਹਸ[44] ਫਨੀ[45] ਜਪਿਓ[46] ਸੇਖਨਾਗੋ[47] ਹਰਿ

The serpent King[47] utters[46] the Lord's Name with thousands[44] of his

ਸੱਪਾਂ ਦਾ ਰਾਜਾ[47] ਆਪਣੇ ਹਜ਼ਾਰ[44] ਫਣਾਂ[45] ਨਾਲ ਪ੍ਰਭੂ ਦਾ ਨਾਮ ਉਚਾਰਨ ਕਰਦਾ[46] ਹੈ, ਪ੍ਰੰਤੂ ਐਸ ਤਰ੍ਹਾਂ ਉਚਾਰਨ

ਜਪਤਿਆ ਅੰਤੁ[48] ਨ ਪਾਵੈਗੋ ॥	hoods[45], but by so uttering he can find not the Lord's limit[48].	ਕਰਨ ਦੁਆਰਾ ਉਹ ਪ੍ਰਭੂ ਦੇ ਓੜਕ[48] ਨੂੰ ਨਹੀਂ ਪਾ ਸਕਦਾ ।
ਤੂ ਅਥਾਹੁ[49] ਅਤਿ[50] ਅਗਮੁ[51] ਅਗਮੁ[52] ਹੈ ਮਤਿ[53] ਗੁਰਮਤਿ[54] ਮਨੁ ਠਹਰਾਵੈਗੋ[55] ॥੧॥	Thou. O Lord, art exceedingly[50] Unfathomable[49], Infinite[51] and Inaccessible[52]. It is through the wisdom[53] imparted by the Guru's teaching[54] that the mind is balanced[55].	ਤੂੰ, ਹੇ ਪ੍ਰਭੂ ! ਪਰਮ[50] ਬੇਥਾਹ[49], ਬੇਅੰਤ[51] ਅਤੇ ਅਪੁਜ[52] ਹੈਂ । ਗੁਰਾਂ ਦੇ ਉਪਦੇਸ਼[54] ਦੁਆਰਾ ਪ੍ਰਾਪਤ ਹੋਈ ਹੋਈ ਸਮਝ[53] ਰਾਹੀਂ ਹੀ ਮਨ ਟਿਕਾਉ[55] ਵਿਚ ਆ ਜਾਂਦਾ ਹੈ ।
ਜਿਨ ਤੂ ਜਪਿਓ[56] ਤੇਈ[57] ਜਨ[58] ਨੀਕੇ[59] ਹਰਿ ਜਪਤਿਅਹੁ ਕਉ ਸੁਖੁ[60] ਪਾਵੈਗੋ[61] ॥	They who ponder over[56] Thee, O Lord, sublime[59] are those[57] persons[58]. Whosoever contemplates his God, is blessed with[61] peace[60].	ਜੋ ਤੇਰਾ ਚਿੰਤਨ ਕਰਦੇ[56] ਹਨ, ਹੇ ਸਾਂਈਂ ! ਸ੍ਰੇਸ਼ਟ[59] ਹਨ ਉਹ[57] ਪੁਰਸ਼[58] । ਜੋ ਕੋਈ ਭੀ ਵਾਹਿਗੁਰੂ ਦਾ ਸਿਮਰਨ ਕਰਦਾ ਹੈ ਉਹ ਆਰਾਮ ਚੈਨ[60] ਨੂੰ ਪਾ ਲੈਂਦਾ[61] ਹੈ ।
ਬਿਦਰ ਦਾਸੀ[62] ਸੁਤੁ[63] ਛੋਕ[64] ਛੋਹਰਾ[65] ਕ੍ਰਿਸਨੁ ਅੰਕਿ[66] ਗਲਿ[67] ਲਾਵੈਗੋ[68] ॥ ੨॥	Krishan hugged[68] to his heart[66] and bosom[67] Bidur, an untouchable[64] lad[65], the son[63] of a hand-maiden[62].	ਅਛੂਤ[64] ਛੋਕਰੇ[65], ਨੌਕਰਾਨੀ[62] ਦੇ ਪੁਤ੍ਰ[63], ਬਿਦਰ ਨੂੰ ਕ੍ਰਿਸ਼ਨ ਨੇ ਆਪਣੇ ਦਿਲ[66] ਅਤੇ ਹਿਕ[67] ਨਾਲ ਲਾ ਲਿਆ[68] ।
ਜਲ[69] ਤੇ[70] ਉਪਤਿ[71] ਭਈ ਹੈ ਕਾਸਟ[72] ਕਾਸਟ ਅੰਗਿ[73] ਤਰਾਵੈਗੋ[74] ॥	The wood[62] is produced[71] from[70] water[69], so, taking the side[73] of wood, the water drowns[74] it not.	ਲੱਕੜ[72] ਪਾਣੀ[69] ਤੋਂ[70] ਪੈਦਾ ਹੋਈ[71] ਹੈ ਇਸ ਲਈ ਲੱਕੜ ਦਾ ਪੱਖ[73] ਲੈ, ਪਾਣੀ ਇਸ ਨੂੰ ਡੋਬਦਾ[74] ਨਹੀਂ ।
ਰਾਮ ਜਨਾ[75] ਹਰਿ ਆਪਿ[76] ਸਵਾਰੇ[77] ਅਪਨਾ ਬਿਰਦੁ[78] ਰਖਾਵੈਗੋ[79] ॥੩॥	Of Himself[76], the Lord God embellishes[77] His slaves[75] and upholds[79] His innate nature[78].	ਆਪ[76] ਹੀ ਸਾਂਈਂ, ਹਰੀ ਆਪਣੇ ਗੋਲਿਆਂ[75] ਨੂੰ ਸ਼ਸ਼ੋਭਤ ਕਰਦਾ[77] ਹੈ ਅਤੇ ਆਪਣੇ ਕੁਦਰਤੀ[78] ਸੁਭਾਵ ਨੂੰ ਪੂਰਾ ਕਰਦਾ[79] ਹੈ ।
ਹਮ[80] ਪਾਥਰ[81] ਲੋਹ ਲੋਹ[82] ਬਡ[83] ਪਾਥਰ ਗੁਰ ਸੰਗਤਿ ਨਾਵ[84] ਤਰਾਵੈਗੋ[85] ॥	I[80] am like stone[81] and iron[82], yea, like a heavy[83] stone and iron but, embarking on the boat[84] of the Guru's congregation I am ferried across[85].	ਮੈਂ[80] ਪੱਥਰ[81] ਅਤੇ ਲੋਹੇ[82] ਵਰਗਾ, ਹਾਂ, ਭਾਰੇ[83] ਪੱਥਰ ਅਤੇ ਲੋਹੇ ਵਰਗਾ ਹਾਂ ਪ੍ਰੰਤੂ ਗੁਰਾਂ ਦੀ ਸੰਗਤ ਦੀ ਬੇੜੀ[84] ਤੇ ਚੜ੍ਹ ਕੇ ਮੈਂ ਪਾਰ ਉਤਰ ਗਿਆ[85] ਹਾਂ ।
ਜਿਉ[86] ਸਤਸੰਗਤਿ ਤਰਿਓ[87] ਜੁਲਾਹੋ[88] ਸੰਤ ਜਨਾ[89] ਮਨਿ[90] ਭਾਵੈਗੋ[91] ॥ ੪॥	Just as[86] Kabir, the weaver[08], was emancipated[87] through the saints' society and had become pleasing[91] to the pious persons'[89] mind[90], so shall I be emancipated.	ਜਿਸ ਤਰ੍ਹਾਂ[86] ਸਾਧ ਸੰਗਤ ਰਾਹੀਂ ਕਬੀਰ, ਜੁਲਾਹੇ[88] ਦਾ ਪਾਰ-ਉਤਾਰਾ ਹੋ ਗਿਆ[87] ਸੀ ਅਤੇ ਉਹ ਪਵਿੱਤਰ[89] ਪੁਰਸ਼ਾਂ ਦੇ ਚਿੱਤ[90] ਨੂੰ ਚੰਗਾ[91] ਲਗਣ ਲੱਗ ਗਿਆ ਸੀ, ਓਸੇ ਤਰ੍ਹਾਂ ਹੀ ਮੇਰਾ ਪਾਰ-ਉਤਾਰਾ ਹੋ ਜਾਵੇਗਾ ।
ਖਰੇ ਖਰੋਏ[92] ਬੈਠਤ[93] ਊਠਤ[94] ਮਾਰਗਿ[95] ਪੰਥਿ[96] ਧਿਆਵੈਗੋ[97] ॥	Standing[92], sitting[93], getting up[94] and walking on the road[95] and path[96], meditate[97] I on my Lord.	ਖੜ ਖੜੋਤਾ[92], ਬਹਿੰਦਾ[93], ਉਠਦਾ[94] ਅਤੇ ਰਾਹੇ[95] ਅਤੇ ਰਸਤੇ[96] ਟੁਰਦਾ ਹੋਇਆ, ਮੈਂ ਆਪਣੇ ਸੁਆਮੀ ਦਾ ਸਿਮਰਨ ਕਰਦਾ[97] ਹਾਂ ।

ਸਤਿਗੁਰ ਬਚਨ[98] ਬਚਨ ਹੈ ਸਤਿਗੁਰ ਪਾਧਰੁ[99] ਮੁਕਤਿ[100] ਜਨਾਵੈਗੋ[2] ॥ ੫॥

The True Guru is the word[98] and the word is the True Guru. The holy word shows[2] the way[99] to emancipation[100].

ਸੱਚਾ ਗੁਰੂ ਬਾਣੀ[98] ਹੈ ਅਤੇ ਬਾਣੀ ਹੈ ਸੱਚਾ ਗੁਰੂ। ਬਾਣੀ ਕਲਿਆਣ[100] ਦੇ ਮਾਰਗ[99] ਨੂੰ ਦਰਸਾਉਂਦੀ[2] ਹੈ।

ਸਾਸਨਿ[3] ਸਾਸਿ ਸਾਸਿ[4] ਬਲੁ[5] ਪਾਈ ਹੈ ਨਿਹ ਸਾਸਨਿ[6] ਨਾਮੁ ਧਿਆਵੈਗੋ[7] ॥

Through the Guru's chastisement[3], I have become powerful[5] to contemplate[7] fearlessly[6] the Lord's Name with my every breath[4].

ਗੁਰਾਂ ਦੀ ਤਾੜਨਾ[3] ਰਾਹੀਂ, ਮੈਂ ਆਪਣੇ ਹਰ ਸੁਆਸ[4] ਨਾਲ ਨਿਧੜਕ[6] ਹੋ ਸੁਆਮੀ ਦਾ ਸਿਮਰਨ ਕਰਨ[7] ਲਈ ਬਲਵਾਨ[5] ਹੋ ਗਿਆ ਹਾਂ।

ਗੁਰ ਪਰਸਾਦੀ[8] ਹਉਮੈ[9] ਬੂਝੈ[10] ਤੌ[12] ਗੁਰਮਤਿ[13] ਨਾਮਿ ਸਮਾਵੈਗੋ[14] ॥੬॥

When by the Guru's grace[8], man's ego[9] is stilled[10], then[12], merges[14] he, in the Lord's Name, through the Guru's instruction[13].

ਜਦ ਗੁਰਾਂ ਦੀ ਦਇਆ[8] ਦੁਆਰਾ, ਬੰਦੇ ਦੀ ਹੰਗਤਾ[9] ਨਵਿਰਤ ਹੋ ਜਾਂਦੀ[10] ਹੈ, ਤਦ[12] ਉਹ ਗੁਰਾਂ ਦੇ ਉਪਦੇਸ਼[13] ਰਾਹੀਂ, ਸਾਂਈਂ ਦੇ ਨਾਮ ਅੰਦਰ ਲੀਨ ਹੋ ਜਾਂਦਾ[14] ਹੈ।

੧੩੧੦

ਸਤਿਗੁਰੁ ਦਾਤਾ[15] ਜੀਅ ਜੀਅਨ[16] ਕੋ ਭਾਗਹੀਨ[17] ਨਹੀ ਭਾਵੈਗੋ[18] ॥

The True Guru is the giver[15] of the spiritual life[16], but, the unfortunate ones[17] love[18] him not.

ਸੱਚੇ ਗੁਰਦੇਵ ਜੀ ਰੂਹਾਨੀ ਜ਼ਿੰਦਗੀ[16] ਬਖ਼ਸ਼ਣ ਵਾਲੇ[15] ਹਨ, ਪ੍ਰੰਤੂ ਨਿਕਰਮਣ ਬੰਦੇ[17] ਉਨ੍ਹਾਂ ਨੂੰ ਪਿਆਰ[18] ਨਹੀਂ ਕਰਦੇ।

ਫਿਰਿ[19] ਏਹ ਵੇਲਾ[20] ਹਾਥਿ[21] ਨ ਆਵੈ ਪਰਤਾਪੈ[22] ਪਛੁਤਾਵੈਗੋ[23] ॥ ੭॥

This opportunity[20] shall not come to hand[21] again[19] and in great distress one[22] shall regret[23] in the end.

ਇਹ ਮੌਕਾ[20], ਮੁੜ[19] ਕੇ ਹੱਥ[91] ਨਹੀਂ ਲਗਣਾ ਅਤੇ ਦੁਖੀ ਹੋਇਆ ਹੋਇਆ[22] ਜੀਵ ਅੰਤ ਨੂੰ ਪਸਚਾਤਾਪ[43] ਕਰੇਗਾ।

ਜੇ[24] ਕੋ ਭਲਾ[26] ਲੋੜੈ[27] ਭਲ[28] ਅਪਨਾ ਗੁਰ ਆਗੈ[29] ਢਹਿ ਢਹਿ[30] ਪਾਵੈਗੋ ॥

If[24] some[25] good man[28] seeks[27] good[26] for himself, he should lie prostrate[30] before[29] the Guru.

ਜੇਕਰ[24] ਕੋਈ[25] ਚੰਗਾ ਆਦਮੀ[28] ਆਪਣੀ ਬਿਹਤਰੀ[26] ਚਾਹੁੰਦਾ[27] ਹੈ, ਤਾਂ ਉਸ ਨੂੰ ਗੁਰੂ ਜੀ ਮੂਹਰੇ[29] ਨਿਰੋਲ ਨਿਸਲ[30] ਪੈ ਜਾਣਾ ਚਾਹੀਦਾ ਹੈ।

ਨਾਨਕ ਦਇਆ[21] ਦਇਆ ਕਰਿ[32] ਠਾਕੁਰ[33] ਮੈ ਸਤਿਗੁਰ ਭਸਮ[34] ਲਗਾਵੈਗੋ[45] ॥੮॥੩॥

Says Nanak, O Lord[33], show[32] Thou mercy[31] and compassion unto me, that I may anoint[35] my forehead with the dust[34] of the True Guru's feet.

ਨਾਨਕ ਕਹਿੰਦੇ ਹਨ, ਹੇ ਸੁਆਮੀ[33]! ਤੂੰ ਮੇਰੇ ਉਤੇ ਮਿਹਰ[31] ਅਤੇ ਕਿਰਪਾ ਧਾਰ[32], ਤਾਂ ਜੋ ਮੈਂ ਸੱਚੇ ਗੁਰਾਂ ਦੇ ਪੈਰਾਂ ਦੀ ਧੂੜ[34] ਆਪਣੇ ਮਸਤਕ ਨੂੰ ਲਾ ਲਵਾਂ[35]।

ਕਾਨੜਾ ਮਹਲਾ ੪ ॥

Kanra 4th Guru.

ਕਾਨੜਾ ਚੌਥੀ ਪਾਤਿਸ਼ਾਹੀ।

ਮਨੁ[36] ਹਰਿ ਰੰਗਿ[37] ਰਾਤਾ[38] ਗਾਵੈਗੋ[39] ॥

Imbued[38] with God's love[37], my soul[36] sings[39] His praise.

ਹਰੀ ਦੀ ਪ੍ਰੀਤ[37] ਨਾਲ ਰੰਗੀ ਹੋਈ[38], ਮੇਰੀ ਜਿੰਦੜੀ[36] ਉਸ ਦਾ ਜੱਸ ਗਾਉਂਦੀ[39] ਹੈ।

ਭੈ[40] ਭੈ[41] ਤ੍ਰਾਸ[42] ਭਏ[47] ਹੈ ਨਿਰਮਲ[46] ਗੁਰਮਤਿ[43] ਲਾਗਿ[44] ਲਗਾਵੈਗੋ[45] ॥ ੧॥ਰਹਾਉ॥

Through the Lord's fear[42] and adopting[45] the mordant[44] of the Guru's instruction[43], I am rid of other fears[40] and dreads[41] and am rendered[47] immaculate[46]. Pause.

ਪ੍ਰਭੂ ਦੇ ਭੈ[42] ਰਾਹੀਂ ਅਤੇ ਗੁਰਾਂ ਦੇ ਉਪਦੇਸ਼[43] ਦੀ ਪਾਹ[44] ਲਾ[45] ਕੇ, ਮੈਂ ਹੋਰਨਾਂ ਡਰ[40] ਅਤੇ ਤੌਖਲਿਆਂ[41] ਤੋਂ ਖ਼ਲਾਸੀ ਪਾ, ਪਾਵਨ ਪਵਿੱਤਰ[46] ਹੋ ਗਿਆ[47] ਹਾਂ। ਠਹਿਰਾਉ।

ਹਰਿ ਰੰਗਿ[48] ਰਾਤਾ[49] ਸਦ[50] ਬੈਰਾਗੀ[51] ਹਰਿ ਨਿਕਟਿ[52] ਤਿਨਾ[53] ਘਰਿ[54] ਆਵੈਗੋ ॥

He, who is imbued with[49] the Lord's love[48], remains ever[50] detached[51] and abides near[52] God; Yea, the Lord cometh into his[53] home[54].

ਜੋ ਪ੍ਰਭੂ ਦੇ ਪ੍ਰੇਮ[48] ਨਾਲ ਰੰਗੀਜਿਆ[49] ਹੈ, ਉਹ ਸਦੀਵ[50] ਹੀ ਨਿਰਲੇਪ[51] ਰਹਿੰਦਾ ਅਤੇ ਰੱਬ ਦੇ ਨੇੜੇ[52] ਵਸਦਾ ਹੈ। ਪ੍ਰਭੂ ਉਸ[53] ਦੇ ਧਾਮ[54] ਅੰਦਰ ਆ ਜਾਂਦਾ ਹੈ।

ਤਿਨ[55] ਕੀ ਪੰਕ[62] ਮਿਲੈ[56] ਤਾਂ[57] ਜੀਵਾ ਕਰਿ[58] ਕਿਰਪਾ[59] ਆਪਿ[60] ਦਿਵਾਵੈਗੋ[61] ॥੧॥

If I am blessed[56] with the dust[62] of their[55] feet, then[57] alone can I live. Showering[58] His benediction[59], the Lord, of Himself[63], blesses[61] me with it.

ਜੇਕਰ ਮੈਨੂੰ ਉਨ੍ਹਾਂ[55] ਦੇ ਪੈਰਾਂ ਦੀ ਖ਼ਾਕ[62] ਪ੍ਰਾਪਤ ਹੋ[56] ਜਾਵੇ, ਕੇਵਲ ਤਦ[57] ਹੀ ਮੈਂ ਜੀਉ ਸਕਦਾ ਹਾਂ। ਆਪਣੀ ਰਹਿਮਤ[59] ਧਾਰ[58] ਪ੍ਰਭੂ, ਖ਼ੁਦ[60] ਹੀ, ਮੈਨੂੰ ਇਸ ਦੀ ਦਾਤ ਦਿੰਦਾ[61] ਹੈ।

ਦੁਬਿਧਾ[63] ਲੋਭਿ[64] ਲਗੇ[65] ਹੈ ਪ੍ਰਾਣੀ[66] ਮਨਿ ਕੋਰੈ[67] ਰੰਗੁ[68] ਨ ਆਵੈਗੋ[69] ॥

The mortals[66] are attached[65] to duality[63] and avarice[64]. Their uncultured[67] mind takes[69] not the Lord's colour[68].

ਫਾਨੀ ਬੰਦੇ[66] ਦਵੈਤ-ਭਾਵ[63] ਅਤੇ ਲਾਲਚ[64] ਨਾਲ ਚਿਮੜੇ[65] ਹੋਏ ਹਨ। ਉਨ੍ਹਾਂ ਦੇ ਪਾਹ-ਰਹਿਤ[67] ਮਨੂਏ ਨੂੰ ਪ੍ਰਭੂ ਦੀ ਰੰਗਤ[68] ਨਹੀਂ ਚੜ੍ਹਦੀ[69]।

ਫਿਰਿ[70] ਉਲਟਿਓ[71] ਜਨਮੁ[72] ਹੋਵੈ ਗੁਰਬਚਨੀ[73] ਗੁਰ ਪੁਰਖੁ[74] ਮਿਲੈ ਰੰਗੁ[75] ਲਾਵੈਗੋ[76] ॥੨॥

By the Guru's instruction[73], man's way of life[72] is changed[71] and[70] meeting with the Omnipotent[74] Guru, he is imbued[76] with the Lord's love[75].

ਗੁਰਾਂ ਦੇ ਉਪਦੇਸ਼[73] ਦੁਆਰਾ, ਬੰਦੇ ਦੀ ਜੀਵਨ[72] ਰਹੁ-ਰੀਤੀ ਤਬਦੀਲ ਹੋ ਜਾਂਦੀ[71] ਹੈ[70] ਅਤੇ ਸਰਬ-ਸ਼ਕਤੀ-ਵਾਨ[71] ਗੁਰਾਂ ਨਾਲ ਮਿਲ, ਉਹ ਪ੍ਰਭੂ ਦੇ ਪ੍ਰੇਮ[75] ਨਾਲ ਰੰਗਿਆ ਜਾਂਦਾ[76] ਹੈ।

ਇੰਦ੍ਰੀ[77] ਦਸੇ ਦਸੇ[78] ਫੁਨਿ ਧਾਵਤ[79] ਤ੍ਰੈ[80] ਗੁਣੀਆ[81] ਖਿਨੁ[82] ਨ ਟਿਕਾਵੈਗੋ[83] ॥

There are ten organs[77] and all the ten[78] continue wandering[79] and, the mind of three[80] qualities[81], too, remains not stable[85] even for a moment[82].

ਦਸ ਅੰਗ[77] ਹਨ ਅਤੇ ਦਸੇ[78] ਹੀ ਭਟਕਦੇ[79] ਰਹਿੰਦੇ ਹਨ ਅਤੇ ਤਿੰਨਾਂ[80] ਲੱਛਣਾਂ[81] ਵਾਲਾ ਮਨ ਇਕ ਮੁਹਤ[82] ਭਰ ਲਈ ਭੀ, ਅਸਥਿਰ[83] ਨਹੀਂ ਰਹਿੰਦਾ।

ਸਤਿਗੁਰ ਪਰਚੈ[84] ਵਸਗਤਿ[85] ਆਵੈ ਮੋਖ[86] ਮੁਕਤਿ[87] ਸੋ[88] ਪਾਵੈਗੋ ॥੩॥

Pleasing[84] the True Guru, man overpowers[85] them and he[88] then, attains deliverance[86] and emancipation[87].

ਸੱਚੇ ਗੁਰਾਂ ਨੂੰ ਪ੍ਰਸੰਨ[84] ਕਰਨ ਦੁਆਰਾ, ਬੰਦਾ ਉਨ੍ਹਾਂ ਤੇ ਕਾਬੂ[85] ਪਾ ਲੈਂਦਾ ਹੈ ਅਤੇ ਤਦ ਉਹ[88] ਕਲਿਆਣ[86] ਤੇ ਗਤੀ[87] ਨੂੰ ਪ੍ਰਾਪਤ ਹੋ ਜਾਂਦਾ ਹੈ।

ਓਅੰਕਾਰਿ[89] ਏਕੋ[90] ਰਵਿ[91] ਰਹਿਆ ਸਭੁ[92] ਏਕਸ[93] ਮਾਹਿ[94] ਸਮਾਵੈਗੋ[95] ॥

The One Lord[89] alone[90] is pervading[91] all over and everything[92] shall merge[95] in[94] the One Lord[93] ultimately.

ਕੇਵਲ[90] ਇਕ ਸੁਆਮੀ[89] ਹੀ ਸਾਰੀ ਥਾਈਂ ਵਿਆਪਕ[91] ਹੋ ਰਿਹਾ ਹੈ, ਅਤੇ ਹਰ ਸ਼ੈ[92] ਅੰਤ ਨੂੰ ਇਕ ਸੁਆਮੀ[93] ਵਿਚ[94] ਹੀ ਲੀਨ ਹੋ ਜਾਊਗੀ[95]।

ਏਕੋ ਰੂਪੁ[96] ਏਕੋ ਬਹੁ[97] ਰੰਗੀ[98] ਸਭੁ ਏਕਤੁ[99] ਬਚਨਿ[100] ਚਲਾਵੈਗੋ[2] ॥੪॥

The Lord of one form[96], has become manifest in many[97] forms[86], and He drives[2] all in His own[99] command[100].

ਇਕ ਸਰੂਪ[96] ਵਾਲਾ ਸੁਆਮੀ ਅਨੇਕਾਂ[97] ਸਰੂਪਾਂ[98] ਵਿਚ ਪ੍ਰਗਟ ਹੋਇਆ ਹੋਇਆ ਹੈ ਅਤੇ ਸਾਰਿਆਂ ਨੂੰ ਉਹ ਆਪਣੇ ਇਕ[99] ਹੁਕਮ[100] ਅੰਦਰ ਚਲਾਉਂਦਾ[2] ਹੈ।

ਗੁਰਮੁਖਿ[3] ਏਕੋ ਏਕੁ[4] ਪਛਾਤਾ[5] ਗੁਰਮੁਖਿ[6] ਹੋਇ ਲਖਾਵੈਗੋ[7] ॥

The Guru-ward[3] realises[5] but One God[4] and by the Guru's grace[6], he realises[7] the One alone.

ਗੁਰੂ-ਅਨੁਸਾਰੀ[3] ਕੇਵਲ ਇਕ[4] ਵਾਹਿਗੁਰੂ ਨੂੰ ਹੀ ਅਨੁਭਵ ਕਰਦਾ[5] ਹੈ ਤੇ ਗੁਰਾਂ ਦੀ ਦਇਆ[6] ਦੁਆਰਾ, ਉਹ ਕੇਵਲ ਇਕ ਨੂੰ ਹੀ ਜਾਣਦਾ[7] ਹੈ?

ਗੁਰਮੁਖਿ ਜਾਇ ਮਿਲੈ ਨਿਜ[8] ਮਹਲੀ[9] ਅਨਹਦ ਸਬਦੁ[10] ਬਜਾਵੈਗੋ[12] ॥੫॥

The pious person goes and meets the Lord in His[8] mansion[9] and then, for him, rings[12] the celestial strain[10].

ਪਵਿੱਤਰ ਪੁਰਸ਼ ਉਸ[8] ਦੇ ਮੰਦਰ[9] ਵਿਚ ਜਾ ਕੇ ਸੁਆਮੀ ਨੂੰ ਮਿਲ ਪੈਂਦਾ ਹੈ ਅਤੇ ਫਿਰ ਉਸ ਦੇ ਲਈ ਬੈਕੁੰਠੀ ਕੀਰਤਨ[10] ਗੂੰਜਦਾ[12] ਹੈ ।

ਜੀਅ ਜੰਤ[13] ਸਭ[14] ਸ੍ਰਿਸਟਿ[15] ਉਪਾਈ[16] ਗੁਰਮੁਖਿ[17] ਸੋਭਾ[18] ਪਾਵੈਗੋ[19] ॥

The Lord has created[16] all[14] the creatures[13] and the world[15], but it is only through the Guru[17] that one is blessed with[19] glory[18].

ਸੁਆਮੀ ਨੇ ਸਮੂਹ[14] ਜੀਵ[13] ਜੰਤੂ ਅਤੇ ਸੰਸਾਰ[15] ਰਚਿਆ[16] ਹੈ, ਪ੍ਰੰਤੂ ਕੇਵਲ ਗੁਰਾਂ ਦੇ ਰਾਹੀਂ[17] ਹੀ, ਇਨਸਾਨ ਨੂੰ ਪ੍ਰਭਤਾ[18] ਪ੍ਰਾਪਤ ਹੁੰਦੀ[19] ਹੈ ।

ਬਿਨੁ ਗੁਰ ਭੇਟੇ[20] ਕੋ ਮਹਲੁ[21] ਨ ਪਾਵੈ ਆਇ[22] ਜਾਇ[23] ਦੁਖੁ[24] ਪਾਵੈਗੋ[25] ॥ ੬॥

Without meeting[20] with the Guru, one attains not the Lord's presence[21] and suffers[25] pain[24] in coming[22] and going[23].

ਗੁਰਾਂ ਨਾਲ ਮਿਲਣ[20] ਦੇ ਬਗੈਰ, ਇਨਸਾਨ ਨੂੰ ਪ੍ਰਭੂ ਦੀ ਹਜ਼ੂਰੀ[21] ਪ੍ਰਾਪਤ ਨਹੀਂ ਹੁੰਦੀ ਅਤੇ ਆਉਣ[22] ਤੇ ਜਾਣ[23] ਅੰਦਰ ਉਹ ਤਕਲੀਫ਼[24] ਉਠਾਉਂਦਾ[25] ਰਹਿੰਦਾ ਹੈ ।

ਅਨੇਕ[26] ਜਨਮ ਵਿਛੁੜੇ ਮੇਰੇ ਪ੍ਰੀਤਮ[27] ਕਰਿ[28] ਕਿਰਪਾ[29] ਗੁਰੂ ਮਿਲਾਵੈਗੋ ॥

Since many[26] births, I am separated from my Beloved[27] Lord. Showing[28] mercy[29], the Guru shall unite me with Him.

ਅਣਗਿਣਤ[26] ਜਨਮਾਂ ਤੋਂ ਮੈਂ ਆਪਣੇ ਪਿਆਰੇ[27] ਨਾਲੋਂ ਵਿਛੜਿਆ ਹੋਇਆ ਹਾਂ । ਮਿਹਰ[29] ਧਾਰ ਕੇ[28], ਗੁਰੂ ਜੀ ਮੈਨੂੰ ਉਸ ਨਾਲ ਮਿਲਾ ਦੇਣਗੇ ।

ਸਤਿਗੁਰ ਮਿਲਤ ਮਹਾ[30] ਸੁਖੁ[31] ਪਾਇਆ ਮਤਿ[32] ਮਲੀਨ[33] ਬਿਗਸਾਵੈਗੋ[34] ॥ ੭॥

Meeting with the True Guru, I have obtained supreme[30] bliss[31] and my soiled[33] mind[32] has blossomed[34].

ਸੱਚੇ ਗੁਰਾਂ ਨਾਲ ਮਿਲ ਕੇ, ਮੈਨੂੰ ਪਰਮ[30] ਅਨੰਦ[31] ਪ੍ਰਾਪਤ ਹੋ ਗਿਆ ਹੈ ਅਤੇ ਮੇਰਾ ਪਲੀਤ[33] ਮਨੂਆ[32] ਪ੍ਰਫੁਲਤ ਹੋ ਗਿਆ[34] ਹੈ ।

ਹਰਿ ਹਰਿ[35] ਕ੍ਰਿਪਾ[36] ਕਰਹੁ[37] [38]ਜਗਜੀਵਨ[39] ਮੈ ਸਰਧਾ[40] ਨਾਮਿ ਲਗਾਵੈਗੋ[41] ॥

O Lord Master[35], the life[39] of the world[38], show[37] Thou mercy[38] unto me and instil[41] faith[40] in me in Thy Name.

ਹੇ ਸੁਆਮੀ ਮਾਲਕ[35] ! ਜਗਤ[38] ਦੀ ਜਿੰਦਜਾਨ[39] ! ਤੂੰ ਮੇਰੇ ਉਤੇ ਮਿਹਰ[36] ਧਾਰ[37] ਅਤੇ ਮੇਰੇ ਅੰਦਰ ਆਪਣੇ ਨਾਮ ਵਿਚ ਭਰੋਸਾ[40] ਪੈਦਾ ਕਰ[41] ।

ਨਾਨਕ ਗੁਰੂ[42] ਗੁਰੂ[43] ਹੈ ਸਤਿਗੁਰੁ ਮੈ ਸਤਿਗੁਰੁ ਸਰਨਿ[44] ਮਿਲਾਵੈਗੋ[45] ॥ ੮॥੪॥

O Nanak, the Great[42] God[43] is the True Guru and in the refuge[44] of the True Guru, I shall ever abide[45].

ਹੇ ਨਾਨਕ ! ਵਿਸ਼ਾਲ[42] ਵਾਹਿਗੁਰੂ[43] ਹੀ ਸੱਚਾ ਗੁਰੂ ਹੈ ਅਤੇ ਸੱਚੇ ਗੁਰਾਂ ਦੀ ਸ਼ਰਣਾਗਤ[44] ਅੰਦਰ ਹੀ ਮੈਂ ਹਮੇਸ਼ਾ ਵਸਾਂਗਾ[45] ।

ਕਾਨੜਾ ਮਹਲਾ ੪ ॥

Kanra 4th Guru.

ਕਾਨੜਾ ਚੌਥੀ ਪਾਤਿਸ਼ਾਹੀ ।

ਮਨ[46] ਗੁਰਮਤਿ[47] ਚਾਲ[48] ਚਲਾਵੈਗੋ[49] ॥

O my soul[46], walk[49] thou on the path[48], which is in accordance with the instructions[47] of the Guru.

ਹੇ ਬੰਦੇ[46] ! ਤੂੰ ਉਸ ਮਾਰਗ[48] ਤੁਰ[49] ਜੋ ਗੁਰਾਂ ਦੇ ਉਪਦੇਸ਼[47] ਦੇ ਅਨੁਸਾਰ ਹੈ ।

ਜਿਉ[50] ਮੈਗਲੁ[51] ਮਸਤੁ[52] ਦੀਜੈ[53] ਤਲਿ[54] ਕੁੰਡੇ ਗੁਰ ਅੰਕਸੁ[55] ਸਬਦੁ[56] ਦ੍ਰਿੜਾਵੈਗੋ[57] ॥੧॥ਰਹਾਉ॥

As[50] the wild[52] elephant[51], subjected[53] to[54] an iron-goad, is subdued, so is the mind disciplined[57] with the goad[55] of the Guru's teachings[56]. Pause.

ਜਿਸ ਤਰ੍ਹਾਂ[50] ਮਤਵਾਲਾ[52] ਹਾਥੀ[51] ਲੋਹੇ ਦੇ ਕੁੰਡੇ ਹੇਠਾਂ[54] ਦਿੱਤਾ ਹੋਇਆ[53] ਕਾਬੂ ਆ ਜਾਂਦਾ ਹੈ, ਏਸੇ ਤਰ੍ਹਾਂ ਹੀ ਗੁਰਾਂ ਦੇ ਉਪਦੇਸ਼[56] ਦੇ ਕੁੰਡੇ[55] ਨਾਲ ਮਨ ਨਿਯਮ-ਅਨੁਸਾਰ ਕਰ ਲਿਆ ਜਾਂਦਾ[57] ਹੈ । ਠਹਿਰਾਉ ।

ਚਲਤੋ[58] ਚਲੈ[59] ਚਲੈ[60] ਦਹ ਦਹ[61] ਦਿਸਿ[62] ਗੁਰੁ ਰਾਖੈ[63] ਹਰਿ ਲਿਵਲਾਵੈਗੋ[64]॥	The mercurial mind[58] roams[59] and rambles[60] in ten[61],yea, ten directions[62], but, disciplined[63] by the Guru, it is attuned to the Lord[64].	ਚਲਾਇਮਾਨ ਮਨੂਆ[58] ਦਸੀਂ[61], ਹਾ, ਦਸੀਂ ਪਾਸੀਂ[62] ਭੌਂਦਾ[59] ਅਤੇ ਭਟਕਦਾ[60] ਹੈ ਪ੍ਰੰਤੂ ਗੁਰਾਂ ਦੀ ਰਖਿਆ[63] ਦੁਆਰਾ ਇਸ ਦੀ ਪ੍ਰਭੂ ਨਾਲ ਪ੍ਰੀਤ ਪੈ ਜਾਂਦੀ[64] ਹੈ।
ਸਤਿਗੁਰੁ ਸਬਦੁ[65] ਦੇਇ[66] ਰਿਦ[67] ਅੰਤਰਿ[68] ਮੁਖਿ ਅੰਮ੍ਰਿਤੁ[69] ਨਾਮੁ ਚੁਆਵੈਗੋ[70] ॥੧॥	The True Guru installs[66] the holy word[65] in[68] the man's mind[67] and the Name-Nectar trickles[70]into his mouth.	ਸੱਚੇ ਗੁਰਦੇਵ ਜੀ ਗੁਰਸ਼ਬਦ[65] ਮਨੁਸ਼ ਦੇ ਮਨ[67] ਵਿਚ[68] ਅਸਥਾਪਨ ਕਰ ਦਿੰਦੇ[66] ਹਨ ਅਤੇ ਸੁਧਾ ਸਰੂਪ[69] ਨਾਮ-ਅੰਮ੍ਰਿਤ ਉਸ ਦੇ ਮੂੰਹ ਵਿਚ ਟਪਕਦਾ[70] ਹੈ।
ਬਿਸੀਅਰ[71] ਬਿਸੂ[72] ਭਰੇ[73] ਹੈ ਪੂਰਨ[74] ਗੁਰੁ ਗਰੁੜ[75] ਸਬਦੁ[76] ਮੁਖਿ ਪਾਵੈਗੋ[77] ॥	Man is [74]fullyfilled[73] with the serpent-like[71] poison[72] of sins but, the antidote[75] of the Guru's word[76] swallows[77] them all.	ਆਦਮੀ ਪਾਪਾਂ ਦੀ ਸਰਪਵਰਗੀ[71] ਜ਼ਹਿਰ[72] ਨਾਲ ਪੂਰੀ ਤਰ੍ਹਾਂ[74] ਭਰਿਆ ਹੋਇਆ[73] ਹੈ ਪ੍ਰੰਤੂ ਗੁਰਾਂ ਦੇ ਉਪਦੇਸ਼[76] ਦਾ ਜ਼ਹਿਰ ਮੁਹਰਾ[75] ਉਨ੍ਹਾਂ ਸਾਰਿਆਂ ਨੂੰ ਖਾ ਜਾਂਦਾ[77]ਹੈ।
ਮਾਇਆ[78] ਭੁਇਅੰਗੁ[79] ਤਿਸੁ[80] ਨੇੜਿ[81] ਨ ਆਵੈ ਬਿਖੁ[82] ਝਾਰਿ ਝਾਰਿ[83] ਲਿਵ ਲਾਵੈਗੋ[84] ॥੨॥	The snake[79] of mammon[78] draws not near[81] him[82] who is rid of[83] the poison[82] of sins and is attuned to[84] the Lord.	ਮੋਹਣੀ[78] ਦਾ ਸਰੂਪ[79] ਉਸ[80] ਦੇ ਨੇੜੇ[81] ਨਹੀਂ ਲਗਦਾ ਜੋ ਪਾਪਾਂ ਦੀ ਜ਼ਹਿਰ[82] ਤੋਂ ਸੱਖਣਾ[83] ਹੈ ਅਤੇ ਜਿਸ ਦੀ ਪ੍ਰਭੂ ਨਾਲ ਪਿਰਹੜੀ ਪਈ ਹੋਈ[84] ਹੈ।
ਮੁਆਨੁ[85] ਲੋਭੁ[86] ਨਗਰ[87] ਮਹਿ[88] ਸਬਲਾ[89] ਗੁਰੁ ਖਿਨ[91] ਮਹਿ ਮਾਰਿ[93] ਕਢਾਵੈਗੋ[94] ॥	The dog[85] of avarice[86] is very powei-full[89] in[88] the body abode[87], but the G uru smites[93] and expels[94] it in a moment[91].	ਲਾਲਚ[86] ਦਾ ਕੁੱਤਾ[85] ਦੇਹ ਦੇ ਪਿੰਡ[77] ਵਿਚ[89] ਬੜਾ ਬਲਵਾਨ[89] ਹੈ, ਪ੍ਰੰਤੂ ਇਕ ਮੁਹਤ[91] ਵਿਚ ਗੁਰੂ ਜੀ ਇਸ ਨੂੰ ਮਾਰ ਕੁਟ[83] ਕੇ ਬਾਹਰ ਕੱਢ ਦਿੰਦੇ[94] ਹਨ।
ਸਤੁ[95] ਸੰਤੋਖੁ[96] ਧਰਮੁ[97] ਆਨਿ ਰਾਖੈ[98] ਹਰਿ ਨਗਰੀ[99] ਹਰਿ ਗੁਨ[100] ਗਾਵੈਗੋ[2] ॥੩॥	Truth[95], contentment[96] and faith[97], the Guru enshrines[98] in the body abode[99] and then man sings[2] the Lord God's praises[100].	ਸੱਚ[95], ਸੰਤੁਸ਼ਟਤਾ[96] ਅਤੇ ਈਮਾਨ[97], ਗੁਰੂ ਜੀ, ਦੇਹ ਦੇ ਪਿੰਡ[99] ਵਿਚ ਅਸਥਾਪਨ ਕਰ ਦਿੰਦੇ[98] ਹਨ ਅਤੇ ਤਦ ਜੀਵ ਸਾਂਈਂ ਹਰੀ ਦੀਆਂ ਸਿਫਤਾਂ[100] ਗਾਇਨ ਕਰਦਾ[2] ਹੈ।
੧੩੧੧		
ਪੰਕਜ[3] ਮੋਹ[4] ਨਿਘਰਤੁ[5] ਹੈ ਪ੍ਰਾਨੀ[6] ਗੁਰੁ ਨਿਘਰਤ ਕਾਢਿ ਕਢਾਵੈਗੋ[7] ॥	The mortal[6] is sinking[5] in the mire[5] of worldly love[4] and the Guru saves[7] him from sinking.	ਫ਼ਾਨੀ ਬੰਦਾ[6] ਸੰਸਾਰੀ ਮਮਤਾ[4] ਦੇ ਚਿੱਕੜ[3] ਅੰਦਰ ਗਰਕ ਹੁੰਦਾ ਜਾ[5] ਰਿਹਾ ਹੈ ਅਤੇ ਗੁਰੂ ਜੀ ਉਸ ਨੂੰ ਗਰਕ ਹੋਣ ਤੋਂ ਬਚਾਅ ਲੈਂਦੇ[7] ਹਨ।
ਤ੍ਰਾਹਿ[8] ਤ੍ਰਾਹਿ ਸਰਨਿ[9] ਜਨ[10] ਆਏ ਗੁਰੁ ਹਾਥੀ[12] ਦੇ[13] ਨਿਕਲਾਵੈਗੋ[14] ॥੪॥	When man[10] repeating "Save[8] me, seve me" comes into the Guru's refuge[9], the Guru extends[13] his hand[12] and pulls[14] him out.	ਜਦ ਆਦਮੀ[10] "ਮੇਰੀ ਰੱਖਿਆ[8] ਕਰੋ, ਮੇਰੀ ਰੱਖਿਆ ਕਰੋ" ਕਹਿੰਦਾ ਹੋਇਆ ਗੁਰਾਂ ਦੀ ਸ਼ਰਣਾਗਤ[9] ਆਉਂਦਾ ਹੈ, ਤਾਂ ਗੁਰੂ ਜੀ ਆਪਣਾ ਹੱਥ[12] ਦੇ ਕੇ[13] ਉਸ ਨੂੰ ਬਾਹਰ ਕੱਢ ਲੈਂਦੇ[14] ਹਨ।
ਸੁਪਨੰਤਰੁ[15] ਸੰਸਾਰੁ[16] ਸਭੁ ਬਾਜੀ[17] ਸਭੁ ਬਾਜੀ ਖੇਲੁ[18]	The whole world[16] is like the game[17] of a dream[15]. The Lord, of Himself,	ਸਾਰਾ ਜਹਾਨ[16] ਸੁਫਨੇ[15] ਦੀ ਖੇਡ[17] ਦੀ ਮਾਨੰਦ ਹੈ। ਸੁਆਮੀ ਸਾਰੀ ਖੇਡ ਅਤੇ ਲੀਲ੍ਹਾ[18] ਨੂੰ ਖ਼ੁਦ ਹੀ

ਖਿਲਾਵੈਗੋ[19] ॥

ਲਾਹਾ[20] ਨਾਮੁ ਗੁਰਮਤਿ[21] ਲੈ[22] ਚਾਲਹੁ[23] ਹਰਿ ਦਰਗਹ[24] ਪੈਧਾ[25] ਜਾਵੈਗੋ[26] ॥੫॥

ਹਉਮੈ[27] ਕਰੈ[28] ਕਰਾਵੈ ਹਉਮੈ ਪਾਪ[29] ਕੋਇਲੇ[30] ਆਨਿ[31] ਜਮਾਵੈਗੋ[32] ॥

ਆਇਆ ਕਾਲੁ[33] ਦੁਖਦਾਈ[34] ਹੋਏ ਜੋ[35] ਬੀਜੇ[36] ਸੋ[37] ਖਵਲਾਵੈਗੋ[38]॥ ੬॥

ਸੰਤਹੁ ਰਾਮ ਨਾਮੁ ਧਨੁ[39] ਸੰਚਹੁ[40] ਲੈ[41] ਖਰਚੁ[42] ਚਲੇ[43] ਪਤਿ[44] ਪਾਵੈਗੋ ॥

ਖਾਇ[45] ਖਰਚਿ[46] ਦੇਵਹਿ[47] ਬਹੁਤੇਰਾ[48] ਹਰਿ ਦੇਦੇ[49] ਤੋਟਿ[50] ਨ ਆਵੈਗੋ ॥੭॥

ਰਾਮ ਨਾਮ ਧਨੁ[51] ਹੈ ਰਿਦ[52] ਅੰਤਰਿ[53] ਧਨੁ ਗੁਰ ਸਰਣਾਈ[54] ਪਾਵੈਗੋ[55] ॥

ਨਾਨਕ ਦਇਆ[56] ਦਇਆ ਕਰਿ[57] ਦੀਨੀ[62] ਦੁਖੁ[58] ਦਾਲਦੁ[59] ਭੰਜਿ[60] ਸਮਾਵੈਗੋ[61] ॥੮॥੫॥

ਕਾਨੜਾ ਮਹਲਾ ੪ ॥

ਮਨੁ[63] ਸਤਿਗੁਰ ਸਰਨਿ[64] ਧਿਆਵੈਗੋ[65] ॥

causes the whole game and play[18] to be played[19].

If man departs, reaping[22] the Name's profit[20] under the Guru's instruction[21], he goes[26] to the Lord's court[24] robed[25] with glory.

In ego[27] man acts[28], in ego he makes others act and thus brings[31] and amasses[32] he, the blackness[30] of sins[29] in ego.

When death[33] comes, he suffers pain because the man must eat[38] that[37], what[35] he had sown[36].

O saints, amass[40] the wealth[39] of the Lord's Name; if ye depart[43] by taking[41] this viaticum[42], ye shall obtain honour[44].

Eat[45], expend[46] and bestow[47] it abundantly[48] and God will so give[49] ye, that there shall be no deficiency[50].

The wealth[51] of the Lord's Name is within[53] the mind[52]. Seeking the Guru's refuge[54], ye shall obtain[55] this wealth.

Nanak, showing[52] His mercy[56] and compassion, the Lord has blest[62] me with this wealth and removing[60] my misery[58] and poverty[59] has blended[61] me with Himself.

Kanra 4th Guru.

O my soul[63], enter thou into the sanctuary[64] of the True Guru and meditate[65] on thy Lord.

ਖਿਡਾਉਂਦਾ[19] ਹੈ ।

ਜੇਕਰ ਬੰਦਾ ਗੁਰਾਂ ਦੇ ਉਪਦੇਸ਼[21] ਤਾਬੇ ਨਾਮ ਦਾ ਮੁਨਾਫਾ[20] ਕਮਾ ਕੇ[22] ਕੂਚ ਕਰੇ[23] ਤਦ ਉਹ ਪ੍ਰਭਤਾ ਦੀ ਪੁਸ਼ਾਕ[25] ਪਾ ਕੇ ਪ੍ਰਭੂ ਦੇ ਦਰਬਾਰ[24] ਨੂੰ ਜਾਂਦਾ[26] ਹੈ ।

ਹੰਕਾਰ[27] ਅੰਦਰ ਬੰਦਾ ਕੰਮ ਕਰਦਾ[28] ਹੈ, ਹੰਕਾਰ ਅੰਦਰ ਹੀ ਉਹ ਹੋਰਨਾਂ ਤੋਂ ਕਰਾਉਂਦਾ ਹੈ ਤੇ ਹੰਕਾਰ ਅੰਦਰ ਹੀ ਉਹ ਗੁਨਾਹ[29] ਦੀ ਕਾਲਕ[30] ਨੂੰ ਲਿਆਉਂਦਾ[31] ਅਤੇ ਜਮ੍ਹਾਂ ਕਰਦਾ[32] ਹੈ ।

ਜਦ ਮੌਤ[33] ਆ ਜਾਂਦੀ ਹੈ, ਉਸ ਨੂੰ ਤਕਲੀਫ਼[34] ਹੁੰਦੀ ਹੈ ਕਿਉਂਕਿ ਬੰਦੇ ਨੂੰ ਉਹ ਕੁਛ[37] ਖਾਣਾ[38] ਪੈਂਦਾ ਹੈ ਜਿਹੜਾ[35] ਉਸ ਨੇ ਬੀਜਿਆ[36] ਹੁੰਦਾ ਹੈ ?

ਹੇ ਸਾਧੂਓ ! ਤੁਸੀਂ ਪ੍ਰਭੂ ਦੇ ਨਾਮ ਦੀ ਦੌਲਤ[39] ਇਕੱਤਰ[40] ਕਰੋ । ਜੇਕਰ ਤੁਸੀਂ ਇਹ ਸਫ਼ਰ-ਖਰਚ[42] ਲੈ ਕੇ[41] ਟੁਰੋਗੇ[43] ਤਾਂ ਤੁਸੀ ਇਜ਼ਤ ਆਬਰੂ[44] ਪਾਉਗੇ ।

ਇਸ ਨੂੰ ਤੁਸੀਂ ਖੁਲ੍ਹੇ ਦਿਲ[48] ਨਾਲ ਖਾਓ[45], ਖਰਚੋ[46] ਅਤੇ ਦਾਨ ਵਿਚ ਦਿਓ[47] ਅਤੇ ਵਾਹਿਗੁਰੂ ਤੁਹਾਨੂੰ ਇਸ ਤਰ੍ਹਾਂ ਦੇਵੇਗਾ[49] ਕਿ ਤੁਹਾਨੂੰ ਕੋਈ ਕਮੀ[50] ਨਹੀਂ ਵਾਪਰੇਗੀ । ਸਾਂਈਂ ਦੇ ਨਾਮ ਦੀ ਦੌਲਤ[51] ਹਿਰਦੇ[52] ਅੰਦਰ[53] ਹੈ । ਗੁਰਾਂ ਦੀ ਸ਼ਰਣਾਗਤਿ[54] ਲੈਣ ਦੁਆਰਾ ਤੁਸੀਂ, ਇਸ ਦੌਲਤ ਨੂੰ ਪ੍ਰਾਪਤ ਕਰ ਲਵੋਗੇ[55] ।

ਨਾਨਕ, ਆਪਣੀ ਰਹਿਮਤ[56] ਅਤੇ ਕਿਰਪਾ ਧਾਰ[57], ਸਾਹਿਬ ਨੇ ਮੈਨੂੰ ਇਹ ਦੌਲਤ ਪ੍ਰਦਾਨ ਕੀਤੀ[62] ਹੈ ਅਤੇ ਮੇਰੀ ਮੁਸੀਬਤ[58] ਅਤੇ ਕੰਗਾਲਤਾ[59] ਨੂੰ ਦੂਰ ਕਰਕੇ[60], ਮੈਨੂੰ ਆਪਣੇ ਨਾਲ ਅਭੇਦ ਕਰ ਲਿਆ[61] ਹੈ ।

ਕਾਨੜਾ ਚੌਥੀ ਪਾਤਿਸ਼ਾਹੀ ।

ਹੇ ਮੇਰੀ ਜਿੰਦੜੀਏ[63] ! ਤੂੰ ਸਚੇ ਗੁਰਾਂ ਦੀ ਸ਼ਰਣਾਗਤ[64] ਸੰਭਾਲ ਅਤੇ ਆਪਣੇ ਸੁਆਮੀ ਦਾ ਸਿਮਰਨ ਕਰ[65] ।

ਲੋਹਾ ਹਿਰਨੁ[66] ਹੋਵੈ[67] ਸੰਗਿ[68] ਪਾਰਸ[69] ਗੁਨੁ[70] ਪਾਰਸ[71] ਕੋ ਹੋਇ ਆਵੈਗੋ ॥੧॥ਰਹਾਉ॥

As iron is transmuted[67] into gold[66] by touching[68] the philosopher's stone[69], so do the virtues[70] of the invaluable personality[71] of the Guru enter into his disciples. Pause.

ਜਿਸ ਤਰ੍ਹਾਂ ਰਸਾਇਣ[69] ਦੇ ਨਾਲ ਲਗਣ[66] ਦੁਆਰਾ, ਲੋਹਾ ਸੋਨਾ[66] ਹੋ ਜਾਂਦਾ[67] ਹੈ, ਏਸੇ ਤਰ੍ਹਾਂ ਹੀ ਗੁਰਾਂ ਦੀ ਅਮੋਲਕ ਵਿਅਕਤੀ[71] ਦੀਆਂ ਨੇਕੀਆਂ[70] ਉਸ ਦੇ ਸਿੱਖਾਂ ਦੇ ਅੰਦਰ ਪ੍ਰਵੇਸ਼ ਕਰ ਜਾਂਦੀਆਂ ਹਨ। ਠਹਿਰਾਉ।

ਸਤਿਗੁਰੁ ਮਹਾ[72] ਪੁਰਖੁ[73] ਹੈ ਪਾਰਸੁ ਜੋ[74] ਲਾਗੈ[75] ਸੋ[78] ਫਲੁ[76] ਪਾਵੈਗੋ[77] ॥

The True Guru, the supreme[72] person[73], is the philosopher's stone. Whosoever[74] is attached[75] to him, he[78] gathers[77] the fruit[76].

ਪਰਮ[72] ਪੁਰਸ਼[73], ਸੱਚੇ ਗੁਰੂ ਜੀ ਰਸਾਇਣ ਹਨ। ਜੋ ਕੋਈ[74] ਭੀ ਉਨ੍ਹਾਂ ਦੇ ਨਾਲ ਜੁੜ ਜਾਂਦਾ[75] ਹੈ, ਉਹ[78] ਮੇਵੇ[76] ਨੂੰ ਪਾ ਲੈਂਦਾ[77] ਹੈ।

ਜਿਉ[79] ਗੁਰ ਉਪਦੇਸਿ[80] ਤਰੇ[81] ਪ੍ਰਹਿਲਾਦਾ ਗੁਰੁ ਸੇਵਕ[82] ਪੈਜ[83] ਰਖਾਵੈਗੋ[84] ॥੧॥

Just as[79] Prahlad was saved[81] by the Guru's instruction[80], similarly the Guru protects[84] the honour[83] of all his attendants[82].

ਜਿਸ ਤਰ੍ਹਾਂ[79] ਗੁਰਾਂ ਦੀ ਸਿਖਮਤ[80] ਦੁਆਰਾ, ਪ੍ਰਹਿਲਾਦ ਪਾਰ ਉਤਰ ਗਿਆ[81] ਸੀ, ਉਸੇ ਤਰ੍ਹਾਂ ਹੀ ਗੁਰੂ ਜੀ ਆਪਣੇ ਹਰ ਟਹਿਲੂਏ[82] ਦੀ ਇੱਜ਼ਤ[83] ਰਖਦੇ[84] ਹਨ।

ਸਤਿਗਰ ਬਚਨੁ[85] ਬਚਨੁ ਹੈ ਨੀਕੋ[86] ਗੁਰ ਬਚਨੀ ਅੰਮ੍ਰਿਤੁ[87] ਪਾਵੈਗੋ ॥

The True Guru's word[85] is the sublime[86] word. By the Guru's word, the Name-Nectar[87] is obtained.

ਸੱਚੇ ਗੁਰਾਂ ਦੀ ਬਾਣੀ[85] ਸ੍ਰੇਸ਼ਟ[86] ਬਾਣੀ ਹੈ। ਗੁਰਾਂ ਦੀ ਬਾਣੀ ਦੁਆਰਾ, ਨਾਮ-ਸੁਧਾਰਸ[87] ਪ੍ਰਾਪਤ ਹੁੰਦਾ ਹੈ।

ਜਿਉ[88] ਅੰਬਰੀਕਿ [89]ਅਮਰਾਪਦ[90] ਪਾਏ ਸਤਿਗੁਰ ਮੁਖ[91] ਬਚਨ[92] ਧਿਆਵੈਗੋ[93] ॥੨॥

Whosoever reflects[93] on the Supreme[91] True Guru's[94] word[92], he is blessed with the immortal[89] status[90] like[88] Amrik, the King.

ਜੋ ਕੋਈ ਭੀ ਪ੍ਰਮੁਖ[91] ਸੱਚੇ ਗੁਰਾਂ[94] ਦੀ ਬਾਣੀ[92] ਦੀ ਵੀਚਾਰ ਕਰਦਾ[93] ਹੈ; ਉਸ ਨੂੰ ਅੰਮਰੀਕ, ਪਾਤਿਸ਼ਾਹ ਦੀ ਮਾਨੰਦ[88] ਅਬਿਨਾਸੀ[89] ਮਰਤਬਾ[91] ਪ੍ਰਾਪਤ ਹੋ ਜਾਂਦਾ ਹੈ।

ਸਤਿਗੁਰ ਸਰਨਿ[94] ਸਰਨਿ ਮਨਿ[95] ਭਾਈ[96] ਸੁਧਾ[97] ਸੁਧਾ[98] ਕਰਿ[99] ਧਿਆਵੈਗੋ[100] ॥

The True Guru's refuge[94], yea, his refuge is pleasing[96] to my mind[95]. Deeming[99] the Name-Nectar[97] immaculate[98], meditate[100] I on it.

ਸੱਚੇ ਗੁਰਾਂ ਦੀ ਸ਼ਰਣਾਗਤ[94], ਹਾਂ ਉਸ ਦੀ ਸ਼ਰਣਾਗਤ ਮੇਰੇ ਚਿੱਤ[95] ਨੂੰ ਚੰਗੀ ਲਗਦੀ[96] ਹੈ। ਨਾਮ-ਅੰਮ੍ਰਿਤ[97] ਨੂੰ ਪਵਿੱਤਰ[98] ਜਾਣ[99] ਕੇ, ਮੈਂ ਇਸ ਦਾ ਸਿਮਰਨ ਕਰਦਾ[100] ਹਾਂ।

ਦਇਆਲ[2] ਦੀਨ[3] ਭਏ ਹੈ ਸਤਿਗੁਰ ਹਰਿ ਮਾਰਗੁ[4] ਪੰਥੁ[5] ਦਿਖਾਵੈਗੋ[6] ॥੩॥

The True Guru has become merciful[2] unto me, the meek one[3] and he has shown[6] me the way[4] and path[5] of God.

ਮੈਂ, ਮਸਕੀਨ[3] ਉਤੇ ਸੱਚੇ ਗੁਰਦੇਵ ਜੀ ਮਿਹਰਬਾਨ[2] ਹੋ ਗਏ ਹਨ ਅਤੇ ਉਨ੍ਹਾਂ ਨੇ ਮੈਨੂੰ ਵਾਹਿਗੁਰੂ ਦਾ ਰਾਹ[4] ਅਤੇ ਰਸਤਾ[5] ਵਿਖਾਲ ਦਿੱਤਾ[6] ਹੈ।

ਸਤਿਗੁਰ ਸਰਨਿ[7] ਪਏ[8] ਸੇ[9] ਥਾਪੇ[10] ਤਿਨ ਰਾਖਨ[12] ਕਉ ਪ੍ਰਭੁ ਆਵੈਗੋ ॥

They[9], who enter[8] the sanctuary[7] of the True Guru, are blessed with glory[10] and the Lord comes to protect[12] them.

ਜੋ ਸੱਚੇ ਗੁਰਾਂ ਦੀ ਪਨਾਹ[7] ਲੈਂਦੇ[8] ਹਨ, ਉਨ੍ਹਾਂ[9] ਨੂੰ ਪ੍ਰਭੁਤਾ[10] ਪ੍ਰਾਪਤ ਹੁੰਦੀ ਹੈ ਅਤੇ ਸੁਆਮੀ ਉਨ੍ਹਾਂ ਦੀ ਰੱਖਿਆ[12] ਕਰਨ ਲਈ ਆਉਂਦਾ ਹੈ।

ਜੇ[13] ਕੋ[14] ਸਰੁ[15] ਸੰਧੈ[16]

If[13] some one[14] aims[16] an arrow[15] on

ਜੇਕਰ[13] ਕੋਈ ਜਣਾ[14], ਸਾਂਈ[16] ਦੇ ਗੋਲੇ[17] ਉਤੇ ਤੀਰ[15]

ਜਨ[17] ਊਪਰਿ ਫਿਰਿ[18] ਉਲਟੋ[19] ਤਿਸੈ[20] ਲਗਾਵੈਗੋ ॥੪॥

the Lord's slave[17], turning back[19], it hits him[20] ultimately[18].

ਖਿਚਦਾ[16] ਹੈ, ਇਹ ਪਿਛੇ[19] ਮੁੜ ਕੇ ਆਖ਼ਰਕਾਰ[18], ਉਸ[20] ਨੂੰ ਹੀ ਲਗਦਾ ਹੈ ।

ਹਰਿ ਹਰਿ ਹਰਿ ਹਰਿ ਹਰਿ ਸਰੁ[21] ਸੇਵਹਿ[22] ਤਿਨ[23] ਦਰਗਹ[24] ਮਾਨੁ[25] ਦਿਵਾਵੈਗੋ[26] ॥

They, who bathe[22] in the Name-tank[21] of the Lord God Master, yea, the Lord God, they[23] are blessed with[26] honour[25] in His Court[24].

ਜੋ ਅਕਾਲ ਪੁਰਖ, ਪ੍ਰਭੂ, ਪ੍ਰਮੇਸ਼ਰ ਹਾਂ ਅਕਾਲ ਪੁਰਖ ਵਾਹਿਗੁਰੂ ਦੇ ਸਰੋਵਰ[21] ਅੰਦਰ ਇਸ਼ਨਾਨ ਕਰਦੇ[22] ਹਨ; ਉਨ੍ਹਾਂ[23] ਨੂੰ ਸਾਂਈਂ ਆਪਣੇ ਦਰਬਾਰ[24] ਵਿਚ ਇੱਜ਼ਤ[25] ਬਖ਼ਸ਼ਦਾ[26] ਹੈ ।

ਗੁਰਮਤਿ[27] ਗੁਰਮਤਿ ਗੁਰਮਤਿ ਧਿਆਵਹਿ[28] ਹਰਿ ਗਲਿ[29] ਮਿਲਿ[30] ਮੇਲਿ[31] ਮਿਲਾਵੈਗੋ[32] ॥੫॥

He, who by Guru's instructions[27], Guru's directions and Guru's teachings meditates[28] on God; him, the Lord hugs[30] to His bosom[29] and unites[32] in His union[31].

ਜੋ ਗੁਰਾਂ ਦੇ ਉਪਦੇਸ਼[27], ਗੁਰਾਂ ਦੀ ਸਿਖਸ਼ਾ, ਗੁਰਾਂ ਦੇ ਆਦੇਸ਼ਾਂ ਦੁਆਰਾ, ਆਪਣੇ ਵਾਹਿਗੁਰੂ ਦਾ ਸਿਮਰਨ[28] ਕਰਦਾ ਹੈ; ਉਸ ਨੂੰ ਪ੍ਰਭੂ ਆਪਣੀ ਛਾਤੀ[29] ਨਾਲ ਲਾ ਲੈਂਦਾ[30] ਹੈ ਅਤੇ ਆਪਣੇ ਮਿਲਾਪ[31] ਵਿਚ ਮਿਲਾ ਲੈਂਦਾ[32] ਹੈ ।

ਗੁਰਮੁਖਿ[33] ਨਾਦੁ[34] ਬੇਦ ਹੈ ਗੁਰਮੁਖਿ ਗੁਰ ਪਰਚੈ[35] ਨਾਮੁ ਧਿਆਵੈਗੋ[36] ॥

The Supreme Guru[33] is the celestial strain for him and the Supreme Guru, the Vedas; by pleasing[35] the Guru, he ponders[36] on the Lord's Name.

ਉਸ ਦੇ ਲਈ ਮੁਖੀ ਗੁਰਦੇਵ[33] ਜੀ ਬੈਕੁੰਠੀ ਕੀਰਤਨ ਹਨ ਅਤੇ ਮੁਖੀ ਗੁਰਦੇਵ ਜੀ ਹੀ ਵੇਦ ਅਤੇ ਗੁਰਾਂ ਨੂੰ ਪ੍ਰਸੰਨ[35] ਕਰਨ ਦੁਆਰਾ, ਹੀ ਉਹ ਪ੍ਰਭੂ ਦੇ ਨਾਮ ਦਾ ਆਰਾਧਨ ਕਰਦਾ[36] ਹੈ ।

ਹਰਿ[37] ਹਰਿ ਰੂਪੁ[38] ਹਰਿ ਰੂਪੋ[39] ਹੋਵੈ ਹਰਿ ਜਨ[40] ਕਉ ਪੂਜ[41] ਕਰਾਵੈਗੋ ॥੬॥

Contemplating the Beauteous[38] Lord God[37], man becomes the embodiment[39] of the Lord. The Lord makes the world worship[41] such a slave[40] of His.

ਸੋਹਣੇ ਸੁਨੱਖੇ[38] ਸੁਆਮੀ ਵਾਹਿਗੁਰੂ[37] ਦਾ ਸਿਮਰਨ ਕਰਨ ਦੁਆਰਾ, ਇਨਸਾਨ ਸੁਆਮੀ ਦਾ ਹੀ ਸਰੂਪ[39] ਹੋ ਜਾਂਦਾ ਹੈ । ਸੁਆਮੀ ਆਪਣੇ ਐਹੋ ਜੇਹੇ ਗੋਲੇ[40] ਦੀ ਸੰਸਾਰ ਪਾਸੋਂ ਉਪਾਸ਼ਨਾ[41] ਕਰਵਾਉਂਦਾ ਹੈ ।

ਸਾਕਤ[42] ਨਰ[43] ਸਤਿਗੁਰੁ ਨਹੀ ਕੀਆ ਤੇ[44] ਬੇਮੁਖ[45] ਹਰਿ ਭਰਮਾਵੈਗੋ[46] ॥

The perverse[42] person[43] comes not into the True Guru's fold. Such[44] a non-believer[45], God makes wander[46] in species.

ਪ੍ਰਤੀਕੂਲ[42] ਪੁਰਸ਼[43] ਸੱਚੇ ਗੁਰਾ ਨੂੰ ਗੁਰੂ ਧਾਰਨ ਨਹੀਂ ਕਰਦਾ । ਐਹੋ[44] ਜੇਹੇ ਅ-ਸ਼ਰਧਾਲੂ[45] ਨੂੰ ਵਾਹਿਗੁਰੂ ਜੂਨੀਆਂ ਅੰਦਰ ਭਟਕਾਉਂਦਾ[46] ਹੈ ।

ਲੋਭ[47] ਲਹਰਿ[48] ਸੁਆਨ[49] ਕੀ ਸੰਗਤਿ[50] ਬਿਖੁ[51] ਮਾਇਆ[52] ਕਰੰਗਿ[53] ਲਗਾਵੈਗੋ[54] ॥੭॥

The wave[48] of avarice[47] is the association[50] of a cur[49]. It attaches[54] one to the skeleton[53] of the poisonous[51] mammon[52].

ਲਾਲਚ[47] ਦਾ ਤ੍ਰੰਗ[48] ਕੁੱਤੇ[49] ਦਾ ਮੇਲ-ਮਿਲਾਪ[50] ਹੈ । ਇਹ ਪ੍ਰਾਣੀ ਨੂੰ ਜ਼ਹਿਰੀਲੀ[51] ਮੋਹਣੀ[52] ਦੇ ਪਿੰਜਰ[53] ਨਾਲ ਜੋੜ ਦਿੰਦਾ[54] ਹੈ ।

ਰਾਮ ਨਾਮੁ ਸਭ ਜਗ ਕਾ ਤਾਰਕੁ[55] ਲਗਿ[56] ਸੰਗਤਿ[57] ਨਾਮੁ ਧਿਆਵੈਗੋ[58] ॥

The Lord's Name is the emancipator[55] of the whole world and associating[56] with the saints' society[57], one contemplates[58] the Name.

ਸਾਂਈਂ ਦਾ ਨਾਮ ਸਾਰੇ ਸੰਸਾਰ ਦਾ ਪਾਰ ਉਤਾਰਾ ਕਰਨ ਵਾਲਾ[55] ਹੈ ਅਤੇ ਸਤਿਸੰਗਤ[57] ਨਾਲ ਜੁੜ ਕੇ[56] ਜੀਵ ਨਾਮ ਦਾ ਸਿਮਰਨ ਕਰਦਾ[58] ਹੈ ।

ਨਾਨਕ ਰਾਖੁ[59] ਰਾਖੁ ਪ੍ਰਭ

O my Lord, keep[59], sustain and maintain

ਹੇ ਮੇਰੇ ਸੁਆਮੀ ! ਤੂੰ ਨਾਨਕ ਨੂੰ ਸਾਧ ਸੰਗਤ ਅੰਦਰ

ਮੇਰੇ ਸਤਸੰਗਤਿ ਰਾਖਿ ਸਮਾਵੈਗੋ[60] ॥੮॥੬॥ ਛਕਾ ੧॥	Thou, Nanak in the saints' congregation, so that he may be absorbed[60] in Thee.	ਰਹਿਣ[95], ਵਿਚਰਣ ਅਤੇ ਸਸ਼ੋਭਤ ਹੋਣ ਦੀ ਬਖਸ਼ਸ਼ ਕਰ, ਤਾਂ ਜੋ ਉਹ ਤੇਰੇ ਵਿਚ ਲੀਨ ਹੋ ਜਾਵੇ[60] ।
੧੩੧੨		
ਕਾਨੜਾ ਛੰਤ ਮਹਲਾ ੫	Kanra Chhant 5th Guru.	ਕਾਨੜਾ ਛੰਦ ਪੰਜਵੀਂ ਪਾਤਿਸ਼ਾਹੀ
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace is He obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।
ਸੇ[61] ਉਧਰੇ[63] ਜਿਨ ਰਾਮ ਧਿਆਏ[63] ॥	They[51] alone are emancipated[62], who meditate[63] their Lord.	ਕੇਵਲ ਉਨ੍ਹਾਂ[61] ਦਾ ਹੀ ਪਾਰ ਉਤਾਰਾ ਹੁੰਦਾ[62] ਹੈ, ਜੋ ਆਪਣੇ ਸਾਂਈਂ ਦਾ ਸਿਮਰਨ ਕਰਦੇ[63] ਹਨ ।
ਜਤਨ[64] ਮਾਇਆ[65] ਕੇ ਕਾਮਿ[66] ਨ ਆਏ ॥	The efforts[64], made to amass wealth[65], avail[66] one not.	ਧਨ-ਦੌਲਤ[65] ਇਕੱਤਰ ਕਰਨ ਲਈ ਕੀਤੇ ਉਪਰਾਲੇ[64] ਬੰਦੇ ਦੇ ਕੰਮ[66] ਨਹੀਂ ਆਉਂਦੇ ।
ਰਾਮ ਧਿਆਏ[67] ਸਭਿ ਫਲ[68] ਪਾਏ[69] ਧਨਿ[70] ਧੰਨਿ ਤੇ[71] [72]ਬਡਭਾਗੀਆ[73] ॥	They, who contemplate[67] their Lord are blessed with[69] all the fruits[68]. O Blest[70], blest and very[72] fortunate[73] are they[71].	ਜੋ ਆਪਣੇ ਪ੍ਰਭੂ ਦਾ ਆਰਾਧਨ ਕਰਦੇ[67] ਹਨ, ਉਨ੍ਹਾਂ ਨੂੰ ਸਾਰੇ ਮੇਵੇ[68] ਪ੍ਰਾਪਤ ਹੋ ਜਾਂਦੇ[69] ਹਨ । ਮੁਬਾਰਕ[70], ਮੁਬਾਰਕ ਅਤੇ ਭਾਰੇ[72] ਨਸੀਬਾਂ[73] ਵਾਲੇ ਹਨ ਉਹ[71] ।
ਸਤਸੰਗਿ ਜਾਗੇ[74] ਨਾਮਿ ਲਾਗੇ[75] ਏਕ[76] ਸਿਉ [77]ਲਿਵ ਲਾਗੀਆ[78] ॥	They rematn awake[74] in the saints' congregation, are attached[75] to the Name and embrace[78] affection[77] for the One Lord[76].	ਉਹ ਸਾਧ ਸੰਗਤ ਅੰਦਰ ਜਾਗਦੇ[74] ਰਹਿੰਦੇ ਹਨ, ਨਾਮ ਨਾਲ ਜੁੜ ਜਾਂਦੇ[75] ਹਨ ਅਤੇ ਇਕ ਪ੍ਰਭੂ[76] ਨਾਲ ਪ੍ਰੀਤ[77] ਪਾਉਂਦੇ[78] ਹਨ ।
ਤਜਿ[79] ਮਾਨ[80] ਮੋਹ[81] ਬਿਕਾਰ[82] ਸਾਧੂ ਲਗਿ[83] ਤਰਉ[84] ਤਿਨ[85] ਕੈ ਪਾਏ[86] ॥	I have shed[79] ego[80], attachment[81] and sin[82], by the saints' grace and repairing[83] to their[85] feet[86], am I ferried across[84].	ਸੰਤਾਂ ਦੀ ਦਇਆ ਦੁਆਰਾ, ਮੈਂ ਹੰਗਤਾ[80], ਮਮਤਾ[81] ਤੇ ਪਾਪ[82] ਛੱਡ ਦਿਤੇ[79] ਹਨ ਅਤੇ ਉਨ੍ਹਾਂ[85] ਦੇ ਪੈਰੀਂ[86] ਪੈ[83] ਕੇ, ਮੇਰਾ ਪਾਰ ਉਤਾਰਾ ਹੋ ਗਿਆ[84] ਹੈ ।
ਬਿਨਵੰਤਿ[87] ਨਾਨਕ ਸਰਣਿ[88] ਸੁਆਮੀ [89]ਬਡਭਾਗਿ[90] ਦਰਸਨੁ[91] ਪਾਏ[92] ॥੧॥	Prays[87] Nanak, I have sought the protcction[88] of the Lord and through great[89] good fortune[90], I am blessed with[92] His vision[91].	ਗੁਰੂ ਜੀ ਬੇਨਤੀ ਕਰਦੇ[87] ਹਨ, ਮੈਂ ਪ੍ਰਭੂ ਦੀ ਪਨਾਹ[88] ਲਈ ਹੈ ਅਤੇ ਭਾਰੇ[89] ਚੰਗੇ ਨਸੀਬਾਂ[90] ਰਾਹੀਂ ਮੈਨੂੰ ਉਸ ਦਾ ਦੀਦਾਰ[91] ਪ੍ਰਾਪਤ ਹੋ ਗਿਆ[92] ਹੈ ।
ਮਿਲਿ[93] ਸਾਧੂ ਨਿਤ[94] ਭਜਹੁ[95] ਨਾਰਾਇਣ[96] ॥	Meeting together[93], the saints ever[94] contemplate[95] their Lord.	ਇਕੱਠੇ ਹੋ[93] ਸੰਤ ਸਦਾ[94] ਹੀ ਆਪਣੇ ਸੁਆਮੀ[96] ਦਾ ਸਿਮਰਨ ਕਰਦੇ[95] ਹਨ ।
ਰਸਕਿ[97] ਰਸਕਿ[98] ਸੁਆਮੀ ਗੁਣ[99] ਗਾਇਣ ॥	With relish[97] and love[98], sing they, the Lord's praises[99].	ਸੁਆਦ[97] ਅਤੇ ਪ੍ਰੇਮ[98] ਨਾਲ ਉਹ ਸਾਂਈਂ ਦੀਆਂ ਸਿਫ਼ਤਾਂ[99] ਗਾਉਂਦੇ ਹਨ ।
ਗੁਣ ਗਾਇ ਜੀਵਹ ਹਰਿ ਅਮਿਉ[100] ਪੀਵਹ[2] ਜਨਮ[3] ਮਰਣਾ[4] ਭਾਗਏ[5] ॥	They live by singing God's praises, indrink[2] the Lord's Nectar[100] and their comings[3] and goings[4] are ended[5].	ਉਹ ਹਰੀ ਦੀ ਮਹਿਮਾ ਗਾ ਕੇ ਜੀਉਂਦੇ ਹਨ, ਸਾਂਈਂ ਦੇ ਅੰਮ੍ਰਿਤ[100] ਨੂੰ ਪਾਨ ਕਰਦੇ[2] ਹਨ ਅਤੇ ਉਨ੍ਹਾਂ ਦੇ ਆਉਣੇ[3] ਤੇ ਜਾਣੇ[4] ਮੁਕ ਜਾਂਦੇ[5] ਹਨ ।

ਸਤਸੰਗਿ ਪਾਈਐ ਹਰਿ ਧਿਆਈਐ[6] ਬਹੁੜਿ[7] ਦੂਖੁ[8] ਨ ਲਾਗਏ[9] ॥	Associating with the saints' congregation and contemplating[6] God, one is afflicted[9] not with pain[8], again[7].	ਸਾਧ ਸੰਗਤ ਕਰਨ ਅਤੇ ਵਾਹਿਗੁਰੂ ਦਾ ਆਰਾਧਨ ਕਰਨ[6] ਦੁਆਰਾ, ਪ੍ਰਾਣੀ ਮੁੜ ਕੇ[7] ਕਸ਼ਟ[8] ਨਹੀਂ ਉਠਾਉਂਦਾ[9]।
ਕਰਿ ਦਇਆ[10] ਦਾਤੇ[12] ਪੂਰਖ[13] ਬਿਧਾਤੇ[14] ਸੰਤ ਸੇਵ[15] ਕਮਾਇਣ ॥	On whomsoever the Omnipotent[13] and Beneficent[12] Creator[14]-Lord shows mercy[10], he performs the saints' service[15].	ਜਿਸ ਕਿਸੇ ਉਤੇ ਸਰਬ-ਸ਼ਕਤੀਵਾਨ[13] ਅਤੇ ਦਾਤਾਰ[12] ਸਿਰਜਣਹਾਰ[14] ਸੁਆਮੀ ਦੀ ਮਿਹਰ[10] ਹੈ; ਉਹ ਸਾਧੂਆਂ ਦੀ ਟਹਿਲ[15] ਕਮਾਉਂਦਾ ਹੈ।
ਬਿਨਵੰਤਿ[16] ਨਾਨਕ ਜਨ[17] ਧੂਰਿ[18] ਬਾਂਛਹਿ[19] ਹਰਿ ਦਰਸਿ[20] ਸਹਜਿ[21] ਸਮਾਇਣ[22] ॥੨॥	Supplicates[16] Nanak, O Lord, I long for[19] the dust[18] of Thy saints'[17] feet[50], that I may spontaneously[21] merge[22] in Thine vision[20].	ਨਾਨਕ ਪ੍ਰਾਰਥਨਾ[16] ਕਰਦਾ ਹੈ, ਹੇ ਸੁਆਮੀ! ਮੈਂ ਤੇਰੇ ਸੰਤਾਂ[17] ਦੇ ਪੈਰਾਂ ਦੀ ਧੂੜ[18] ਲੋਚਦਾ[19] ਹਾਂ, ਤਾਂ ਜੋ ਮੈਂ, ਸੁਤੇ ਸਿਧ[21] ਹੀ ਤੇਰੇ ਦੀਦਾਰ[20] ਵਿਚ ਲੀਨ[22] ਹੋ ਜਾਵਾਂ।
ਸਗਲੇ[22*] ਜੰਤ[23] ਭਜਹੁ[24] [25]ਗੋਪਾਲੈ[26] ॥	Let all[22*] the mortals[23] dwell upon[24] their Lord, the Cherisher[26] of the world[25].	ਸਾਰਿਆਂ[22*] ਪ੍ਰਾਣੀਆਂ[23] ਨੂੰ ਸੰਸਾਰ[25] ਦੇ ਪਾਲਣ-ਪੋਸਣਹਾਰ[26], ਆਪਣੇ ਪ੍ਰਭੂ ਦਾ ਸਿਮਰਨ ਕਰਨਾ[24] ਉਚਿਤ ਹੈ।
ਜਪ[27] ਤਪ[28] ਸੰਜਮ[29] ਪੂਰਨ[30] ਘਾਲੈ[31] ॥	In the Lord's meditation is contained the merit of worship[27], austerities[28], self-control[29] and perfect[30] service[31].	ਸੁਆਮੀ ਦੇ ਸਿਮਰਨ ਅੰਦਰ ਪੂਜਾ ਪਾਠ[27], ਤਪਸਿਆ[28] ਸਵੈ-ਸੰਜਮ[29] ਅਤੇ ਪੂਰੀ[30] ਟਹਿਲ[31] ਸੇਵਾ ਦਾ ਫਲ ਆ ਜਾਂਦਾ ਹੈ।
ਨਿਤ[32] ਭਜਹੁ[33] ਸੁਆਮੀ ਅੰਤਰਜਾਮੀ[34] ਸਫਲ[35] ਜਨਮੁ[36] ਸਬਾਇਆ[37] ॥	By ever[32] dwelling upon[33] the Lord, the Knower[34] of hearts, the entire[37] life[36] becomes fruitful[35].	ਅੰਦਰਲੀਆਂ ਜਾਣਨਹਾਰ[34] ਸਾਹਿਬ ਦਾ ਸਦੀਵੀ[32] ਸਿਮਰਨ ਕਰਨ[33] ਦੁਆਰਾ, ਸਾਰਾ[37] ਜੀਵਨ[36] ਫਲ-ਦਾਇਕ[35] ਹੋ ਜਾਂਦਾ ਹੈ।
[38]ਗੋਬਿਦੁ[39] ਗਾਈਐ ਨਿਤ[40] ਧਿਆਈਐ[41] ਪਰਵਾਣੁ[42] ਸੋਈ[43] ਆਇਆ[44] ॥	Whosoever sings the World[38]-Lord's[39] praises and contemplates[41] Him ever[40], his[43] coming[44] into the world is approved[42].	ਜੋ ਕੋਈ ਭੀ ਸ੍ਰਿਸ਼ਟੀ[38] ਦੇ ਸੁਆਮੀ[39] ਦਾ ਜੱਸ ਗਾਇਨ ਕਰਦਾ ਹੈ ਅਤੇ ਸਦਾ[40] ਉਸ ਨੂੰ ਸਿਮਰਦਾ[41] ਹੈ; ਇਸ ਜਗ੍ਹਾ ਅੰਦਰ ਉਸ[43] ਦਾ ਆਉਣਾ[44] ਕਬੂਲ ਪੈ ਜਾਂਦਾ[42] ਹੈ।
ਜਪ[45] ਤਾਪ[46] ਸੰਜਮ[47] ਹਰਿ[48] ਹਰਿ ਨਿਰੰਜਨ[49] ਗੋਬਿੰਦ ਧਨੁ ਸੰਗਿ[51] ਚਾਲੈ[50] ॥	The meditation of the Immaculate[49] Lord's Name[48] is my worship[45], austere conduct[46] and self-control[47]. The wealth of the Lord's Name alone shall go[50] with[51] me.	ਪਵਿੱਤਰ[49] ਪ੍ਰਭੂ ਦੇ ਨਾਮ[48] ਦਾ ਸਿਮਰਨ ਹੀ ਮੇਰਾ ਪੂਜਾ ਪਾਠ[45], ਤਪੱਸਿਆ[46] ਅਤੇ ਸਵੈ-ਜ਼ਬਤ[47] ਹੈ। ਕੇਵਲ ਸਾਂਈਂ ਦੇ ਨਾਮ ਦੀ ਦੌਲਤ ਹੀ ਮੇਰੇ ਨਾਲ[51] ਜਾਊਗੀ[50]।
ਬਿਨਵੰਤਿ ਨਾਨਕ ਕਰਿ ਦਇਆ[52] ਦੀਜੈ[53] ਹਰਿ ਰਤਨੁ[54] ਬਾਧਉ[55] ਪਾਲੈ[56] ॥ ੩॥	Supplicates Nanak, O Lord, mercifully[52] bless[53] Thou me with the jewel[54] of Thy Name, that I may tie[55] it to my skirt[56].	ਗੁਰੂ ਜੀ ਬੇਨਤੀ ਕਰਦੇ ਹਨ, ਹੇ ਸੁਆਮੀ! ਮਿਹਰ ਧਾਰ ਕੇ[52], ਤੂੰ ਮੈਨੂੰ ਆਪਣੇ ਨਾਮ ਦਾ ਜਵੇਹਰ[54] ਬਖਸ਼[55], ਤਾਂ ਜੋ ਮੈਂ ਇਸ ਨੂੰ ਆਪਣੇ ਪਲੇ[56] ਨਾਲ ਬੰਨ੍ਹ ਲਵਾਂ[55]।
ਮੰਗਲਚਾਰ[57] ਚੋਜ[58]	The Lord of supreme[61] bliss[62], has	ਮਹਾਨ[61] ਪ੍ਰਸੰਨਤਾ[62] ਦਾ ਸੁਆਮੀ, ਮਿਹਰ ਧਾਰ ਕੇ[60] ਮੈਨੂੰ

ਆਨੰਦਾ[59] ॥ ਕਰਿ ਕਿਰਪਾ[60] ਮਿਲੇ [61]ਪਰਮਾਨੰਦਾ[62] ॥

met me through[60] His grace and I am blessed with paeans of truely[57] wondrous plays[58] and joy[59].

ਮਿਲ ਪਿਆ ਹੈ ਅਤੇ ਮੈਨੂੰ ਜਿੱਤ[57] ਦੇ ਗੀਤਾਂ ਅਦਭੁਤ ਖੇਡਾਂ[58] ਤੇ ਖੁਸ਼ੀ[59] ਦੀ ਦਾਤ ਮਿਲ ਗਈ ਹੈ ।

ਪ੍ਰਭ ਮਿਲੇ ਸੁਆਮੀ ਸੁਖਹਗਾਮੀ[63] ਇਛ[64] ਮਨ[65] ਕੀ ਪੁੰਨੀਆ[66] ॥

God Lord, the Harbinger of peace[63], has met with me and my mind's[65] desires[64] are fulfilled[66].

ਆਰਾਮ[63] ਦਾ ਹਲਕਾਰਾ ਵਾਹਿਗੁਰੂ ਸਾਂਈਂ, ਮੈਨੂੰ ਮਿਲ ਪਿਆ ਹੈ ਤੇ ਮੇਰੇ ਚਿੱਤ[65] ਦੀਆਂ ਕਾਮਨਾਵਾਂ[64] ਪੂਰੀਆਂ ਹੋ ਗਈਆ[66] ਹਨ ।

ਬਜੀ ਬਧਾਈ[68] ਸਹਜੇ[69] ਸਮਾਈ[70] ਬਹੁੜਿ[71] ਦੂਖਿ ਨ ਰੁੰਨੀਆ[72] ॥

Men congratulate[68] me, I am absorbed[70] in the Lord[69] and I shall cry[72] not again[71] in pain.

ਲੋਕ ਮੈਨੂੰ ਮੁਬਾਰਕਬਾਦਾਂ ਦਿੰਦੇ ਹਨ, ਮੈਂ ਪ੍ਰਭੂ[69] ਅੰਦਰ ਲੀਨ ਹੋ ਗਿਆ[70] ਹਾਂ ਅਤੇ ਮੈਂ, ਮੁੜ ਕੇ[71] ਪੀੜ ਅੰਦਰ ਨਹੀਂ ਰੋਵਾਂਗਾ[72] ।

ਲੇ ਕੰਠਿ[73] ਲਾਏ ਸੁਖ ਦਿਖਾਏ[74] ਬਿਕਾਰ[75] ਬਿਨਸੇ[77] ਮੰਦਾ[78] ॥

The Lord has hugged me to His bosom[73] and has blessed[74] me with bliss and I am rid of[77] all the evil[78] sins[75].

ਸੁਆਮੀ ਨੇ ਮੈਨੂੰ ਆਪਣੀ ਛਾਤੀ[73] ਨਾਲ ਲਾ ਲਿਆ ਹੈ ਅਤੇ ਮੈਨੂੰ ਖੁਸ਼ੀ ਬਖਸ਼ੀ[74] ਹੈ ਅਤੇ ਮੈਂ ਸਾਰਿਆਂ ਮੰਦੇ[78] ਪਾਪਾਂ[75] ਤੋਂ ਖਲਾਸੀ ਪਾ ਗਿਆ[77] ਹਾਂ ।

ਬਿਨਵੰਤਿ ਨਾਨਕ ਮਿਲੇ ਸੁਆਮੀ ਪੁਰਖ[79] [80]ਪਰਮਾਨੰਦਾ[81] ॥੪॥੧॥

Prays Nanak, I have met with my Lord God[79], the Embodiment of supreme[80] bliss[81].

ਗੁਰੂ ਜੀ ਬਿਨੇ ਕਰਦੇ ਹਨ, ਮੈਂ ਮਹਾਨ[80] ਪ੍ਰਸੰਨਤਾ[81] ਦੇ ਸਰੂਪ ਆਪਣੇ ਸਾਂਈਂ ਹਰੀ[79] ਨੂੰ ਮਿਲ ਪਿਆ ਹਾਂ ।

ਕਾਨੜੇ ਕੀ ਵਾਰ ਮਹਲਾ ੪ ਮੂਸੇ ਕੀ ਵਾਰ ਕੀ ਧੁਨੀ[82] ॥

Var of Kanra 4th Guru.
To be sung to the tune[82] of the ballard of Musa.

ਕਾਨੜੇ ਕੀ ਵਾਰ ਚੌਥੀ ਪਾਤਿਸ਼ਾਹੀ
ਮੂਸੇ ਦੀ ਵਾਰ ਦੀ ਸੁਰ[92] ਤੇ ਗਾਉਣੀ ।

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, is He obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।

ਸਲੋਕ ਮ: ੪ ॥

Slok 4th Guru.

ਸਲੋਕ ਚੌਥੀ ਪਾਤਿਸ਼ਾਹੀ ।

ਰਾਮ ਨਾਮੁ ਨਿਧਾਨੁ[83] ਹਰਿ ਗੁਰਮਤਿ[84] ਰਖੁ [85]ਉਰਧਾਰਿ[86] ॥

Through the Guru's instruction[84], keep thou enshrined[86] in thy mind[85] the treasure[83] of the Lord God's Name.

ਗੁਰਾਂ ਦੇ ਉਪਦੇਸ਼[84] ਦੁਆਰਾ, ਤੂੰ ਆਪਣੇ ਹਿਰਦੇ[85] ਅੰਦਰ ਸੁਆਮੀ ਵਾਹਿਗੁਰੂ ਦੇ ਨਾਮ ਦੇ ਖਜ਼ਾਨੇ[83] ਨੂੰ ਟਿਕਾਈ[86] ਰਖ ।

ਦਾਸਨ ਦਾਸਾ[87] ਹੋਇ ਰਹੁ ਹਉਮੈ[88] ਬਿਖਿਆ[89] ਮਾਰਿ[90] ॥

Ridding[90] thyself of the poison[39] of thy self-conceit[88], ever be thou, the slave[87] of the Lord's slaves.

ਰੱਬ ਦਾ ਗੋਲਾ[47] ਰੱਬ ਦੇ ਨਾਮ[42] ਦਾ ਉਚਾਰਨ ਕਰਦਾ[45] ਹੈ । ਬੇਸਮਝ ਬੰਦਾ[46], ਉਸ ਉਤੇ ਤੀਰ[44] ਸਿੰਨ੍ਹਦਾ[45] ਹੈ ।

ਨਾਨਕ ਹਰਿ ਜਨ ਹਰਿ ਲਿਵ[48] ਉਬਰੇ[49] ਜਿਨਿ ਸੰਧਿਆ ਤਿਸੁ[50] ਫਿਰਿ[51] ਮਾਰ[52] ॥੧॥

Nanak, God's slave is saved[49] by God's love[48] and, recoiling back[51], the arrow destroys[52] him[50] alone who had shot it.

ਨਾਨਕ ਰੱਬ ਦਾ ਗੋਲਾ ਰੱਬ ਦੀ ਪ੍ਰੀਤ[48] ਰਾਹੀਂ ਬਚ ਜਾਂਦਾ[49] ਹੈ ਅਤੇ ਤੀਰ ਪਿਛੇ ਮੁੜ[51] ਉਸ[50] ਨੂੰ ਹੀ ਮਾਰ ਸੁਟਦਾ[52] ਹੈ, ਜਿਸ ਨੇ ਇਸ ਦਾ ਨਿਸ਼ਾਨਾ ਬੰਨ੍ਹਿਆ ਸੀ ।

੧੩੧੮

ਮ: ੪ ॥

4th Guru.

ਚੌਥੀ ਪਾਤਿਸ਼ਾਹੀ ।

ਅਖੀ[53] ਪ੍ਰੇਮਿ[54] ਕਸਾਈਆ[55] ਹਰਿ ਹਰਿ ਨਾਮੁ ਪਿਖੰਨ੍ਹਿ[56] ॥

They, whose eyes[53] are attracted[55] by the Lord's love[54], behold[56] the Lord God by contemplating His Name.

ਜਿਨ੍ਹਾਂ ਦੇ ਨੇਤ੍ਰਾਂ[53] ਨੂੰ ਪ੍ਰਭੂ ਦੀ ਪ੍ਰੀਤ[54] ਨੇ ਖਿਚਿਆ ਹੋਇਆ[55] ਹੈ; ਉਹ ਉਸ ਦੇ ਨਾਮ ਦਾ ਸਿਮਰਨ ਕਰਨ ਦੁਆਰਾ ਸੁਆਮੀ-ਵਾਹਿਗੁਰੂ ਨੂੰ ਵੇਖ ਲੈਂਦੇ[56] ਹਨ ।

ਜੇ ਕਰਿ ਦੂਜਾ[57] ਦੇਖਦੇ ਜਨ[58] ਨਾਨਕ ਕਢਿ ਦਿਚੰਨ੍ਹਿ[59] ॥੨॥

If the eyes see another[57], O slave[58] Nanak, they ought to be gouged out[59].

ਜੇਕਰ ਨੇਤ੍ਰ ਹੋਰਸ[57] ਨੂੰ ਵੇਖਦੇ ਹਨ, ਹੇ ਗੋਲੇ[58] ਨਾਨਕ! ਉਹ ਖੋਦ ਕੇ ਬਾਹਰ[59] ਕੱਢ ਦੇਣੇ ਚਾਹੀਦੇ ਹਨ ।

ਪਉੜੀ ॥

Pauri.

ਪਉੜੀ ।

ਜਲਿ[60] ਥਲਿ[61] ਮਹੀਅਲਿ[62] ਪੂਰਨੋ[63*] ਅਪਰੰਪਰੁ[63] ਸੋਈ[64] ॥

He[64], the Infinite Lord[63*] is fully pervading[63] the water[60], the earth[61] and the sky[62].

ਉਹ[64] ਬੇਅੰਤ ਸੁਆਮੀ[63*] ਪਾਣੀ[60], ਧਰਤੀ[61] ਅਤੇ ਆਕਾਸ਼[62] ਅੰਦਰ ਪਰੀਪੂਰਨ ਹੋ ਰਿਹਾ[63] ਹੈ ।

ਜੀਅ[65] ਜੰਤ ਪ੍ਰਤਿਪਾਲਦਾ[66] ਜੋ[67] ਕਰੇ ਸੁ[68] ਹੋਈ ॥

He sustains[66] all the creatures[65], whatever[67] He does, that[68] alone comes to pass.

ਉਹ ਸਾਰੇ ਜੀਵ-ਜੰਤੂਆਂ[65] ਦੀ ਪਾਲਣਾ-ਪੋਸਣਾ ਕਰਦਾ[66] ਹੈ ਜਿਹੜਾ ਕੁਛ[67] ਉਹ ਕਰਦਾ ਹੈ, ਕੇਵਲ ਉਹ[68] ਹੀ ਹੁੰਦਾ ਹੈ ।

ਮਾਤ[19] ਪਿਤਾ[20] ਸੁਤ[21] ਭ੍ਰਾਤ[22] ਮੀਤ[23] ਤਿਸੁ[24] ਬਿਨੁ[25] ਨਹੀ ਕੋਈ ॥

Without[25] Him[24], their is no other mother[19], father[29], son[21], brother[22] or friend[23].

ਉਸ[24] ਦੇ ਬਗੈਰ[25], ਹੋਰ ਕੋਈ ਮਾਂ[19], ਪਿਓ[20], ਪੁੱਤਰ[21] ਭਾਈ[22] ਅਤੇ ਮਿੱਤਰ[23] ਨਹੀਂ ।

ਘਟਿ[26] ਘਟਿ ਅੰਤਰਿ[27]

He is contained[28] in[27] all hearts[26].

ਉਹ ਸਾਰਿਆਂ ਦਿਲਾਂ[26] ਅੰਦਰ[27] ਰਮ ਰਿਹਾ[28] ਹੈ । ਹਰ

ਰਵਿ[28] ਰਹਿਆ ਜਪਿਅਹੁ[29] ਜਨ ਕੋਈ[30] ॥

Everyone[30] ought to meditate[29] on Him.

ਬੰਦੇ[30] ਨੂੰ ਉਸ ਦਾ ਸਿਮਰਨ[29] ਕਰਨਾ ਉਚਿਤ ਹੈ ।

ਸਗਲ[31] ਜਪਹੁ[32] [33]ਗੋਪਾਲ[34] ਗੁਨ[35] ਪਰਗਟੁ[36] ਸਭ[37] ਲੋਈ[38] ॥੧੩॥

Let everyone[31] utter[32] the praises[35] of the World[33]-Sustainer[34], who is manifest[36] throughout the whole[37] world[38].

ਸਾਰੇ ਜਣੇ[31] ਜਗਤ[33] ਦੇ ਪਾਲਣ-ਪੋਸਣਹਾਰ[34] ਦੀਆਂ ਸਿਫਤਾਂ[35] ਉਚਾਰਨ ਕਰੋ[32] ਜੋ ਸਾਰੇ[37] ਸੰਸਾਰ[38] ਅੰਦਰ ਪ੍ਰਸਿੱਧ[36] ਹੈ ।

ਸਲੋਕ ਮ: ੪ ॥

Slok 4th Guru.

ਸਲੋਕ ਚੌਥੀ ਪਾਤਿਸ਼ਾਹੀ ।

ਗੁਰਮੁਖਿ[39] ਮਿਲੇ ਸਿ[40] ਸਜਣਾ[41] ਹਰਿ ਪ੍ਰਭ ਪਾਇਆ[42] ਰੰਗੁ[43] ॥

The[40] friends[41] who meet with the sublime Guru[39], are blessed[42] with the Lord God's love[43].

ਉਹ[40]ਮਿੱਤ੍ਰ[41]ਜੋ ਪ੍ਰਭੂ ਦੇ ਪ੍ਰੇਮੀ ਗੁਰਾਂ[39]ਨੂੰ ਮਿਲ ਪੈਂਦੇ ਹਨ, ਉਨ੍ਹਾਂ ਨੂੰ ਵਾਹਿਗੁਰੂ ਸੁਆਮੀ ਦੇ ਪਿਆਰ[43] ਦੀ ਦਾਤ ਮਿਲਦੀ[42] ਹੈ ।

ਜਨ ਨਾਨਕ ਨਾਮੁ ਸਲਾਹਿ[44] ਤੂ ਲੁਡਿ ਲੁਡਿ[45] ਦਰਗਹਿ[46] ਵੰਞੁ[47] ॥੧॥

O slave Nanak, praise[44] thou the Lord's Name, so that you may go[47] to the Lord's court[46] in utter joy[45].

ਹੇ ਗੋਲੇ ਨਾਨਕ ! ਤੂੰ ਪ੍ਰਭੂ ਦੇ ਨਾਮ ਦੀ ਪ੍ਰਸੰਸਾ[44] ਕਰ ਤਾਂ ਜੋ ਤੂੰ ਪ੍ਰਭੂ ਦੇ ਦਰਬਾਰ[46] ਵਿਚ ਅਤਿਅੰਤ ਖੁਸ਼ੀ[45] ਅੰਦਰ ਜਾ[47] ਸਕੇ ।

ਮ: ੪ ॥

4th Guru.

ਚੌਥੀ ਪਾਤਿਸ਼ਾਹੀ ।

ਹਰਿ ਤੂਹੈ ਦਾਤਾ[48] ਸਭਸ[49] ਦਾ ਸਭਿ ਜੀਅ[50] ਤੁਮ੍ਹਾਰੇ ॥

O God, Thou art the Beneficent Lord[48] of all[49] and all the beings[50] are Thine.

ਹੇ ਵਾਹਿਗੁਰੂ ! ਤੂੰ ਸਾਰਿਆਂ[49] ਦਾ ਦਾਤਾਰ ਸੁਆਮੀ[48] ਹੈਂ ਅਤੇ ਸਮੂਹ ਜੀਵ[50] ਤੇਰੇ ਹਨ ।

ਸਭਿ ਤੁਧੈ ਨੋ ਆਰਾਧਦੇ[51] ਦਾਨੁ[52] ਦੇਹਿ[53] ਪਿਆਰੇ[54] ॥

All of them meditate[51] on Thee, O Love[54] and Thou blessest[53] them with Thine bounties[52].

ਉਹ ਸਾਰੇ ਤੇਰਾ ਸਿਮਰਨ[51] ਕਰਦੇ ਹਨ, ਹੇ ਪ੍ਰੀਤਮਾ ! ਅਤੇ ਤੂੰ ਉਨ੍ਹਾਂ ਨੂੰ ਦਾਤਾਂ[52] ਬਖ਼ਸ਼ਦਾ[53] ਹੈਂ ।

ਹਰਿ ਦਾਤੈ ਦਾਤਾਰਿ[55] ਹਥੁ ਕਢਿਆ[56] ਮੀਹੁ ਵੁਠਾ[57] ਸੈਸਾਰੇ[58] ॥

God, the Beneficent[55] Giver just puts forth[56] His hand and the rain pours[57] on the world[58].

ਵਾਹਿਗੁਰੂ, ਦਰਿਆ ਦਿਲ[55] ਦਾਨੀ ਕੇਵਲ ਆਪਣਾ ਹੱਥ ਹੀ ਬਾਹਰ ਨੂੰ ਪਸਾਰਦਾ[56] ਹੈ ਕੇ ਸੰਸਾਰ[59] ਤੇ ਮੀਂਹ ਪੈਣ[57] ਲੱਗ ਜਾਂਦਾ ਹੈ ।

ਅੰਨੁ[59] ਜੰਮਿਆ[60] ਖੇਤੀ[61] ਭਾਉ[62] ਕਰਿ[63] ਹਰਿ ਨਾਮੁ ਸਮ੍ਹਾਰੇ[64] ॥

The corn[59] of the Name germinates[60] in the mind field[61] and man contemplates[64] God's Name with[63] love[62].

ਨਾਮ ਦਾ ਦਾਣਾ[59] ਮਨ ਦੇ ਖੇਤ[61] ਵਿਚ ਉਗ ਪੈਂਦਾ[60] ਹੈ ਅਤੇ ਮਨੁਸ਼ ਪਿਆਰ[62] ਨਾਲ[63] ਹਰੀ ਦੇ ਨਾਮ ਦਾ ਸਿਮਰਨ ਕਰਦਾ[64] ਹੈ ।

ਜਨੁ[65] ਨਾਨਕੁ ਮੰਗੈ[66] ਦਾਨੁ[67] ਪ੍ਰਭ ਹਰਿ ਨਾਮੁ ਅਧਾਰੇ[68] ॥੨॥

O my Lord God, slave[65] Nanak asks for[66] the gift[67] of the support[68] of Thy Name alone.

ਹੇ ਮੇਰੇ ਸੁਆਮੀ ਵਾਹਿਗੁਰੂ ! ਗੋਲਾ[65] ਨਾਨਕ ਕੇਵਲ ਤੇਰੇ ਨਾਮ ਦੇ ਆਸਰੇ[68] ਦੀ ਦਾਤ[67] ਦੀ ਯਾਚਨਾ ਕਰਦਾ[66] ਹੈ ।

ਪਉੜੀ ॥

Pauri.

ਪਉੜੀ ।

ਇਛਾ[69] ਮਨ ਕੀ ਪੂਰੀਐ[70] ਜਪੀਐ[71] ਸੁਖ ਸਾਗਰੁ[72] ॥

Meditating[71] on God, the Ocean[72] of peace, mind's aspirations[69] are fulfilled[70].

ਆਰਾਮ ਦੇ ਸਮੁੰਦਰ[72], ਵਾਹਿਗੁਰੂ ਦਾ ਸਿਮਰਨ ਕਰਨ ਦੁਆਰਾ[71], ਚਿੱਤ ਦੀਆਂ ਕਾਮਨਾਵਾਂ[69] ਪੂਰੀਆਂ ਹੋ ਜਾਂਦੀਆਂ[70] ਹਨ ।

ਹਰਿ ਕੇ ਚਰਨ[73]

Through the Guru's word[75], the

ਜਵੇਹਰਾਂ[76] ਦੀ ਖਾਣ[77], ਗੁਰਾਂ ਦੀ ਬਾਣੀ[75] ਰਾਹੀਂ ਪ੍ਰਭੂ

ਅਰਾਧੀਅਹਿ[74] ਗੁਰ ਸਬਦਿ[75] [76]ਰਤਨਾਗਰੁ[77] ॥
ਮਿਲਿ ਸਾਧੂ ਸੰਗਿ[78] ਉਧਾਰੁ[79] ਹੋਇ ਫਾਟੈ[80] ਜਮ[81] ਕਾਗਰੁ[82] ॥
ਜਨਮ[63] ਪਦਾਰਥੁ[84] ਜੀਤੀਐ[85] ਜਪਿ[86] ਹਰਿ ਬੈਰਾਗਰੁ[87] ॥
ਸਭਿ[91] ਪਵਹੁ[88] ਸਰਨਿ[89] ਸਤਿਗੁਰੂ ਕੀ ਬਿਨਸੈ[90] ਦੂਖ[92] ਦਾਗਰੁ[93] ॥੧੪॥

ਸਲੋਕ ਮ: ੪ ॥
ਹਉ[94] ਢੂੰਢੇਂਦੀ[95] ਸਜਣਾ[96] ਸਜਣੁ ਮੈਡੇ[97] ਨਾਲਿ[98] ॥
ਜਨ ਨਾਨਕ ਅਲਖੁ[99] ਨ ਲਖੀਐ[100] ਗੁਰਮੁਖਿ[2] ਦੇਹਿ ਦਿਖਾਲਿ[3] ॥੧॥

ਮ: ੪ ॥
ਨਾਨਕ ਪ੍ਰੀਤਿ[4] ਲਾਈ ਤਿਨਿ[5] ਸਚੈ[6] ਤਿਸੁ ਬਿਨੁ ਰਹਣੁ[7] ਨ ਜਾਈ ॥
ਸਤਿਗੁਰੁ ਮਿਲੈ ਤ[8] ਪੂਰਾ[9] ਪਾਈਐ[14] ਹਰਿ ਰਸਿ[10] ਰਸਨ[12] ਰਸਾਈ[13] ॥੨॥

ਪਉੜੀ ॥
ਕੋਈ[15] ਗਾਵੈ[16] ਕੋ ਸੁਣੈ[17] ਕੋ ਉਚਰਿ[18] ਸੁਨਾਵੈ[19] ॥
ਜਨਮ ਜਨਮ[20] ਕੀ ਮਲੁ[21] ਉਤਰੈ[22] ਮਨ[23] ਚਿੰਦਿਆ[24] ਪਾਵੈ ॥
ਆਵਣੁ[25] ਜਾਣਾ[26] ਮੇਟੀਐ[27] ਹਰਿ ਕੇ ਗੁਣ[28] ਗਾਵੈ[29] ॥

mine[77] of jewels[76], the Lord's feet[73] are meditated upon[74].
Meeting with the asints' society[78], man is dclivered[79] and papers[82] of his death's courier[81] are torn off[80].
Meditating[86] on the detched[87] Lord, one wins[85] the treasure[84] of human life[83].
Let everyone[91] seek[88] the True Guru's refuge[89], so that the stigma[93] of sorrow[92] may be blotted[90] out.

Slok 4th Guru.

I[94] have been searching[95] for my Friend[96], but my Friend is with[98] me[97].
O slave Nanak, the Invisible[99] Lord is seen[100] not. The supreme Guru[2] alone does hclp us to see[3] Him.

4th Guru.

Nanak, I am in love[4] with that[5] True Lord[6] of mine. Without Him, I can live[7] not.
When man meets with the True Guru, then[8] alone he attains[14] unto the Perfect[9] Lord and his tongue[12] enjoys[13] the Guru's Name-exlisir[10].

Pauri.

Some[15] sing[16], some hear[17] and some utter[18] and preach[19] the Lord's praises.
Their filth[21] of many births[20] is washed off[22] and they obtain their [23]heart-desired[24] fruits.
Their comings[25] and goings[26] are ended[27] and they sing[29] their God's praises[28].

ਦੇ ਪੈਰਾਂ[73] ਦਾ ਸਿਮਰਨ ਕੀਤਾ ਜਾਂਦਾ[74] ਹੈ ।

ਸਤਿਸੰਗਤ[78] ਨਾਲ ਜੁੜ ਕੇ, ਜੀਵ ਤਰ ਜਾਂਦਾ[79] ਹੈ ਅਤੇ ਉਸ ਦੀ ਮੌਤ ਦੇ ਦੂਤ[81] ਦੇ ਕਾਗਜ਼[82] ਪਾਟ ਜਾਂਦੇ[80] ਹਨ ।
ਨਿਰਲੇਪ[87] ਸੁਆਮੀ ਦਾ ਸਿਮਰਨ ਕਰਨ[86] ਦੁਆਰਾ, ਇਨਸਾਨ ਮਨੁਸ਼ੀ ਜੀਵਨ[83] ਦੇ ਖਜ਼ਾਨੇ[84] ਨੂੰ ਜਿੱਤ ਲੈਂਦਾ[85] ਹੈ ।
ਸਾਰੇ ਜਣੇ[91] ਸੱਚੇ ਗੁਰਾਂ ਦੀ ਪਨਾਹ[89] ਲਓ[88], ਤਾਂ ਜੋ ਪੀੜ[92] ਦਾ ਦਾਗ਼[93] ਮਿਟ ਜਾਵੇ[90] ।

ਸਲੋਕ ਚੌਥੀ ਪਾਤਿਸ਼ਾਹੀ ।

ਮੈਂ[94] ਆਪਣੇ ਮਿੱਤਰ[96] ਨੂੰ ਲੱਭਦਾ[95] ਰਿਹਾ ਹਾਂ, ਪ੍ਰੰਤੂ ਮੇਰਾ ਮਿੱਤਰ ਮੇਰੇ[97] ਅੰਗ ਸੰਗ[98] ਹੈ ।
ਹੇ ਗੋਲੇ ਨਾਨਕ ! ਅਦ੍ਰਿਸ਼ਟ[99] ਪ੍ਰਭੂ ਦਿਸਦਾ[100] ਨਹੀਂ ।
ਮੁਖੀ ਗੁਰਦੇਵ[2] ਜੀ ਉਸ ਨੂੰ ਵਿਖਾਲ ਦੇਂਦੇ[3] ਹਨ ।

ਚੌਥੀ ਪਾਤਿਸ਼ਾਹੀ ।

ਨਾਨਕ, ਮੇਰਾ ਉਸ[5] ਆਪਣੇ ਸੱਚੇ ਸੁਆਮੀ[6] ਨਾਲ ਪਿਆਰ[4] ਪੈ ਗਿਆ ਹੈ । ਉਸ ਦੇ ਬਾਝੋਂ, ਮੈਂ ਜੀਉ[7] ਨਹੀਂ ਸਕਦਾ ।
ਜਦ ਜੀਵ ਸੱਚੇ ਗੁਰਾਂ ਨੂੰ ਮਿਲ ਪੈਂਦਾ ਹੈ, ਕੇਵਲ ਤਦ[8] ਹੀ ਉਹ ਪੂਰਨ[9] ਪ੍ਰਭੂ ਨੂੰ ਪ੍ਰਾਪਤ ਹੁੰਦਾ[14] ਹੈ ਅਤੇ ਉਸ ਦੀ ਜੀਭ[12] ਵਾਹਿਗੁਰੂ ਦੇ ਨਾਮ ਅੰਮ੍ਰਿਤ[10] ਨੂੰ ਮਾਣਦੀ[13] ਹੈ ।

ਪਉੜੀ ।

ਸਾਹਿਬ ਦੀਆਂ ਸਿਫ਼ਤਾਂ ਨੂੰ ਕਈ[15] ਗਾਉਂਦੇ[16], ਕਈ ਸੁਣਦੇ[17] ਅਤੇ ਕਈ ਉਚਾਰਦੇ[18] ਤੇ ਪ੍ਰਚਾਰਦੇ[19] ਹਨ ।
ਉਨ੍ਹਾਂ ਦੀ ਅਨੇਕਾਂ ਜਨਮਾਂ[20] ਦੀ ਮੈਲ[21] ਧੋਤੀ ਜਾਂਦੀ[22] ਹੈ ਅਤੇ ਉਹ ਆਪਣੇ [23]ਚਿਤ-ਚਾਹੁੰਦੇ[24] ਫਲ ਪਾ ਲੈਂਦੇ ਹਨ ।
ਉਨ੍ਹਾਂ ਦੇ ਆਉਣੇ[25] ਅਤੇ ਜਾਣੇ[26] ਮੁਕ ਜਾਂਦੇ[27] ਹਨ ਅਤੇ ਉਹ ਆਪਣੇ ਵਾਹਿਗੁਰੂ ਦੀਆਂ ਸਿਫ਼ਤਾਂ[28] ਗਾਇਨ ਕਰਦੇ[29] ਹਨ ।

ਆਪਿ ਤਰਹਿ[33] ਸੰਗੀ[30] ਤਰਾਹਿ[31] ਸਭ ਕੁਟੰਬੁ[32] ਤਰਾਵੈ ॥
ਜਨੁ ਨਾਨਕੁ ਤਿਸੁ[34] ਬਲਿਹਾਰਣੈ[35] ਜੋ ਮੇਰੇ ਹਰਿ ਪ੍ਰਭ ਭਾਵੈ[36] ॥੧੫॥ ੧॥ਸੁਧੁ॥

They save[33] themselves, save[31] their friends[30] and save all their generations[32] as well.
Slave Nanak is a sacrifice[35] unto him[34], who is pleasing[36] to my God Lord.

ਉਹ ਖ਼ੁਦ ਤਰ ਜਾਂਦੇ[33] ਹਨ, ਆਪਣੇ ਸਾਥੀਆਂ[30] ਨੂੰ ਪਾਰ ਕਰ ਦਿੰਦੇ[31] ਹਨ ਅਤੇ ਆਪਣੀਆਂ ਸਾਰੀਆਂ ਪੀੜ੍ਹੀਆਂ[32] ਨੂੰ ਭੀ ਤਾਰ ਦਿੰਦੇ ਹਨ ।
ਗੋਲਾ ਨਾਨਕ ਉਸ[34] ਉਤੋਂ ਕੁਰਬਾਨ ਜਾਂਦਾ[35] ਹੈ, ਜਿਹੜਾ ਮੇਰੇ ਵਾਹਿਗੁਰੂ ਸੁਆਮੀ ਨੂੰ ਚੰਗਾ ਲਗਦਾ[36] ਹੈ ।

ਰਾਗੁ ਕਾਨੜਾ
ਬਾਣੀ[37] ਨਾਮਦੇਵ ਜੀਉ[38] ਕੀ

Rag Kanra
Hymns[37] of Sire[38] Nam Dev

ਰਾਗੁ ਕਾਨੜਾ
ਸ਼ਬਦ[37] ਮਹਾਰਾਜ[38] ਨਾਮਦੇਵ ਜੀ ਦੇ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, is He obtained..

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।

ਐਸੋ[39] ਰਾਮ[40] ਰਾਇ[41] ਅੰਤਰਜਾਮੀ[42] ॥ ਜੈਸੇ[43] ਦਰਪਨ[44] ਮਾਹਿ[45] ਬਦਨ[46] ਪਰਵਾਨੀ[47] ॥੧॥ਰਹਾਉ॥

The Sovereign[41] Lord[40], the Inner Knower[42], is so[39] seeing everything, as[43] one clearly[47] sees one's countenance[46] in[45] a mirror[44]. Pause.

ਅੰਦਰਲੀਆਂ ਜਾਣਨਹਾਰ[42], ਪਾਤਿਸ਼ਾਹ[41] ਪਰਮੇਸ਼ਰ[40] ਹਰ ਸ਼ੈ ਨੂੰ ਇਸ ਤਰ੍ਹਾਂ[39] ਵੇਖ ਰਿਹਾ ਹੈ, ਜਿਸ ਤਰ੍ਹਾਂ[43] ਸ਼ੀਸ਼ੇ[44] ਵਿਚ[45] ਆਦਮੀ ਆਪਣੇ ਚਿਹਰੇ[46] ਨੂੰ ਸਾਫ਼[47] ਹੀ ਵੇਖ ਲੈਂਦਾ ਹੈ । ਠਹਿਰਾਉ ।

ਬਸੈ ਘਟਾ ਘਟ[48] ਲੀਪ[49] ਨ ਛੀਪੈ[50] ॥

He abides in every heart[48] and no impurity[49] or stigma[50] attaches to Him.

ਉਹ ਹਰ ਦਿਲ[48] ਅੰਦਰ ਵਸਦਾ ਹੈ ਅਤੇ ਉਸ ਨੂੰ ਕੋਈ ਅਪਵਿਤ੍ਰਤਾ[49] ਜਾਂ ਕਲੰਕ[50] ਨਹੀਂ ਚਿਮੜਦਾ ।

ਬੰਧਨ[51] ਮੁਕਤਾ[52] ਜਾਤੁ[53] ਨ ਦੀਸੈ[54] ॥੧॥

He is free[52] from entanglements[51] and does not Seem[54] to belong to any caste[53].

ਉਹ ਬੰਧਨਾਂ[51] ਤੋਂ ਆਜ਼ਾਦ[52] ਹੈ ਅਤੇ ਕਿਸੇ ਭੀ ਜਾਤ[53] ਨਾਲ ਸੰਬੰਧਤ ਦਿਸ[54] ਨਹੀਂ ਆਉਂਦਾ ।

ਪਾਨੀ ਮਾਹਿ[55] ਦੇਖੁ ਮੁਖੁ[56] ਜੈਸਾ[57] ॥ ਨਾਮੇ ਕੋ ਸੁਆਮੀ[58] ਬੀਠਲੁ[59] ਐਸਾ[60] ॥੨॥੧॥

As[57] man sees his countenance[56] reflected in[55] clear water, so[60] does he see the Beloved[59] Lord[58] of Nama in the clear mind.

ਜਿਸ ਤਰ੍ਹਾਂ[57] ਬੰਦਾ ਸਾਫ਼ ਪਾਣੀ ਵਿਚ[55] ਆਪਣੇ ਚਿਹਰੇ[56] ਦੇ ਅਕਸ ਨੂੰ ਵੇਖ ਲੈਂਦਾ ਹੈ, ਏਸੇ ਤਰ੍ਹਾਂ[60] ਹੀ ਸਾਫ਼ ਮਨ ਅੰਦਰ ਉਹ ਨਾਮੇ ਦੇ ਪਿਆਰੇ[59] ਪ੍ਰਭੂ[58] ਨੂੰ ਵੇਖ ਲੈਂਦਾ ਹੈ ।

੧੩੧੯

ਰਾਗੁ ਕਲਿਆਨ
ਮਹਲਾ ੪

Rag Kalyan
4th Guru

ਰਾਗੁ ਕਲਿਆਨ
ਚੌਥੀ ਪਾਤਿਸ਼ਾਹੀ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ

There is but One God. True is His Name, creative His personality and Immortal His Form. He is fearless,

ਵਾਹਿਗੁਰੂ ਕੇਵਲ ਇਕ ਹੈ । ਸੱਚਾ ਹੈ ਉਸ ਦਾ ਨਾਮ, ਰਚਨਹਾਰ ਉਸ ਦੀ ਵਿਅਕਤੀ ਅਤੇ ਅਮਰ ਉਸ ਦਾ ਸਰੂਪ । ਉਹ ਨਿੱਡਰ, ਦੁਸ਼ਮਨੀ ਰਹਿਤ, ਅਜਨਮਾ ਅਤੇ

ਸੈਭੰ ਗੁਰ ਪ੍ਰਸਾਦਿ ॥	sans enmity, beyond birth and self-illumined. By the Guru's grace, He is obtained.	ਸਵੈ-ਪ੍ਰਕਾਸ਼ਵਾਨ ਹੈ । ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।
ਰਾਮਾ[61] ਰਮ[62] ਰਾਮੈ[63] ਅੰਤੁ[64] ਨ ਪਾਇਆ[65] ॥	Of the Beauteous[62] and All-pervading[63] Lord[61], no one has found[65] the limit[64].	ਸੁੰਦਰ[62] ਅਤੇ ਸਰਬ-ਵਿਆਪਕ[63] ਸੁਆਮੀ[61] ਦੇ ਓੜਕ[64] ਦਾ ਕਿਸੇ ਨੂੰ ਭੀ ਪਤਾ[65] ਨਹੀਂ ਲੱਗਾ ।
ਹਮ ਬਾਰਿਕ[66] ਪ੍ਰਤਿਪਾਰੇ[67] ਤੁਮਰੇ ਤੂ ਬਡਪੁਰਖੁ[68] ਪਿਤਾ[70] ਮੇਰਾ ਮਾਇਆ[71] ॥ ੧॥ਰਹਾਉ॥	O Great[68] God[69], Thou art my Father[70] and Mother[71]. I am a child[66] of Thine and by Thee am I sustained[67]. Pause.	ਹੇ ਵਿਸ਼ਾਲ[68] ਵਾਹਿਗੁਰੂ[69] ! ਤੂੰ ਮੈਂਡਾ ਬਾਬਲ[70] ਅਤੇ ਅੰਮੜੀ[71] ਹੈਂ । ਮੈਂ ਤੇਰਾ ਬੱਚਾ[66] ਹਾਂ ਅਤੇ ਤੂੰ ਹੀ ਮੇਰੀ ਪਾਲਣਾ-ਪੋਸਣਾ ਕਰਦਾ[67] ਹੈਂ ਠਹਿਰਾਉ ।
ਹਰਿ ਕੇ ਨਾਮ ਅਸੰਖ[72] ਅਗਮ[73] ਹਹਿ[74] ਅਗਮ[75] ਅਗਮ[76] ਹਰਿ ਰਾਇਆ[77] ॥	Innumerable[72] and Inscrutable[73] are[74] the Names of God. My God, the King[77], is Unapproachable[75] and Unfathomable[76].	ਅਣਗਿਣਤ[72] ਅਤੇ ਅਥੇਹ[73] ਹਨ[74] ਵਾਹਿਗੁਰੂ ਦੇ ਨਾਮ, ਮੇਰਾ ਵਾਹਿਗੁਰੂ, ਪਾਤਿਸ਼ਾਹ[77], ਪਹੁੰਚ ਤੋਂ ਪਰੇ[75] ਅਤੇ ਅਥਾਹ[76] ਹੈ ।
ਗੁਣੀ[78] ਗਿਆਨੀ[79] ਸੁਰਤਿ[80] ਬਹੁ[81] ਕੀਨੀ ਇਕੁ ਤਿਲੁ[82] ਨਹੀ ਕੀਮਤਿ[83] ਪਾਇਆ[84] ॥ ੧॥	The men of virtue[78] and gnosis[79] have given great[81] thought[80] to Thee, but they have found[84] not even an iota[82] of Thy worth[83], O Lord.	ਨੇਕ[78] ਅਤੇ ਗਿਆਨਵਾਨ[79] ਬੰਦਿਆਂ ਨੇ ਤੇਰੇ ਬਾਰੇ ਬਹੁਤਾ[81] ਹੀ ਸੋਚਿਆ ਵੀਚਾਰਿਆ[80] ਹੈ, ਪ੍ਰੰਤੂ ਤੇਰੇ ਮੁੱਲ[83] ਦਾ ਉਨ੍ਹਾਂ ਨੂੰ ਇਕ ਭੋਰਾ[82] ਭਰ ਭੀ ਪਤਾ[84] ਨਹੀਂ ਲੱਗਾ, ਹੇ ਪ੍ਰਭੂ !
ਗੋਬਿਦ[85] ਗੁਣ[86] [87]ਗੋਬਿਦ[88] ਸਦ[89] ਗਾਵਹਿ[91] ਗੁਣ ਗੋਬਿਦੁ ਅੰਤੁ[90] ਨ ਪਾਇਆ ॥	They ever[89] sing[91] the praises[86] of God[85], the Lord[98] of the world[87], but of the Lord's praises, they found not the limit[90].	ਉਹ ਸਦੀਵ[89] ਹੀ ਸੰਸਾਰ[87] ਦੇ ਸੁਆਮੀ[88], ਵਾਹਿਗੁਰੂ[85] ਦੀਆਂ ਸਿਫਤਾਂ[86] ਗਾਇਨ ਕਰਦੇ[91] ਹਨ, ਪ੍ਰੰਤੂ ਸੁਆਮੀ ਦੀਆਂ ਸਿਫਤਾਂ ਦੇ ਓੜਕ[90] ਦਾ ਉਨ੍ਹਾਂ ਨੂੰ ਪਤਾ ਨਹੀਂ ਲਗ ਸਕਿਆ ।
ਤੂ ਅਮਿਤਿ[92] ਅਤੋਲੁ[93] ਅਪਰੰਪਰ[94] ਸੁਆਮੀ ਬਹੁ[95] ਜਪੀਐ[96] ਥਾਹ[97] ਨ ਪਾਇਆ[98] ॥੨॥	Immeasurable[92], Unweighable[93] and Illimitable[94] art Thou, O Lord. Howsoever much[95] man may meditate[96] on Thee, he can fathom[98] not Thy depth[97].	ਅਮਾਪ[92], ਅਜੋਖ[93] ਅਤੇ ਹੱਦ ਬੰਨਾ-ਰਹਿਤ[94] ਹੈਂ ਤੂੰ, ਹੇ ਸਾਹਿਬ ! ਜਿੰਨਾ ਭੀ ਜ਼ਿਆਦਾ[95] ਬੰਦਾ ਭਜਨ ਪਿਆ ਕਰੇ[96], ਉਸ ਨੂੰ ਤੇਰੀ ਡੂੰਘਾਈ[97] ਦਾ ਪਤਾ[98] ਨਹੀਂ ਲਗਦਾ ।
ਉਸਤਤਿ[99] ਕਰਹਿ ਤੁਮਰੀ ਜਨ[100] [23]ਮਾਧੋ ਗੁਨ[4] ਗਾਵਹਿ[5] ਹਰਿ ਰਾਇਆ[6] ॥	O the Spouse[3] of mammon[2], the saints[100] praise[99] Thee and sing[5] Thine virtues[4], O God, the King[6].	ਹੇ ਮਾਇਆ[2] ਦੇ ਪਤੀ[3] ! ਸਾਧੂ[100] ਤੇਰੀ ਪ੍ਰਸੰਸਾ ਕਰਦੇ[99] ਹਨ ਅਤੇ ਤੇਰੀਆਂ ਨੇਕੀਆਂ[4] ਗਾਉਂਦੇ[5] ਹਨ, ਹੇ ਵਾਹਿਗੁਰੂ, ਪਾਤਿਸ਼ਾਹ[6] !
ਤੁਮ ਜਲ[7] ਨਿਧਿ[8] ਹਮ ਮੀਨੇ[9] ਤੁਮਰੇ ਤੇਰਾ ਅੰਤੁ[10] ਨ ਕਤਹੂ[12] ਪਾਇਆ[13] ॥੩॥	Thou art an ocean[8] of water[7] and I am a fish[9] of Thine. No one has ever[12] found[13] Thy end[10].	ਤੂੰ ਪਾਣੀ[7] ਦਾ ਸਮੁੰਦਰ[8] ਹੈਂ ਅਤੇ ਮੈਂ ਤੇਰੀ ਮੱਛੀ[9] ਹਾਂ । ਤੇਰੇ ਅਖੀਰ[10] ਦਾ ਕਦੇ[12] ਕਿਸੇ ਨੂੰ ਪਤਾ[13] ਨਹੀਂ ਲੱਗਾ ।
ਜਨ[14] ਕਉ ਕ੍ਰਿਪਾ[15]]	Show[16] Thou mercy[15] unto me, Thy	ਤੂੰ, ਮੈਂ, ਆਪਣੇ ਗੋਲੇ[14] ਉਤੇ ਮਿਹਰ[15] ਧਾਰ[16], ਹੇ

ਕਰਹੁ[16] ਮਧ[17] ਸੂਦਨ[18] ਹਰਿ ਦੇਵਹੁ ਨਾਮੁ ਜਪਾਇਆ[19] ॥

slave[14], O God, the Lover[18] of Name-Nectar[17] and bless Thou me with meditation[19] of Thy Name.

ਹਰੀ ! ਨਾਮ ਅੰਮ੍ਰਿਤ[17] ਦੇ ਪ੍ਰੀਤਮ[18] ਅਤੇ ਮੇਰੇ ਪਾਸੋਂ ਆਪਣੇ ਨਾਮ ਦਾ ਉਚਾਰਨ ਕਰਵਾ[19] ।

ਮੈ ਮੂਰਖ[20] ਅੰਧੁਲੇ[21] ਨਾਮੁ ਟੇਕ[22] ਹੈ ਜਨ[23] ਨਾਨਕ ਗੁਰਮੁਖਿ[24] ਪਾਇਆ[25] ॥ ੪॥੧॥

For me, the blind[21] fool[20], the Name is the only support[22]. Through the Guru's grace[24], slave[23] Nanak is blessed with[25] the Lord's Name.

ਮੈਂ, ਅੰਨ੍ਹੇ[21] ਮੂੜ੍ਹ[20] ਨੂੰ ਕੇਵਲ ਨਾਮ ਦਾ ਹੀ ਆਸਰਾ[22] ਹੈ । ਗੁਰਾਂ ਦੀ ਦਇਆ[24] ਰਾਹੀਂ, ਗੋਲੇ[23] ਨਾਨਕ ਨੂੰ ਪ੍ਰਭੂ ਦਾ ਨਾਮ ਪ੍ਰਦਾਨ ਹੋ ਗਿਆ[25] ਹੈ ।

ਕਲਿਆਨ ਮਹਲਾ ੪ ॥

Kalyan 4th Guru.

ਕਲਿਆਨ ਚੌਥੀ ਪਾਤਿਸ਼ਾਹੀ ।

ਹਰਿ ਜਨੁ[26] ਗੁਨ[27] ਗਾਵਤ[28] ਹਸਿਆ[29] ॥

Singing[28] the Lord's praise[27], the Lord's slave[26] blossoms[29] forth.

ਸੁਆਮੀ ਦਾ ਜੱਸ[27] ਗਾਇਨ ਕਰਨ[28] ਦੁਆਰਾ, ਸੁਆਮੀ ਦਾ ਗੋਲਾ[26] ਪ੍ਰਫੁਲਤ ਹੋ ਜਾਂਦਾ[29] ਹੈ ।

ਹਰਿ ਹਰਿ[37] ਭਗਤਿ[30] ਬਨੀ[31] ਮਤਿ[32] ਗੁਰਮਤਿ[33] ਧੁਰਿ[34] ਮਸਤਕਿ[35] ਪ੍ਰਭਿ ਲਿਖਿਆ[36] ॥੧॥ਰਹਾਉ॥

By the Guru's instructions[33], my mind[32] is embellished[31] with the Lord God's[37] meditation[30]. Such is the Lord's primal[34] writ[36] on my forehead[35]. Pause.

ਗੁਰੂ ਦੇ ਉਪਦੇਸ਼[33] ਦੁਆਰਾ, ਸੁਆਮੀ ਵਾਹਿਗੁਰੂ[37] ਦੇ ਸਿਮਰਨ[30] ਨਾਲ ਮੇਰਾ ਮਨ[32] ਸ਼ਸ਼ੋਭਤ ਹੋ ਗਿਆ[31] ਹੈ । ਐਹੋ ਜੇਹੀ ਹੈ ਸੁਆਮੀ ਦੀ ਪਰਾਪੂਰਬਲੀ[34] ਲਿਖਤਾ-ਕਾਰ[36] ਮੇਰੇ ਮੱਥੇ[35] ਉਤੇ । ਠਹਿਰਾਉ ।

ਗੁਰ ਕੇ ਪਗ[38] ਸਿਮਰਉ[39] ਦਿਨੁ ਰਾਤੀ ਮਨਿ[40] ਹਰਿ ਹਰਿ ਹਰਿ ਬਸਿਆ[41] ॥

Day and night, contemplate[39] I, the Guru's feet[38] and, therefore, God, the Lord Master. comes to abide[41] within my mind[40].

ਦਿਹੁੰ ਅਤੇ ਰੈਣ ਮੈਂ ਗੁਰਾਂ ਦੇ ਪੈਰਾਂ[38] ਦਾ ਆਰਾਧਨ ਕਰਦਾ[39] ਹਾਂ ਅਤੇ ਇਸ ਲਈ ਵਾਹਿਗੁਰੂ ਸੁਆਮੀ ਮਾਲਕ ਆ ਕੇ ਮੇਰੇ ਚਿੱਤ[40] ਵਿਚ ਟਿਕ ਗਿਆ[41] ਹੈ ।

ਹਰਿ ਹਰਿ ਹਰਿ ਕੀਰਤਿ[42] ਜਗਿ[43] ਸਾਰੀ[44] ਘਸਿ[45] ਚੰਦਨੁ[46] ਜਸੁ[47] ਘਸਿਆ[48] ॥ ੧॥

In this world[43], sublime[44] is the Lord God Master's praise[42]. I utter[48] the Lord's praise[47] and this is the sandal[46] that grate[45] I.

ਇਸ ਸੰਸਾਰ[43] ਅੰਦਰ ਸ੍ਰੇਸ਼ਟ[44] ਹੈ ਸੁਆਮੀ, ਅਕਾਲ ਪੁਰਖ ਵਾਹਿਗੁਰੂ ਦੀ ਉਸਤਤੀ[42] । ਮੈਂ ਸੁਆਮੀ ਦੀ ਉਸਤਤੀ[47] ਦਾ ਉਚਾਰਨ ਕਰਦਾ[48] ਹਾਂ ਅਤੇ ਇਹ ਹੀ ਹੈ ਚੰਨਣ[46] ਜੋ ਮੈਂ ਘਸਾਉਂਦਾ[45] ਹਾਂ ।

ਹਰਿ ਜਨ[49] ਹਰਿ ਹਰਿ ਹਰਿ[50] ਲਿਵਲਾਈ[51] ਸਭਿ ਸਾਕਤ[52] ਖੋਜਿ[53] ਪਇਆ ॥

The Lord's slave[49] is attuned[51] to the Lord God's Name[50] and all the mammon-worshippers[52] are after[53] him to harm him.

ਸਾਂਈਂ ਦੇ ਗੋਲੇ[49] ਦੀ ਸੁਆਮੀ ਵਾਹਿਗੁਰੂ ਦੇ ਨਾਮ[50] ਨਾਲ ਪਿਰਹੜੀ ਪਈ ਹੋਈ[51] ਹੈ ਅਤੇ ਮਾਇਆ ਦੇ ਪੁਜਾਰੀ[52] ਸਾਰੇ ਹੀ ਉਸ ਨੂੰ ਨੁਕਸਾਨ ਪਹੁੰਚਾਉਣ ਲਈ ਉਸ ਦਾ ਪਿਛਾ ਕਰਦੇ[53] ਹਨ ।

ਜਿਉ[54] ਕਿਰਤ[55] ਸੰਜੋਗਿ[56] ਚਲਿਓ[57] ਨਰ[58] ਨਿੰਦਕੁ[59] ਪਗੁ[60] ਨਾਗਨਿ[61] ਛੁਹਿ[62] ਜਲਿਆ[63] ॥੨॥

As[54] is the writ[56] of his past deeds[55], so does the slanderous[59] person[58] walk[57]. His foot[60] stumbles[62] upon the she-snake[61] and he is burnt[63] by its sting.

ਜਿਸ ਤਰ੍ਹਾਂ[54] ਦੀ ਉਸ ਦੇ ਪੂਰਬਲੇ ਕਰਮਾਂ[55] ਦੀ ਲਿਖਤਾਕਾਰ[56] ਹੈ ਉਸੇ ਤਰ੍ਹਾਂ ਹੀ ਛਿਦ੍ਰ ਲਾਉਣ ਵਾਲਾ[59] ਪੁਰਸ਼[58] ਟੁਰਦਾ[57] ਹੈ । ਉਸ ਦਾ ਪੈਰ[60] ਸੱਪਣੀ[61] ਨਾਲ ਠੁਕਰਾ ਜਾਂਦਾ[62] ਹੈ ਅਤੇ ਉਹ (ਡੰਗਿਆ) ਜਾਂ (ਸੜ ਬਲ[63]) ਜਾਂਦਾ ਹੈ ।

ਜਨ[64] ਕੇ ਤੁਮ ਹਰਿ ਰਾਖੇ[65] ਸੁਆਮੀ ਤੁਮ ਜੁਗਿ ਜੁਗਿ[66] ਜਨ ਰਖਿਆ[67] ॥

O my Lord God, Thou art the Saviour[65] of Thy slave[64]. Thou savest[67] Thy slave in every age[66].

ਹੇ ਮੇਰੇ ਸਾਂਈਂ ਹਰੀ ! ਤੂੰ ਆਪਣੇ ਗੋਲੇ[64] ਦਾ ਰਖਵਾਲਾ[65] ਹੈਂ । ਹਰ ਯੁਗ[66] ਅੰਦਰ ਤੂੰ ਆਪਣੇ ਗੋਲੇ ਦੀ ਰਖਿਆ ਕਰਦਾ[67] ਹੈਂ ।

ਕਹਾ[69] ਭਇਆ[68] ਦੇਤਿ[69*] ਕਰੀ ਬਖੀਲੀ[70] ਸਭ ਕਰਿ ਕਰਿ ਝਰਿ ਪਰਿਆ[71] ॥ ੩॥

What[69] does it matters[68], if a demon[69*] talks ill[70] of the saint. By so doing and acting all are sacked[71].

ਕੀ[69] ਹੋਇਆ[68], ਜੇਕਰ ਰਾਖ਼ਸ਼[69*] ਸਾਧੂ ਦੀ ਬਦਖੋਈ ਕਰਦਾ[70] ਹੈ। ਇਸ ਤਰ੍ਹਾਂ ਦੀ ਕਥਨੀ ਅਤੇ ਕਰਨੀ ਦੁਆਰਾ ਸਾਰੇ ਤਬਾਹ ਹੋ ਜਾਂਦੇ[71] ਹਨ।

ਜੇਤੇ[72] ਜੀਅ ਜੰਤ[73] ਪ੍ਰਭਿ ਕੀਏ[74] ਸਭਿ ਕਾਲੈ[75] ਮੁਖਿ[76] ਗ੍ਰਸਿਆ[77] ॥

All those[72] creatures[73], created[74] by the Lord, are ultimately caught[77] in the mouth[76] of death[75].

ਜਿੰਨੇ ਭੀ[72] ਜੀਵ-ਜੰਤੂ[73], ਪ੍ਰਭੂ ਨੇ ਪੈਦਾ ਕੀਤੇ[74] ਹਨ; ਉਹ ਸਾਰੇ ਆਖਰ ਨੂੰ ਮੌਤ[75] ਦੇ ਮੂੰਹ[76] ਵਿਚ ਪਕੜੇ ਜਾਂਦੇ[77] ਹਨ।

ਹਰਿ ਜਨ[78] ਹਰਿ ਹਰਿ ਹਰਿ ਪ੍ਰਭਿ ਰਾਖੇ[79] ਜਨ[80] ਨਾਨਕ ਸਰਨਿ[81] ਪਇਆ[82] ॥ ੪॥੨॥

God's saints[78], O slave[80] Nanak, Lord God, yea, the Lord God, of Himself, protects[79], for, they repair[82] to His protection[81].

ਹਰੀ ਦੇ ਸੰਤਾਂ[78] ਦੀ, ਹਰੀ, ਅਕਾਲ ਪੁਰਖ, ਵਾਹਿਗੁਰੂ, ਸੁਆਮੀ ਖ਼ੁਦ ਹੀ ਰੱਖਿਆ ਕਰਦਾ[79] ਹੈ, ਹੇ ਗੋਲੇ[80] ਨਾਨਕ! ਕਿਉਂ ਜੋ ਉਹ ਉਸ ਦੀ ਪਨਾਹ[81] ਲੈਂਦੇ[82] ਹਨ।

੧੩੨੦

ਕਲਿਆਨ ਮਹਲਾ ੪ ॥

Kalyan 4th Guru.

ਕਲਿਆਨ ਚੌਥੀ ਪਾਤਿਸ਼ਾਹੀ।

ਮੇਰੇ ਮਨ[83] ਜਪੁ[84] ਜਪਿ[85] [86]ਜਗੰਨਾਥੇ[87] ॥

O my soul[83], utter[85] thou the Name[84] of the Lord[87] of the universe[86].

ਹੇ ਮੇਰੀ ਜਿੰਦੜੀਏ[83]! ਤੂੰ ਸ੍ਰਿਸ਼ਟੀ[86] ਦੇ ਸੁਆਮੀ[87] ਦੇ ਨਾਮ[84] ਦਾ ਉਚਾਰਨ[85] ਕਰ।

ਗੁਰ ਉਪਦੇਸਿ[88] ਹਰਿ ਨਾਮੁ ਧਿਆਇਓ[89] ਸਭਿ ਕਿਲਬਿਖ[90] ਦੁਖ[91*] ਲਾਥੇ[91] ॥੧॥ਰਹਾਉ॥

Contemplating[89] the God's Name by the Guru's instructions[88], I am rid[91] of all my sins[90] and sorrows[91*]. Pause.

ਗੁਰਾਂ ਦੇ ਉਪਦੇਸ਼[88] ਦੁਆਰਾ, ਵਾਹਿਗੁਰੂ ਦੇ ਨਾਮ ਦਾ ਆਰਾਧਨ[89] ਕਰ, ਮੈਂ ਆਪਣੇ ਸਾਰੇ ਪਾਪਾਂ[90] ਅਤੇ ਦੁਖੜਿਆਂ[91*] ਤੋਂ ਖ਼ਲਾਸੀ[91] ਪਾ ਗਿਆ ਹਾਂ। ਠਹਿਰਾਉ।

ਰਸਨਾ ਏਕ ਜਸੁ[92] ਗਾਇ ਨ ਸਾਕੈ ਬਹੁ ਕੀਜੈ[95] ਬਹੁ[93] ਰਸੁਨਥੇ[94] ॥

My one tongue is insufficient to sing Thine praises[92]. O my Lord, bless[93] Thou me with many, good many, yea, good many[93] tongues[94].

ਮੇਰੀ ਇਕ ਜੀਭ ਤੇਰੀ ਮਹਿਮਾ[92] ਗਾਇਨ ਨਹੀਂ ਕਰ ਸਕਦੀ। ਹੇ ਮੇਰੇ ਸਾਂਈਂ! ਤੂੰ ਮੈਨੂੰ ਬਹੁਤੀਆਂ, ਸਾਰੀਆਂ[93] ਜੀਭ੍ਹਾਂ[94] ਪ੍ਰਦਾਨ[95] ਕਰ।

ਬਾਰ ਬਾਰ[96] ਖਿਨੁ[97] ਪਲ[98] ਸਭਿ[99] ਗਾਵਹਿ ਗੁਨ[100] ਕਹਿ[2] ਨ ਸਕਹਿ ਪ੍ਰਭ ਤੁਮਨਥੇ[3] ॥੧॥

With all[99] those tongues, every moment[97] and trice[98], I would sing Thine praises[100], over and over again[96], although even then, I would not be able to say[2] all Thine[3] praises. O my Lord.

ਉਨ੍ਹਾਂ ਸਾਰੀਆਂ[99] ਜੀਭ੍ਹਾ ਨਾਲ, ਹਰ ਮੁਹਤ[97] ਅਤੇ ਹਰ ਚਸਾ[98] ਮੁੜ ਮੁੜ ਕੇ[96], ਮੈਂ ਤੇਰੀਆਂ ਸਿਫ਼ਤਾਂ[100] ਗਾਇਨ ਕਰਾਂਗਾ, ਭਾਵੇਂ ਫਿਰ ਭੀ ਮੈਂ ਤੇਰੀਆਂ[3] ਸਾਰੀਆਂ ਸਿਫ਼ਤਾਂ ਆਖ[2] ਨਹੀਂ ਸਕਾਂਗਾ, ਹੇ ਮੇਰੇ ਸੁਆਮੀ!

ਹਮ ਬਹੁ[4] ਪ੍ਰੀਤਿ[5] ਲਗੀ ਪ੍ਰਭ ਸੁਆਮੀ ਹਮ ਲੋਚਹ[6] ਪ੍ਰਭੁ ਦਿਖਨਥੇ[7] ॥

O my God, the Lord Master, I am deeply[4] in love[5] with Thee and long[6] to see[7] Thy vision.

ਹੇ ਮੇਰੇ ਵਾਹਿਗੁਰੂ ਸੁਆਮੀ ਮਾਲਕ! ਮੇਰਾ ਤੇਰੇ ਨਾਲ ਬਹੁਤ ਹੀ ਡੂੰਘਾ[4] ਪਿਆਰ[5] ਹੈ ਅਤੇ ਤੇਰਾ ਦਰਸ਼ਨ ਦੇਖਣ[7] ਦੀ ਮੈਨੂੰ ਤਾਂਘ[6] ਹੈ।

ਤੁਮ ਬਡ[8] ਦਾਤੇ[9] ਜੀਅ ਜੀਅਨ[10] ਕੇ ਤੁਮ ਜਾਨਹੁ ਹਮ ਬਿਰਥੇ[12] ॥੨॥

Thou art the great[8] Beneficent Lord[9] of all the creatures[10] and knowest our troubles[12].

ਤੂੰ ਸਮੂਹ ਜੀਵ-ਜੰਤੂਆਂ[10] ਦਾ ਵਿਸ਼ਾਲ[8] ਦਾਤਾਰ ਸੁਆਮੀ[9] ਹੈਂ ਅਤੇ ਸਾਡੀਆਂ ਤਕਲੀਫ਼ਾਂ[12] ਨੂੰ ਜਾਣਦਾ ਹੈਂ।

ਕੋਈ[13] ਮਾਰਗੁ[14] ਪੰਥੁ[15] ਬਤਾਵੈ[16] ਪ੍ਰਭ ਕਾ ਕਹੁ[17] ਤਿਨ[18] ਕਉ ਕਿਆ[19] ਦਿਨਥੇ[20] ॥

If some one[13] shows[16] me the way[14] and path[15] of the Lord, tell[17] me, what[19] should I give[20] unto him[18] ?

ਜੇਕਰ ਕੋਈ ਜਣਾ[13] ਮੈਨੂੰ ਸਾਂਈਂ ਦਾ ਰਾਹ[14] ਅਤੇ ਰਸਤਾ[15] ਦਿਖਾ[16] ਦੇਵੇ; ਦਸ[17] ! ਮੈਂ ਉਸ ਨੂੰ[18] ਕੀ[19] ਦੇਵਾਂ[20] ?

ਸਭੁ ਤਨੁ[21] ਮਨੁ[22] ਅਰਪਉ[23] ਅਰਪਿ[24] ਅਰਾਪਉ[25] ਕੋਈ[26] ਮੇਲੈ ਪ੍ਰਭ ਮਿਲਥੇ[27] ॥੩॥

I would surrender[23], offer[24] and dedicate[25] all my body[21] and soul[22] unto him. Let some one[26] unite me in my Lord's union[27].

ਮੈਂ ਆਪਣੀ ਸਮੂਹ ਦੇਹ[21] ਅਤੇ ਜਿੰਦੜੀ[22] ਉਸ ਨੂੰ ਅਰਪਨ[23], ਭੇਟਾ[24] ਅਤੇ ਸਮਰਪਨ[25] ਕਰ ਦੇਵਾਂਗਾ । ਕੋਈ ਜਣਾ[26] ਮੈਨੂੰ ਮੇਰੇ ਮਾਲਕ ਦੇ ਮਿਲਾਪ[27] ਅੰਦਰ ਮਿਲਾ ਦੇਵੇ ।

ਹਰਿ ਕੇ ਗੁਨ[28] ਬਹੁਤ ਬਹੁਤ[29] ਬਹੁ[30] ਸੋਭਾ[31] ਹਮ[32] ਤੁਛ[33] ਕਰਿ ਕਰਿ ਬਰਨਥੇ[34] ॥

Many, good many[29] are the excellences[28] of the Lord and sublime[30] is His glory[31]. I[32] have been able to describe[34] them but only a bit[33].

ਬਹੁਤੀਆਂ, ਖਰੀਆਂ ਹੀ ਬਹੁਤੀਆਂ[29] ਹਨ ਪ੍ਰਭੂ ਦੀਆਂ ਸਿਫਤਾਂ[28] ਅਤੇ ਘਣੇਰੀ[30] ਹੈ ਉਸ ਦੀ ਵਡਿਆਈ[31] । ਉਨ੍ਹਾਂ ਨੂੰ ਮੈਂ[32] ਕੇਵਲ ਇਕ ਭੋਰਾ ਭਰ[33] ਹੀ ਬਿਆਨ[34] ਕਰ ਸਕਿਆ ਹਾਂ ।

ਹਮਰੀ ਮਤਿ[35] ਵਸ ਗਤਿ[36] ਪ੍ਰਭ ਤੁਮਰੈ ਜਨ ਨਾਨਕ ਕੇ ਪ੍ਰਭ ਸਮਰਥੇ[37] ॥੪॥੩॥

My mind[35] is in Thy hand[36], O Lord and Thou alone art the All-powerful[37] Lord of slave Nanak.

ਮੇਰਾ ਮਨ[35] ਤੇਰੇ ਇਖ਼ਤਿਆਰ[36] ਵਿਚ ਹੈ, ਹੇ ਸੁਆਮੀ ! ਅਤੇ ਕੇਵਲ ਤੂੰ ਹੀ ਗੋਲੇ ਨਾਨਕ ਦਾ ਸਰਬ-ਸ਼ਕਤੀਵਾਨ[37] ਸੁਆਮੀ ਹੈਂ ।

ਕਲਿਆਨ ਮਹਲਾ ੪ ॥

Kalyan 4th Guru.

ਕਲਿਆਨ ਚੌਥੀ ਪਾਤਿਸ਼ਾਹੀ ।

ਮੇਰੇ ਮਨ[38] ਜਪਿ[39] ਹਰਿ ਗੁਨ[40] ਅਕਥ[41] ਸੁਨਥਈ[42] ॥

O my soul[38], utter[39] thou the Lord's praises[40], which are said to be[42] ineffable[41].

ਹੇ ਮੇਰੀ ਜਿੰਦੇ[38] ! ਤੂੰ ਸੁਆਮੀ ਦੀਆਂ ਸਿਫਤਾਂ[40] ਉਚਾਰਨ[39] ਕਰ, ਜੋ ਅਕਹਿ[41] ਸੁਣੀਆਂ ਜਾਂਦੀਆਂ[42] ਹਨ ।

ਧਰਮੁ[43] ਅਰਥੁ[44] ਸਭੁ ਕਾਮੁ[45] ਮੋਖੁ[46] ਹੈ ਜਨ[47] ਪੀਛੈ[48] ਲਗਿ ਫਿਰਥਈ ॥ ੧॥ਰਹਾਉ॥

Faith[43], wealth[44], success[45] and salvation[46], all walk like shadow after[48] the Lord's slave[47]. Pause.

ਈਮਾਨ[43], ਧਨ-ਦੌਲਤ[44], ਕਾਮਯਾਬੀ[45] ਅਤੇ ਮੁਕਤੀ[46], ਸਮੂਹ ਹੀ ਸੁਆਮੀ ਦੇ ਗੋਲੇ[47] ਮਗਰ[48] ਪਰਛਾਵੇਂ ਵਾਂਙੂ ਲਗੀਆਂ ਫਿਰਦੀਆਂ ਹਨ । ਠਹਿਰਾਉ ।

ਸੋ[49] ਹਰਿ ਹਰਿ ਨਾਮੁ ਧਿਆਵੈ[54] ਹਰਿ ਜਨੁ[50] ਜਿਸੁ [51]ਬਡਭਾਗ[52] ਮਥਈ[53] ॥

That[49] slave[50] of God alone contemplates[54] the Lord Master's Name, on whose forehead[53] good[51] fortune[52] is writ.

ਕੇਵਲ ਉਹ[49] ਵਾਹਿਗੁਰੂ ਦਾ ਗੋਲਾ[50] ਹੀ ਸਾਂਈਂ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ[54] ਹੈ, ਜਿਸ ਦੇ ਮਥੇ[53] ਉਤੇ ਸ੍ਰੇਸ਼ਟ[51] ਪ੍ਰਾਲਭਧ[52] ਲਿਖੀ ਹੋਈ ਹੈ ।

ਜਹ[55] ਦਰਗਹਿ[57] ਪ੍ਰਭੁ ਲੇਖਾ[58] ਮਾਗੈ ਤਹ[59] ਛੁਟੈ[60] ਨਾਮੁ ਧਿਆਇਥਈ[61] ॥ ੧॥

In that[55] Court[57], where the Lord calls for the accounts[55], there[59] meditation[61] of the Name alone leads to one's deliverance[60].

ਸੁਆਮੀ ਦੇ ਉਸ[55] ਦਰਬਾਰ[57] ਅੰਦਰ ਜਿਥੇ ਹਿਸਾਬ-ਕਿਤਾਬ[58] ਮੰਗਿਆ ਜਾਂਦਾ ਹੈ, ਉਥੇ[59] ਨਾਮ ਦਾ ਸਿਮਰਨ[61] ਹੀ ਬੰਦੇ ਨੂੰ ਖ਼ਲਾਸੀ ਦਿਵਾ ਸਕਦਾ[60] ਹੈ ।

ਹਮਰੇ[62] ਦੋਖ[63] ਬਹੁ[64] ਜਨਮ ਜਨਮ[65] ਕੇ ਦੁਖੁ[66] ਹਉਮੈ[67] ਮੈਲੁ[68] ਲਗਥਈ[69]॥ ਗੁਰਿ ਧਾਰਿ[70] ਕ੍ਰਿਪਾ[71]

I[62] am soiled[69] with many[64] sins[63] of myriad births[65] and with the pain[66] and filth[68] of self-conceit[67]. Showing[70] mercy[71], the Guru

ਮੈਂ[62] ਕ੍ਰੋੜਾਂ ਹੀ ਜਨਮਾਂ[65] ਦੇ ਘਣੇਰਿਆਂ[64] ਪਾਪਾਂ[63] ਅਤੇ ਸਵੈ-ਹੰਗਤਾ[67], ਦੀ ਪੀੜ[66] ਅਤੇ ਗੰਦਗੀ[68] ਨਾਲ ਲਿਬੜਿਆ ਹੋਇਆ[69] ਹਾਂ ।

ਮਿਹਰਬਾਨੀ[71] ਕਰਕੇ[70], ਗੁਰਾਂ ਨੇ ਮੈਨੂੰ ਪ੍ਰਭੂ ਦੇ ਪਾਣੀ[72]

ਹਰਿ ਜਲਿ[72] ਨਾਵਾਏ[73] ਸਭ ਕਿਲਬਿਖ[74] ਪਾਪ[75] ਗਥਏ[76] ॥੨॥

bathed[73] me in the Lord's Nectar[72] and all my vices[74] and sins[75] were dispelled[76].

ਅੰਦਰ ਨੁਹਾ ਦਿੱਤਾ[73] ਅਤੇ ਮੇਰੇ ਸਾਰੇ ਸਮਲ[74] ਤੇ ਗੁਨਾਹ[75] ਦੂਰ ਹੋ ਗਏ[76] ।

ਜਨ[77] ਕੈ ਰਿਦ[78] ਅੰਤਰਿ[79] ਪ੍ਰਭੁ ਸੁਆਮੀ[80] ਜਨ ਹਰਿ ਹਰਿ[81] ਨਾਮੁ ਭਜਥਏ[82] ॥

Within[79] the saint's[77] mind[78] abides the Lord Master[80] and the saint utters[82] his Lord God's[81] Name.

ਸਾਧੂ[77] ਦੇ ਮਨ[78] ਅੰਦਰ[79] ਪ੍ਰਭੂ[80] ਪ੍ਰਮੇਸ਼ਰ ਵਸਦਾ ਹੈ ਅਤੇ ਸਾਧੂ ਆਪਣੇ ਸੁਆਮੀ ਵਾਹਿਗੁਰੂ[82] ਦੇ ਨਾਮ ਦਾ ਉਚਾਰਨ ਕਰਦਾ[82] ਹੈ ।

ਜਹ[83] ਅੰਤੀ[84] ਅਉਸਰੁ[85] ਆਇ ਬਨਤੁ[86] ਹੈ ਤਹ[87] ਰਾਖੈ[88] ਨਾਮੁ ਸਾਥਏ[89] ॥ ੩॥

When[83] the last[84] moment[85] arrives[86], then[87], becoming man's real Friend, the Name protects[88] him.

ਜਦੋ[83] ਅਖੀਰਲਾ[84] ਵੇਲਾ[85] ਆ ਪੁਜਦਾ[86] ਹੈ, ਤਦ[87] ਬੰਦੇ ਦਾ ਸੱਚਾ ਸਾਥੀ[89] ਬਣ, ਨਾਮ ਉਸ ਦੀ ਰੱਖਿਆ ਕਰਦਾ[88] ਹੈ ।

ਜਨ[90] ਤੇਰਾ ਜਸੁ[91] ਗਾਵਹਿ[92] ਹਰਿ ਹਰਿ ਪ੍ਰਭ ਹਰਿ ਜਪਿਓ[93] [94]ਜਗੰਨਥਏ[95] ॥

O Lord God Master, yea, Lord[95] God of the universe[94], the saints[90] sing[92] Thy praises[91] and meditate[93] on Thee.

ਹੇ ਪ੍ਰਭੂ ! ਪ੍ਰਮੇਸ਼ਰ, ਅਕਾਲ ਪੁਰਖ, ਵਾਹਿਗੁਰੂ ਸ੍ਰਿਸਟੀ[94] ਦੇ ਸੁਆਮੀ[95], ਸਾਧੂ[90] ਤੇਰੀ ਮਹਿਮਾ[91] ਗਾਇਨ ਕਰਦੇ[92] ਅਤੇ ਤੈਨੂੰ ਸਿਮਰਦੇ[93] ਹਨ ।

ਜਨ[96] ਨਾਨਕ ਕੇ ਪ੍ਰਭ ਰਾਖੈ[97] ਸੁਆਮੀ ਹਮ[98] ਪਾਥਰ[99] ਰਖੁ[100] ਬੁਡਥਏ[2] ॥ ੪॥੪॥

O Lord Master, the Saviour[97] of slave[96] Nanak, save[100] Thou me[98], the sinking[2] stone[99].

ਹੇ ਗੋਲੇ[96] ਨਾਨਕ ਦੇ ਰਖਵਾਲੇ[97] ਪ੍ਰਭੂ ਪ੍ਰਮੇਸ਼ਰ ! ਤੂੰ ਮੇਰੇ[98] ਵਰਗੇ ਡੁਬਦੇ[2] ਹੋਏ ਪੱਥਰ[99] ਦੀ ਰੱਖਿਆ ਕਰ[100] ।

ਕਲਿਆਨ ਮਹਲਾ ੪ ॥

Kalyan 4th Guru.

ਕਲਿਆਨ ਚੌਥੀ ਪਾਤਿਸ਼ਾਹੀ ।

ਹਮਰੀ[3] ਚਿਤਵਨੀ[4] ਹਰਿ ਪ੍ਰਭੁ ਜਾਨੈ ॥

The Lord God alone knows my[3] inmost thoughts[4].

ਕੇਵਲ ਸਾਈਂ ਪ੍ਰਭੂ ਹੀ ਮੇਰੇ[3] ਅੰਤ੍ਰਵ ਖਿਆਲਾਂ[4] ਨੂੰ ਜਾਣਦਾ ਹੈ ।

ਅਉਰੁ ਕੋਈ[5] ਨਿੰਦ[6] ਕਰੈ ਹਰਿ ਜਨ[7] ਕੀ ਪ੍ਰਭੁ ਤਾਕਾ[8] ਕਹਿਆ[9] ਇਕੁ ਤਿਲੁ[10] ਨਹੀ ਮਾਨੈ[12] ॥ ੧॥ਰਹਾਉ॥

If some one[5] backbites[6] the Lord's saint[7] before Him, his[8] bidding[9] the Lord believes[12] not even a bit[10]. Pause.

ਜੇਕਰ ਕੋਈ ਜਣਾ[5] ਸੁਆਮੀ ਦੇ ਸਾਧੂ[7] ਦੀ ਉਸ ਦੇ ਅੱਗੇ ਬਦਖੋਈ ਕਰਦਾ[6] ਹੈ; ਉਸ[8] ਦੇ ਆਖੇ[9] ਤੇ ਸੁਆਮੀ ਇਕ ਭੋਰਾ ਭਰ ਭੀ[10] ਇਤਬਾਰ[12] ਨਹੀਂ ਕਰਦਾ । ਠਹਿਰਾਉ ।

ਅਉਰ[13] ਸਭ ਤਿਆਗਿ[14] ਸੇਵਾ ਕਰਿ ਅਚੁਤ[15] ਜੋ ਸਭ ਤੇ ਊਚ[16] ਠਾਕੁਰੁ[17] ਭਗਵਾਨੈ[18] ॥

Abandon[14] all esle[13] and serve thou thy Imperishable[15] Lord[17], who is the most high[16] and illustrious[18] of all.

ਤੂੰ ਹੋਰ ਸਾਰਾ ਕੁਛ[13] ਛੱਡ ਦੇ[14] ਅਤੇ ਆਪਣੇ ਸਦੀਵੀ[15] ਸਥਿਰ ਸੁਆਮੀ[17] ਦੀ ਟਹਿਲ ਕਮਾ, ਜੋ ਸਾਰਿਆਂ ਨਾਲੋਂ ਉਚਾ[16] ਅਤੇ ਕੀਰਤੀਮਾਨ[18] ਹੈ ।

ਹਰਿ ਸੇਵਾ[19] ਤੇ ਕਾਲੁ ਜੋਹਿ[20] ਨ ਸਾਕੈ ਚਰਨੀ[21] ਆਇ ਪਵੈ[22] ਹਰਿ ਜਾਨੈ[23] ॥੧॥

By God's service[19], death can spy[20] not one, rather, it comes and falls[22] at the feet[21] of those who have realized[23] the Lord.

ਹਰੀ ਦੀ ਘਾਲ[18] ਦੁਆਰਾ, ਮੌਤ ਜੀਵ ਵਲ ਵੇਖ[20] ਤਕ ਨਹੀਂ ਸਕਦੀ, ਸਗੋਂ ਇਹ ਆ ਕੇ ਰੱਬ ਨੂੰ ਜਾਣਨ ਵਾਲੇ[23] ਦੇ ਪੈਰੀਂ[21] ਪੈ ਜਾਂਦੀ[22] ਹੈ ।

ਜਾ[24] ਕਉ ਰਾਖਿ ਲੇਇ ਮੇਰਾ ਸੁਆਮੀ ਤਾਕਉ[27] ਸੁਮਤਿ[28] ਦੇਇ[25] ਪੈ ਕਾਨੈ[26] ॥

Whomsoever[24] my Lord wishes to protect, within his ears[26], he imparts[25] sound[27] understanding[28].

ਜਿਸ ਕਿਸੇ[24] ਦੀ ਮੇਰਾ ਮਾਲਕ ਰਖਿਆ ਕਰਨੀ ਲੋੜਦਾ ਹੈ; ਉਸ ਦੇ ਕੰਨਾਂ[26] ਵਿਚ ਉਹ ਸ੍ਰੇਸ਼ਰ[27] ਸਮਝ[28] ਪਾ ਦਿੰਦਾ[25] ਹੈ ।

ਤਾ ਕਉ ਕੋਈ ਅਪਰਿ[29] ਨ ਸਾਕੈ ਜਾ ਕੀ ਭਗਤਿ[30] ਮੇਰਾ ਪ੍ਰਭੁ ਮਾਨੈ[31] ॥੨॥

No one can reach[29] upto him, with whose devotional service[30] my Lord is pleased[31].

ਕੋਈ ਜਣਾ ਉਸ ਨੂੰ ਪੁਜ[29] ਨਹੀਂ ਸਕਦਾ, ਜਿਸ ਦੀ ਪ੍ਰੇਮਮਈ ਸੇਵਾ[30] ਨਾਲ ਮੇਰਾ ਪ੍ਰਭੂ ਪ੍ਰਸੰਨ[31] ਹੈ ।

ਹਰਿ ਕੇ ਚੋਜ[32] ਵਿਡਾਨ[33] ਦੇਖੁ[38] ਜਨ[34] ਜੋ ਖਟਾ[35] ਖਰਾ[56] ਇਕ ਨਿਮਖ[37] ਪਛਾਨੈ[39] ॥

O man[34], behold[38] thou the wondrous[33] play[32] of God, who, in a moment[37], distinguished[39] the genuine[36] from the counterfeit[35].

ਹੇ ਬੰਦੇ[34] ! ਤੂੰ ਰੱਬ ਦੀ ਅਸਚਰਜ[33] ਖੇਡ[32] ਨੂੰ ਵੇਖ[38] ਜੋ ਇਕ ਮੁਹਤ[37] ਵਿਚ ਅਸਲੀ[36] ਨੂੰ ਨਕਲੀ[35] ਨਾਲੋਂ ਸਿੰਞਾਣ ਲੈਂਦਾ[39] ਹੈ ।

ਤਾਤੇ[40] ਜਨ[41] ਕਉ ਅਨਦੁ[42] ਭਇਆ ਹੈ ਰਿਦ[43] ਸੁਧ[44] ਮਿਲੇ ਖਟੇ[45] ਪਛੁਤਾਨੈ[46] ॥੩॥

Therefore[40], the Lord's saint[41] abides in joy[42]. The men of pure[44] mind[43] meet with their God and those of evil[45] mind regret and repent[46].

ਇਸ ਲਈ[40] ਸੁਆਮੀ ਦਾ ਸਾਧੂ[41] ਪ੍ਰਸੰਨ ਚਿਤ[42] ਰਹਿੰਦਾ ਹੈ । ਪਵਿੱਤ੍ਰ[44]-ਮਨ[43] ਵਾਲੇ ਪੁਰਸ਼ ਆਪਣੇ ਵਾਹਿਗੁਰੂ ਨਾਲ ਮਿਲ ਜਾਂਦੇ ਹਨ ਅਤੇ ਮੰਦੇ[45] ਮਨ ਵਾਲੇ ਝੂਰਦੇ ਤੇ ਪਸਚਾਤਾਪ ਕਰਦੇ[46] ਹਨ ।

ਤੁਮ ਹਰਿ ਦਾਤੇ[48] ਸਮਰਥ[49] ਸੁਆਮੀ ਇਕੁ ਮਾਗਉ ਤੁਝ ਪਾਸਹੁ[51] ਹਰਿ ਦਾਨੈ[50] ॥

O my Beneficent[48] God, the Lord Master, Thou art All powerful[49]. I ask for but one boon[50] from[51] Thee.

ਹੇ ਮੇਰੇ ਦਾਤਾਰ[48] ਵਾਹਿਗੁਰੂ ਸੁਆਮੀ ਮਾਲਕ ! ਤੂੰ ਸਰਬ-ਸ਼ਕਤੀਮਾਨ[49] ਹੈਂ । ਮੈਂ ਤੇਰੇ ਕੋਲੋਂ[51] ਕੇਵਲ ਇਕ ਦਾਤ[50] ਮੰਗਦਾ ਹਾਂ ।

ਜਨ[52] ਨਾਨਕ ਕਉ ਹਰਿ ਕ੍ਰਿਪਾ[53] ਕਰਿ ਦੀਜੈ[54] ਸਦ[55] ਬਸਹਿ[56] ਰਿਦੈ[57] ਮੋਹਿ ਹਰਿ ਚਰਾਨੈ[58] ॥੪॥ ੫॥

O Lord God, mercifully[53] bless[54] Thou Thy slave[52] Nanak with this gift that Thine feet[58] may ever[55] abide[56] within his mind[57].

ਹੇ ਸੁਆਮੀ ਵਾਹਿਗੁਰੂ ! ਮਿਹਰ ਧਾਰ ਕੇ[53], ਤੂੰ ਗੋਲੇ[52] ਨਾਨਕ ਨੂੰ ਇਹ ਦਾਤ ਬਖਸ਼[54] ਕਿ ਤੇਰੇ ਪੈਰ[58] ਹਮੇਸ਼ਾ[55] ਹੀ ਉਸ ਦੇ ਹਿਰਦੇ[57] ਅੰਦਰ ਟਿਕੇ ਰਹਿਣ[56] ।

੧੩੨੧

ਕਲਿਆਨ ਮਹਲਾ ੪ ॥

Kalyan 4th Guru.

ਕਲਿਆਨ ਚੌਥੀ ਪਾਤਿਸ਼ਾਹੀ ।

ਪ੍ਰਭ ਕੀਜੈ[59] ਕ੍ਰਿਪਾ[60] ਨਿਧਾਨ[61] ਹਮ ਹਰਿ ਗੁਨ[62] ਗਾਵਹਗੇ ॥

O Lord God, the Treasure[61] of bliss, have[59] Thou mercy[60] on me, that I may sing Thine praises[62].

ਹੇ ਖੁਸ਼ੀ ਦੇ ਖ਼ਜ਼ਾਨੇ[61] ਸਾਂਈਂ ਹਰੀ ! ਤੂੰ ਮੇਰੇ ਉਤੇ ਮਿਹਰ[60] ਧਾਰ[59] ਤਾਂ ਜੋ ਮੈਂ ਤੇਰੀਆਂ ਸਿਫ਼ਤਾਂ[62] ਗਾਇਨ ਕਰਾਂ ।

ਹਉ ਤੁਮਰੀ ਕਰਉ ਨਿਤ[63] ਆਸ[64] ਪ੍ਰਭਿ ਮੋਹਿ ਕਬ[65] ਗਲ[66] ਲਾਵਹਿਗੇ ॥ ੧॥ਰਹਾਉ॥

I ever repose[63] my hope[64] in Thee, O Lord. When[65] shalt Thou take me in Thy embrace[66] ? Pause.

ਮੈਂ ਸਦੀਵ[63] ਹੀ ਤੇਰੇ ਵਿਚ ਉਮੈਦ[64] ਬੰਨ੍ਹੀ ਰਖਦਾ ਹਾਂ, ਹੇ ਸੁਆਮੀ ! ਤੂੰ ਮੈਨੂੰ ਕਦੋਂ[65] ਆਪਣੀ ਗਲਵਕੜੀ[66] ਵਿਚ ਲਵੇਂਗਾ ? ਠਹਿਰਾਉ ।

ਹਮ[67] ਬਾਰਿਕ[68] ਮੁਗਧ[69] ਇਆਨ[70] ਪਿਤਾ[71] ਸਮਝਾਵਹਿਗੇ[72] ॥

I[67] am thy ignorant[69] and silly[70] child[68], O Lord, my Father[71]; bless Thou me with Thy instructions[72].

ਮੈਂ[67] ਤੇਰਾ ਬੇਸਮਝ[69] ਅਤੇ ਨਾਦਾਨ[70] ਬੱਚਾ[68] ਹਾਂ, ਹੇ ਸੁਆਮੀ ਮੇਰੇ ਬਾਬਲ[71] ! ਤੂੰ ਮੈਨੂੰ ਆਪਣੀ ਸਿਖਮਤ[72] ਪ੍ਰਦਾਨ ਕਰ ।

ਸੁਤੁ[73] ਖਿਨੁ[74] ਖਿਨੁ ਭੂਲਿ[75] ਬਿਗਾਰਿ[76] ਜਗਤ[27] ਪਿਤ[78] ਭਾਵਹਿਗੇ[79] ॥੧॥

Thy child[73], errs and commints[75] faults[76], every moment[74] but still he is pleasing[79] to Thee, O Father[78] of the universe[77].

ਤੇਰਾ ਬੱਚਾ[73], ਹਰ ਮੁਹਤ[74] ਭੁਲਦਾ[75] ਅਤੇ ਗ਼ਲਤੀਆਂ[76] ਕਰਦਾ ਹੈ, ਪ੍ਰੰਤੂ ਤਾਂ ਭੀ ਉਹ ਤੈਨੂੰ ਚੰਗਾ ਲਗਦਾ[79] ਹੈ, ਹੇ ਆਲਮ[77] ਦੇ ਬਾਬਲ[78] !

ਜੋ[80] ਹਰਿ ਸੁਆਮੀ ਤੁਮ ਦੇਹੁ[81] ਸੋਈ[82] ਹਮ ਪਾਵਹਗੇ[83] ॥

Whatever[80] Thou givest[81] me, O Lord God, that[82] alone receive[83] I.

ਜਿਹੜਾ ਕੁਛ[80] ਤੂੰ ਮੈਨੂੰ ਦਿੰਦਾ[81] ਹੈਂ, ਹੇ ਸੁਆਮੀ ਵਾਹਿਗੁਰੂ ਕੇਵਲ ਉਹ[82] ਹੀ ਮੈਂ ਪਾਉਂਦਾ[83] ਹਾਂ ।

ਮੋਹਿ[84] ਦੂਜੀ[85] ਨਾਹੀ ਠਉਰ[86] ਜਿਸੁ ਪਹਿ[87] ਹਮ ਜਾਵਹਗੇ[88] ॥੨॥

For me[84], there is no other[85] place[86], where[87] I can go[88] to.

ਮੇਰੇ[84] ਲਈ, ਹੋਰ[85] ਕੋਈ ਥਾਂ[86] ਨਹੀਂ, ਜਿਥੇ[87] ਮੈਂ ਜਾ[89] ਸਕਾਂ ।

ਜੋ[89] ਹਰਿ ਭਾਵਹਿ[90] ਭਗਤ[91] ਤਿਨਾ[92] ਹਰਿ ਭਾਵਹਿਗੇ ॥

The saints[91], who[89] are pleasing[90] to God, unto them[92] alone, God is pleasing.

ਉਹ ਸੰਤ[91], ਜਿਹੜੇ[89] ਵਾਹਿਗੁਰੂ ਨੂੰ ਚੰਗੇ ਲਗਦੇ[90] ਹਨ; ਕੇਵਲ ਉਨ੍ਹਾਂ[92] ਨੂੰ ਹੀ ਵਾਹਿਗੁਰੂ ਚੰਗਾ ਲਗਦਾ ਹੈ ।

ਜੋਤੀ[93] ਜੋਤਿ[94] ਮਿਲਾਇ[95] ਜੋਤਿ[96] ਰਲਿ ਜਾਵਹਗੇ[97] ॥ ੩॥

The Luminous[93] Lord shall blend[95] their light[94] with His own and thus both the lights[96]shall merge together[97].

ਪ੍ਰਕਾਸ਼ਵਾਨ[93] ਪ੍ਰਭੂ ਉਨ੍ਹਾਂ ਦੇ ਪ੍ਰਕਾਸ਼[94] ਨੂੰ ਆਪਣੇ ਪ੍ਰਕਾਸ਼ ਵਿਚ ਅਭੇਦ[95] ਕਰ ਲਵੇਗਾ, ਤੇ ਦੋਨੋਂ ਪ੍ਰਕਾਸ਼[96] ਇਸ ਤਰ੍ਹਾਂ ਇਕ-ਮਿਕ ਹੋ ਜਾਣਗੇ[97] ।

ਹਰਿ ਆਪੇ[98] ਹੋਇ ਕ੍ਰਿਪਾਲੁ[99] ਆਪਿ ਲਿਵ ਲਾਵਹਿਗੇ[100] ॥

Becoming merciful[99] God, of Himself[98], shall make me love[100] Him.

ਖ਼ੁਦ ਬਖ਼ੁਦ[98] ਮਿਹਰਬਾਨ[99] ਹੋ, ਹਰੀ ਮੇਰਾ ਪਿਆਰ[100] ਆਪਣੇ ਨਾਲ ਪਾ ਲਵੇਗਾ ।

ਜਨੁ[2] ਨਾਨਕੁ ਸਰਨਿ[3] ਦੁਆਰਿ[4] ਹਰਿ ਲਾਜ[5] ਰਖਾਵਹਿਗੇ ॥੪॥੬॥ਛਕਾ ੧॥

Slave[2] Nanak has sought the refuge[3] of the Lord's threshold[4] and He, the Lord, shall protect his honour[5].

ਗੋਲੇ[2] ਨਾਨਕ ਨੇ ਸੁਆਮੀ ਦੇ ਦਰ[4] ਦੀ ਪਨਾਹ[3] ਲਈ ਹੈ ਅਤੇ ਉਹ ਸੁਆਮੀ ਹੀ ਉਸ ਦੀ ਲੱਜਿਆ[5] ਰਖੇਗਾ ।

ਕਲਿਆਨੁ ਭੋਪਾਲੀ
ਮਹਲਾ ੪ ॥

Kalyan Bhopali
4th Guru.

ਕਲਿਆਨ ਭੋਪਾਲੀ
ਚੌਥੀ ਪਾਤਿਸ਼ਾਹੀ

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, is He obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰੂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।

ਪਾਰਬ੍ਰਹਮੁ[6] ਪਰਮੇਸੁਰੁ[7] ਸੁਆਮੀ[8] ਦੂਖ[9] ਨਿਵਾਰਣੁ[10] ਨਾਰਾਇਣੇ[12] ॥

O Lord[8] Master[12], the Primal Being[6] and the Supreme God[7], Thou art the Dispeller[10] of sorrows[9].

ਹੇ ਆਦੀ ਪੁਰਖ[6] ! ਅਤੇ ਸ੍ਰੇਸ਼ਟੀ ਵਾਹਿਗੁਰੂ[7], ਸਾਹਿਬ[8] ਮਾਲਕ[12], ਤੂੰ ਦੁਖੜੇ[9] ਦੂਰ ਕਰਨ ਵਾਲਾ[10] ਹੈਂ ।

ਸਗਲ[13] ਭਗਤ[14] ਜਾਚਹਿ[15] ਸੁਖ[16] ਸਾਗਰ[17] ਭਵ[18] ਨਿਧਿ[19] ਤਰਣ[20]

O God[21], the ocean[17] of peace[16], from whom every[13] of Thine devotees[14] begs[15], thou art a boat[20] to cross the

ਹੇ ਆਰਾਮ[16] ਦੇ ਸਮੁੰਦਰ[17] ਵਾਹਿਗੁਰੂ[21] ! ਜਿਸ ਕੋਲੋਂ ਤੇਰੇ ਸਾਰੇ[13] ਅਨੁਰਾਗੀ[14] ਮੰਗਦੇ[15] ਹਨ; ਤੂੰ ਭਿਆਨਕ[18] ਸੰਸਾਰ ਸਮੁੰਦਰ[19] ਪਾਰ ਕਰਨ ਲਈ ਇਕ ਜਹਾਜ਼[20] ਅਤੇ

ਹਰਿ[21] ਚਿੰਤਾਮਣੇ[22] ॥੧॥ ਰਹਾਉ॥

dreadful[18] world ocean[19] and the wishfulfilling jewel[22]. Pause.

ਮਨਸ਼ਾ ਪੂਰਨ ਕਰਨ ਵਾਲਾ ਮਾਲਕ[22] ਹੈਂ । ਠਹਿਰਾਉ ।

ਦੀਨ[23] ਦਇਆਲ[24] [25]ਜਗਦੀਸ[26] ਦਮੋਦਰ[27] ਹਰਿ[28] ਅੰਤਰਜਾਮੀ[29] [30]ਗੋਬਿੰਦੇ[31] ॥

O Lord[27] God[28], the support[26] of the earth[25] and the Master[31] of the universe[30], Thou art merciful[24] to the meek[23] as also the knower of inner feelings[29].

ਹੇ ਧਰਤੀ[25] ਦੇ ਆਸਰੇ[26] ਅਤੇ ਆਲਮ[30] ਦੇ ਮਾਲਕ[31] ! ਸੁਆਮੀ[27] ਵਾਹਿਗੁਰੂ[28], ਤੂੰ ਮਸਕੀਨਾਂ[23] ਤੇ ਮਿਹਰਬਾਨ[24] ਅਤੇ ਦਿਲਾਂ ਦੀਆਂ ਜਾਣਨਹਾਰ[29] ਹੈਂ ।

ਤੇ[32] ਨਿਰਭਉ[33] ਜਿਨ [34]ਸ੍ਰੀਰਾਮੁ[35] ਧਿਆਇਆ[36] ਗੁਰਮਤਿ[37] [38]ਮੁਰਾਰਿ[40] ਹਰਿ[41] ਮੁਕੰਦੇ[42] ॥੧॥

They[32], who, by the Guru's instructions[37], meditate[36] on the sire[34] Lord[35] God[41], the Enemy[40] of ego[38] and the Dispenser of emancipation[42], become free[33] from fear.

ਜੋ ਗੁਰਾਂ ਦੇ ਉਪਦੇਸ਼[37] ਦੁਆਰਾ ਹੰਕਾਰ[38] ਦੇ ਵੈਰੀ[40] ਅਤੇ ਮੋਖਸ਼[42] ਦੇਣਹਾਰ ਮਹਾਰਾਜ[34] ਸੁਆਮੀ[35] ਵਾਹਿਗੁਰੂ[41] ਦਾ ਸਿਮਰਨ[36] ਕਰਦੇ ਹਨ, ਉਹ[32] ਭੈ-ਰਹਿਤ[33] ਹੋ ਜਾਂਦੇ ਹਨ ।

[43]ਜਗਦੀਸੁਰ[44] ਚਰਨ[45] ਸਰਨ[46] ਜੋ ਆਏ ਤੇ[47] ਜਨ[48] [49]ਭਵਨਿਧਿ[50] ਪਾਰਿ[51] ਪਰੇ ॥

They, who seek the refuge[46] of the feet[45] of the Lord[44] of the world[43]; those[47] persons[48] ferry across[51] the dreadful[49] world ocean[50].

ਜੋ ਸੰਸਾਰ[43] ਸੁਆਮੀ[44] ਦੇ ਪੈਰਾਂ[45] ਦੀ ਪਨਾਹ[46] ਲੈਂਦੇ ਹਨ; ਉਹ[47] ਪੁਰਸ਼[48] ਭਿਆਨਕ[49] ਜਗਤ ਸਮੁੰਦਰ[50] ਤੋਂ ਪਾਰ ਹੋ ਜਾਂਦੇ[51] ਹਨ ।

ਭਗਤ ਜਨਾ[52] ਕੀ ਪੈਜ[53] ਹਰਿ ਰਾਖੈ ਜਨ ਨਾਨਕ ਆਪਿ ਹਰਿ ਕ੍ਰਿਪਾ[54] ਕਰੇ[55] ॥੨॥੧॥੭॥

God saves the honour[53] of the saintly persons[52], O slave Nanak. The Lord, of Himself, showers[55] His benediction[54] on them.

ਵਾਹਿਗੁਰੂ ਸੰਤ ਸਰੂਪ ਪੁਰਸਾ[52] ਦੀ ਇਜ਼ਤ ਆਬਰੂ[53] ਰਖਦਾ ਹੈ, ਹੇ ਗੋਲੇ ਨਾਨਕ; ਸੁਆਮੀ ਖੁਦ ਹੀ ਉਨ੍ਹਾਂ ਉਤੇ ਆਪਣੀ ਰਹਿਮਤ[54] ਨਿਛਾਵਰ ਕਰਦਾ[55] ਹੈ ।

ਰਾਗੁ ਕਲਿਆਨੁ
ਮਹਲਾ ੫ ਘਰੁ ੧

Rag Kalyan
5th Guru

ਰਾਗ ਕਲਿਆਨੁ
ਪੰਜਵੀਂ ਪਾਤਿਸ਼ਾਹੀ

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, is He obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਹਮਾਰੈ[56] ਏਹ ਕਿਰਪਾ[57] ਕੀਜੈ[58] ॥

My Master, bless[58] Thou me[56] with this mercy[57].

ਮੇਰੇ ਮਾਲਕ ! ਤੂੰ ਮੇਰੇ[56] ਉਤੇ ਇਹ ਮਿਹਰ[57] ਧਾਰ[58] ।

ਅਲਿ[59] ਮਕਰੰਦ[60] ਚਰਨ[61] ਕਮਲ[62] ਸਿਉ[63] ਮਨੁ ਫੇਰਿ ਫੇਰਿ[64] ਰੀਝੈ[65] ॥੧॥ ਰਹਾਉ॥

That the black-bee[59] of my mind may over and ever again[64] remain attached[65] with[63] the honey[60] of Thine lotus[62] feet[61]. Pause.

ਕਿ ਮੇਰੇ ਚਿੱਤ ਦਾ ਭੌਰਾ[59] ਤੇਰੇ ਕੰਵਲ[62] ਪੈਰ[61] ਦੇ ਸ਼ਹਿਦ[60] ਨਾਲ[63] ਮੁੜ ਮੁੜ ਕੇ[64] ਜੁੜਿਆ[65] ਰਹੇ । ਠਹਿਰਾਉ ।

ਆਨ[66] ਜਲਾ[67] ਸਿਉ ਕਾਜੁ[68] ਨ ਕਛੂਐ ਹਰਿ ਬੂੰਦ[69] ਚਾਤ੍ਰਿਕ[70] ਕਉ ਦੀਜੈ[71] ॥੧॥

I have no concern[68] with any other[66] water[67]. O God; bless[71] Thou me, the pied cuckoo[70], with a drop[69] of Thy Name-Nectar.

ਮੇਰਾ ਕਿਸੇ ਹੋਰਸ[66] ਪਾਣੀ[67] ਨਾਲ ਲਗਾਓ[68] ਨਹੀਂ, ਹੇ ਵਾਹਿਗੁਰੂ ! ਤੂੰ ਮੈਂ, ਪਪੀਹੇ[70] ਨੂੰ, ਆਪਣੇ ਨਾਮ-ਪਾਣੀ ਦੀ ਇਕ ਕਣੀ[69] ਪ੍ਰਦਾਨ[71] ਕਰ ।

ਬਿਨੁ ਮਿਲਬੇ[72] ਨਾਹੀ ਸੰਤੋਖਾ[73] ਪੇਖਿ[74] ਦਰਸਨੁ[75] ਨਾਨਕੁ ਜੀਜੈ[77] ॥੨॥੧॥

Without meeting[72] with my God, I am contented[73] not. Nanak survives[77] by seeing[74] His Lord's vision[75].

ਆਪਣੇ ਵਾਹਿਗੁਰੂ ਦੇ ਮਿਲਣ[72] ਦੇ ਬਗੈਰ, ਮੈਨੂੰ ਸਬਰ[73] ਨਹੀਂ ਆਉਂਦਾ। ਨਾਨਕ ਆਪਣੇ ਸੁਆਮੀ ਦਾ ਦੀਦਾਰ[75] ਵੇਖਣ[74] ਦੁਆਰਾ ਹੀ ਜੀਉਂਦਾ[77] ਹੈ।

ਕਲਿਆਨ ਮਹਲਾ ੫ ॥

Kalyan 5th Guru.

ਕਲਿਆਨ ਪੰਜਵੀਂ ਪਾਤਿਸ਼ਾਹੀ।

ਜਾਚਿਕੁ[78] ਨਾਮੁ ਜਾਚੈ[79] ਜਾਚੈ ॥

Thy mumper[78], O Lord, asks and begs for[79] Thy Name.

ਤੇਰਾ ਮੰਗਤਾ[78], ਹੇ ਸਾਂਈਂ! ਤੇਰਾ ਨਾਮ ਹੀ ਮੰਗਦਾ[79], ਅਤੇ ਲੋਚਦਾ ਹੈ।

ਸਰਬ[80] ਧਾਰ[81] ਸਰਬ ਕੇ ਨਾਇਕ[82] ਸੁਖ[83] ਸਮੂਹ[84] ਕੇ ਦਾਤੇ[85] ॥੧॥ਰਹਾਉ॥

Thou, O Lord art the support[81] of all[80], the Master[82] of all and the Giver[85] of all[84] the comforts[83]. Pause.

ਤੂੰ ਹੇ ਸਾਂਈਂ! ਸਾਰਿਆਂ[80] ਦਾ ਆਸਰਾ[81], ਸਾਰਿਆਂ ਦਾ ਮਾਲਕ[82] ਅਤੇ ਸਾਰੇ[84] ਆਰਾਮ[83] ਦੇਣ ਵਾਲਾ[84] ਹੈਂ। ਠਹਿਰਾਉ।

ਕੇਤੀ ਕੇਤੀ[86] ਮਾਂਗਨਿ[87] ਮਾਗੈ[88] ਭਾਵਨੀਆ[89] ਸੋ[90] ਪਾਈਐ[91] ॥੧॥

Myriads[86] beg[88] alms[87] at Thy door. but, they receive[91] only that[90], what Thou art pleased[89] to give.

ਕ੍ਰੋੜਾਂ[86] ਹੀ ਤੇਰੇ ਬੂਹੇ ਤੇ ਖੈਰ[87] ਮੰਗਦੇ[88] ਹਨ, ਪ੍ਰੰਤੂ ਉਨ੍ਹਾਂ ਨੂੰ ਕੇਵਲ ਉਹ[90] ਹੀ ਮਿਲਦਾ[91] ਹੈ, ਜੋ ਕੁਛ ਤੂੰ ਪ੍ਰਸੰਨ[89] ਹੋ ਦਿੰਦਾ ਹੈਂ।

ਸਫਲ[92] ਸਫਲ ਸਫਲ ਦਰਸੁ[93] ਰੇ[94] ਪਰਸਿ[95] ਪਰਸਿ ਗੁਨ[96] ਗਾਈਐ[97] ॥

O[94] men, fruitful[92],gainful and successful is the Lord's vision[93], seeing[95] and beholding which, sing[97] I His praise[96].

ਐ[94] ਇਨਸਾਨ, ਫਲਦਾਇਕ[92]! ਲਾਭਦਾਇਕ,ਅਤੇ ਸਫਲ ਹੈ ਸਾਂਈਂ ਦਾ ਦਰਸਨ[93],ਜਿਸ ਨੂੰ ਵੇਖਣ[95],ਵੇਖਣ ਦੁਆਰਾ ਮੈਂ ਉਸ ਦੀਆਂ ਸਿਫਤਾਂ[96] ਗਾਇਨ[97] ਕਰਦਾ ਹਾਂ।

ਨਾਨਕ ਤਤ[98] ਤਤ ਸਿਉ[3] ਮਿਲੀਐ[99] ਹੀਰੈ ਹੀਰੁ[100] ਬਿਧਾਈਐ[2] ॥੨॥੨॥

Nanak, my quintessence[98] is blended[99] with[3] the Lord's quintessence and my mind's jewel[100] is pierced[2] through by the jewel of His Love.

ਨਾਨਕ, ਮੇਰਾ ਸਾਰ-ਅੰਸ਼[98] ਸੁਆਮੀ ਦੇ ਸਾਰ-ਅੰਸ਼ ਨਾਲ[3] ਅਭੇਦ ਹੋ ਗਿਆ[99] ਹੈ ਅਤੇ ਮੇਰੇ ਮਨ ਦਾ ਜਵੇਹਰ[100] ਉਸ ਦੇ ਪਿਆਰ ਦੇ ਜਵੇਹਰ ਨਾਲ ਵਿੰਨ੍ਹਿਆ ਗਿਆ[2] ਹੈ।

੧੩੨੨

ਕਲਿਆਨ ਮਹਲਾ ੫ ॥

Kalyan 5th Guru.

ਕਲਿਆਨ ਪੰਜਵੀਂ ਪਾਤਿਸ਼ਾਹੀ।

ਮੇਰੇ ਲਾਲਨ[3] ਕੀ ਸੋਭਾ[4] ॥ ਸਦ[5] ਨਵਤਨ[6] ਮਨ ਰੰਗੀ[7] ਸੋਭਾ ॥੧॥ਰਹਾਉ॥

Wondrous is the magnificence[4] of the Beloved[3]. Ever[5] refreshing[6] and pleasing[7] unto the mind is His glory Pause

ਅਦਭੁਤ ਹੈ ਪ੍ਰਭਤਾ[4] ਮੇਰੇ ਪ੍ਰੀਤਮ[3] ਦੀ। ਸਦੀਵ[5] ਹੀ ਨਵੀਂ ਨਕੋਰ[6] ਅਤੇ ਚਿੱਤ ਨੂੰ ਖ਼ੁਸ਼ ਕਰਨ ਵਾਲੀ[7] ਹੈ ਉਸ ਦੀ ਕੀਰਤੀ। ਠਹਿਰਾਉ।

ਬ੍ਰਹਮ ਮਹੇਸ[8] ਸਿਧ[9] ਮੁਨਿ[10] ਇੰਦ੍ਰਾ[11] ਭਗਤਿ[12] ਦਾਨੁ[13] ਜਸੁ[14] ਮੰਗੀ[15] ॥੧॥

Brahma, Shiva[8], adepts[9], silent sages[10] and Indra[11], ask for[15] the alms[13] of the Lord's meditation[12] and praise[14].

ਬ੍ਰਹਮਾ, ਸ਼ਿਵਜੀ[8], ਕਰਾਮਾਤੀ[9] ਪੁਰਸ਼, ਚੁਪ ਕਰੀਤੇ[10] ਰਿਸ਼ੀ ਅਤੇ ਇੰਦ੍ਰ[11], ਸੁਆਮੀ ਦੇ ਸਿਮਰਨ[12] ਅਤੇ ਕੀਰਤੀ[14] ਦੀ ਖ਼ੈਰ[13] ਮੰਗਦੇ[15] ਹਨ।

ਜੋਗ ਗਿਆਨ[16] ਧਿਆਨ[17] ਸੇਖਨਾਗੈ[18] ਸਗਲ ਜਪਹਿ[19] ਤਰੰਗੀ[20] ॥

The yogis, divines[16], men of reflection[17] and the thousand hooded serpent[18], all meditate[19] on the playful[20] Lord.

ਯੋਗੀ, ਬ੍ਰਹਮ ਬੇਤੇ[16], ਵਿਚਾਰਵਾਨ[17] ਅਤੇ ਹਜ਼ਾਰਾਂ ਫਣਾਂ ਵਾਲਾ ਸਰਪ[18], ਸਾਰੇ ਹੀ ਚੋਜੀ[20] ਪ੍ਰਭੂ ਦਾ ਸਿਮਰਨ[19] ਕਰਦੇ ਹਨ।

ਕਹੁ ਨਾਨਕ ਸੰਤਨ ਬਲਿਹਾਰੈ[21] ਜੋ ਪ੍ਰਭ ਕੇ ਸਦ[22] ਸੰਗੀ[23] ॥੨॥੩॥

Says Nanak, I am a sacrifice[21] unto the saints who are the lasting[22] associates[23] of the Lord.

ਗੁਰੂ ਜੀ ਆਖਦੇ ਹਨ, ਮੈਂ ਸਾਧੂਆਂ ਉਤੋਂ ਕੁਰਬਾਨ[21] ਜਾਂਦਾ ਹਾਂ, ਜੋ ਸੁਆਮੀ ਦੇ ਨਿਤ[22] ਦੇ ਹਮਜੋਲੀ[23] ਹਨ।

ਕਲਿਆਨ ਮਹਲਾ ੫
ਘਰੁ ੨

ੴ ਸਤਿਗੁਰ ਪ੍ਰਸਾਦਿ ॥

ਤੇਰੈ ਮਾਨਿ[24] ਹਰਿ ਹਰਿ[25] ਮਾਨਿ[26] ॥
ਨੈਨ[27] ਬੈਨ[28] ਸ੍ਰਵਨ[29] ਸੁਨੀਐ[30] ਅੰਗ[31] ਅੰਗੇ ਸੁਖ[32] ਪ੍ਰਾਨਿ[33] ॥੧॥ ਰਹਾਉ॥

ਇਤ[34] ਉਤ[35] ਦਹ ਦਿਸਿ[36] ਰਵਿਓ[37] ਮੇਰ[38] ਤਿਨਹਿ[39] ਸਮਾਨਿ[40] ॥੧॥

ਜਤ ਕਤਾ[41] ਤਤ[44] ਪੇਖੀਐ[43] ਹਰਿ[44] ਪੁਰਖ[45] ਪਤਿ[46] ਪਰਧਾਨ[47] ॥
ਸਾਧਸੰਗਿ ਭ੍ਰਮ[48] ਭੈ[44] ਮਿਟੇ[50] ਕਥੇ[51] ਨਾਨਕ ਬ੍ਰਹਮ ਗਿਆਨ[52] ॥੨॥੧॥ ੪॥

ਕਲਿਆਨ ਮਹਲਾ ੫ ॥
ਗੁਨ[53] ਨਾਦ[54] ਧੁਨਿ[55] ਅਨੰਦ[56] ਬੇਦ[57] ॥ ਕਥਤ[58] ਸੁਨਤ[59] ਮੁਨਿ[60] ਜਨਾ[61] ਮਿਲਿ[62] ਸੰਤ ਮੰਡਲੀ[63] ॥ ੧॥ਰਹਾਉ॥
ਗਿਆਨ[64] ਧਿਆਨ[65] ਮਾਨ[66] ਦਾਨ[67] ਮਨ[68] ਰਸਿਕ[69] ਰਸਨ[70] ਨਾਮੁ ਜਪਤ[71] ਤਹ[72] ਪਾਪ[73] ਖੰਡਲੀ[74] ॥੧॥

Kalyan 5th Guru.

There is but One God. By the True Guru's grace, is He obtained.

By believing[24] in Thee, O Lord God[25], man is blessed with glory[26].

If man sees the Lord with his eyes[27], hears[30] of Him with his ears[29] and utters[28] His Name with his mouth, then, all his body limbs[31] and soul[33] are in bliss[32]. Pause.

Here[34], there[35] and in ten directions[36], the Lord is pervading[37]. He is equally[40] contained in the mountain[38] and straw[39].

Wheresoever[41] I see, there[42] do I see[43] the Supreme[47] God[44] Lord[45], my Spouse[46].

Associating with the saints, doubt[48] and dread[49] are dispelled[50]. This is the Divine wisdom[52] that Nanak utters[51].

Kalyan 5th Guru.

Joining[62] the saints' society[63], the silent[60] saints[61] utter[58] and hear[59] the Lord's praises[53], which, to them, is the bliss giving[56] melodious[54] music[55] and Divine knowledge[57]. Pause.

There[72], the saints reflect[65] over the Lord's wisdom[64], worship[66] God, give alms[67] and, with their mind[68] and tongue[70], lovingly[69] utter[71] the Name. Thiswise, their sins[73] are washed off[74].

ਕਲਿਆਨ ਪੰਜਵੀਂ ਪਾਤਿਸ਼ਾਹੀ

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਤੇਰੇ ਉਤੇ ਭਰੋਸਾ ਧਾਰਨ ਦੁਆਰਾ[24], ਹੇ ਸੁਆਮੀ ਵਾਹਿਗੁਰੂ[25]! ਇਨਸਾਨ ਨੂੰ ਪ੍ਰਭਤਾ[26] ਪ੍ਰਦਾਨ ਹੁੰਦੀ ਹੈ। ਜੇਕਰ ਬੰਦਾ ਆਪਣੀਆਂ ਅੱਖਾਂ[27] ਨਾਲ ਪ੍ਰਭੂ ਨੂੰ ਵੇਖੇ, ਆਪਣਿਆਂ ਕੰਨਾਂ[29] ਨਾਲ ਉਸ ਬਾਰੇ ਸੁਣੇ[30] ਅਤੇ ਮੂੰਹ ਦੁਆਰਾ ਉਸ ਦੇ ਨਾਮ ਨੂੰ ਉਚਾਰੇ[28], ਤਾਂ ਉਸ ਦੇ ਸਰੀਰ ਦੇ ਸਮੂਹ ਭਾਗ[31] ਤੇ ਜਿੰਦ[33] ਖ਼ੁਸ਼[32] ਹੋ ਜਾਂਦੇ ਹਨ। ਠਹਿਰਾਉ।

ਏਥੇ[34], ਉਥੇ[35] ਤੇ ਦਸਾਂ ਹੀ ਦਿਛਾਵਾਂ[36] ਅੰਦਰ ਸਾਂਈਂ ਵਿਆਪਕ ਹੋ ਰਿਹਾ[37] ਹੈ। ਪਹਾੜ[38] ਅਤੇ ਫੂਸ[39] ਅੰਦਰ ਉਹ ਇਕਰਸ[40] ਰਮ ਰਿਹਾ ਹੈ।

ਜਿਥੇ ਕਿਤੇ ਭੀ[41] ਮੈਂ ਵੇਖਦਾ ਹਾਂ, ਉਥੇ[42] ਮੈਂ ਸ੍ਰੇਸ਼ਟੀ[47] ਵਾਹਿਗੁਰੂ[44] ਸੁਆਮੀ[45], ਆਪਣੇ ਕੰਤ[46] ਨੂੰ ਹੀ ਵੇਖਦਾ[43] ਹਾਂ।

ਸੰਤਾਂ ਦੀ ਸੰਗਤ ਕਰਨ ਦੁਆਰਾ, ਸੰਦੇਹ[48] ਅਤੇ ਡਰ[49] ਦੂਰ ਹੋ ਜਾਂਦੇ[50] ਹਨ। ਇਹ ਹੈ ਰੱਬੀ ਗਿਆਤ[52], ਜਿਸ ਦਾ ਨਾਨਕ ਉਚਾਰਨ ਕਰਦਾ[51] ਹੈ।

ਕਲਿਆਨ ਪੰਜਵੀਂ ਪਾਤਿਸ਼ਾਹੀ।

ਸਤਿਸੰਗਤ[63] ਨਾਲ ਜੁੜ ਕੇ[62], ਮੌਨੀ[60] ਸਾਧੂ[61] ਪ੍ਰਭੂ ਦੀ ਕੀਰਤੀ[53] ਉਚਾਰਦੇ[58] ਅਤੇ ਸੁਣਦੇ[59] ਹਨ, ਜੋ ਕਿ ਉਨ੍ਹਾਂ ਲਈ ਖ਼ੁਸ਼ੀ ਦੇਣਹਾਰ[56] ਸੁਰੀਲਾ[54] ਰਾਗ[55] ਅਤੇ ਬ੍ਰਹਿਮ-ਗਿਆਨ[57] ਹੈ। ਠਹਿਰਾਉ।

ਉਥੇ[72] ਸਾਧੂ ਬ੍ਰਹਿਮ-ਗਿਆਤ[64] ਨੂੰ ਵੀਚਾਰਦੇ[65], ਸਾਂਈਂ ਨੂੰ ਪੂਜਦੇ[66], ਪੁੰਨ-ਦਾਨ[67] ਕਰਦੇ ਅਤੇ ਆਪਣੇ ਦਿਲ[68] ਤੇ ਜੀਭ੍ਹਾ[70] ਨਾਲ ਪਿਆਰ-ਸਹਿਤ[69] ਨਾਮ ਨੂੰ ਜਪਦੇ[71] ਹਨ। ਇਸ ਤਰ੍ਹਾਂ ਉਨ੍ਹਾਂ ਦੇ ਕਸਮਲ[73] ਧੋਤੇ ਜਾਂਦੇ[74] ਹਨ।

ਜੋਗ[75] ਜੁਗਤਿ[76] ਗਿਆਨ[77] ਭੁਗਤਿ[78] ਸੁਰਤਿ[79] ਸਬਦ[80] ਤਤ[81] ਬੇਤੇ[82] ਜਪੁ[83] ਤਪੁ[84] ਅਖੰਡਲੀ[85] ॥

Through the way[76] of union[75] with God, the food[78] of gnosis[77], the knowledge[79] of the Guru's instruction[80], and the Lord's meditations[83], the knowers[82] of quintessence[81], remain incessantly[85] merged in God's service[84].

ਰੱਬ ਨਾਲ ਮਿਲਾਪ[75] ਦੀ ਜੁਗਤੀ[76], ਬ੍ਰਹਮ ਗਿਆਤ[77] ਦੇ ਭੋਜਨ[78], ਗੁਰਾਂ ਦੇ ਉਪਦੇਸ਼[80] ਦੇ ਬੋਧ[79] ਅਤੇ ਸਾਂਈਂ ਦੇ ਸਿਮਰਨ[83] ਰਾਹੀਂ, ਅਸਲੀਅਤ[81] ਨੂੰ ਜਾਣਨ ਵਾਲੇ[82], ਇਕ ਰਸ[85] ਰੱਬ ਦੀ ਸੇਵਾ[84] ਵਿਚ ਲੀਨ ਰਹਿੰਦੇ ਹਨ ।

ਓਤਿ[86] ਪੋਤਿ[87] ਮਿਲਿ[88] ਜੋਤਿ[89] ਨਾਨਕ ਕਛੂ[92] ਦੁਖੁ[90] ਨ ਡੰਡਲੀ[91] ॥ ੨॥੨॥੫॥

Like warp[86] and woof[87], they merge[88] in the Lord's light[89] and suffer not any[92] pain[90] and punishment[91], O Nanak.

ਤਾਣੇ[86] ਅਤੇ ਪੇਟੇ[87] ਦੀ ਮਾਨੰਦ, ਉਹ ਪ੍ਰਭੂ ਦੇ ਪ੍ਰਕਾਸ਼[89] ਅੰਦਰ ਲੀਨ ਹੋ ਜਾਂਦੇ[88] ਹਨ ਅਤੇ ਕੋਈ[92] ਤਕਲੀਫ਼[90] ਅਤੇ ਸਜ਼ਾ[91] ਨਹੀਂ ਪਾਉਂਦੇ, ਹੇ ਨਾਨਕ !

ਕਲਿਆਨੁ ਮਹਲਾ ੫ ॥

Kalyan 5th Guru.

ਕਲਿਆਨ ਪੰਜਵੀਂ ਪਾਤਿਸ਼ਾਹੀ ।

ਕਉਨੁ[93] ਬਿਧਿ[94] ਤਾ ਕੀ[97] ਕਹਾ[95] ਕਰਉ[96] ॥

By what[94] way[91] can I meet with Him[97] and what[95] should I do[96] to achieve this aim ?

ਕਿਸ[93] ਜੁਗਤੀ[94] ਦੁਆਰਾ, ਮੈਂ ਉਸ[97] ਨਾਲ ਮਿਲ ਸਕਦਾ ਹਾਂ ਅਤੇ ਇਸ ਮਨੋਰਥ ਦੀ ਪ੍ਰਾਪਤੀ ਲਈ ਮੈਂ ਕੀ[95] ਕਰਾਂ[96] ?

ਧਰਤ[98] ਧਿਆਨੁ[99] ਗਿਆਨੁ[100] ਸਸਤ੍ਰਗਿਆ[2] ਅਜਰ[3] ਪਦੁ[4] ਕੈਸੇ[5] ਜਰਉ[6] ॥੧॥ਰਹਾਉ॥

Some knowers of Shashtras[2] fix[98] their attention[99] on the Divine knowledge[100]; how[5] should I bear[6] the unbearable[3] state[4] ? Pause.

ਕਈ ਸ਼ਾਸਤਰਾਂ[2] ਨੂੰ ਜਾਣਨ ਵਾਲੇ ਆਪਣੀ ਬਿਰਤੀ[99] ਨੂੰ ਬ੍ਰਹਿਮ-ਬੀਚਾਰ[100] ਅੰਦਰ ਜੋੜਦੇ[98] ਹਨ । ਮੈਂ ਅਸਹਿ[3] ਅਵਸਥਾ[4] ਨੂੰ ਕਿਸ ਤਰ੍ਹਾਂ[5] ਸਹਾਰਾਂ[6] ? ਠਹਿਰਾਉ ।

ਬਿਸਨ[7] ਮਹੇਸ[8] ਸਿਧ[9] ਮੁਨਿ[10] ਇੰਦ੍ਰਾ ਕੈ[12] ਦਰਿ[13] ਸਰਨਿ[14] ਪਰਉ[15] ॥੧॥

Of Vishnu[7], Shiva[8], the adepts[9], the men of silence[10] and Indra, of whose[12] door[13] should I seek[15] the refuge[14] ?

ਵਿਸ਼ਨੂੰ[7], ਸ਼ਿਵਜੀ[8], ਪੂਰਨ ਪੁਰਸ਼[9], ਮੌਨੱਸ਼[10] ਬੰਦੇ ਅਤੇ ਇੰਦ੍ਰ, ਇਨ੍ਹਾਂ ਵਿਚੋਂ ਮੈਂ ਕਿਸ[12] ਦੇ ਬੂਹੇ[13] ਦੀ ਪਨਾਹ[14] ਲਵਾਂ[15] ?

ਕਾਹੂ[16] ਪਹਿ[17] ਰਾਜੁ[18] ਕਾਹੂ ਪਹਿ ਸੁਰਗਾ[19] ਕੋਟਿ[20] ਮਧੇ[21] ਮੁਕਤਿ[22] ਕਹਉ[23] ॥

With[17] some[16] are dominions[18], with others paradise[19], but, some rare one out[21] of millions[20], is said[23] to be blessed with emancipation[22].

ਕਿਸੇ[16] ਕੋਲ[17] ਪਾਤਿਸ਼ਾਹੀ[18] ਹੈ, ਕਿਸੇ ਕੋਲ ਬਹਿਸ਼ਤ[19], ਪ੍ਰੰਤੂ ਕ੍ਰੋੜਾਂ[20] ਵਿਚੋਂ[21] ਕਿਸੇ ਵਿਰਲੇ ਦੇ ਪੱਲੇ ਹੀ ਕਲਿਆਨ[22] ਦੀ ਬਖਸ਼ਸ਼ ਦੱਸੀ ਜਾਂਦੀ[23] ਹੈ ।

ਕਹੁ ਨਾਨਕ ਨਾਮ ਰਸੁ[24] ਪਾਈਐ ਸਾਧੂ ਚਰਨ[25] ਗਹਉ[26] ॥੨॥੩॥੬॥

Says Nanak, grasping[26] the feet[25] of the saint, I have obtained the Name-Nectar[24].

ਗੁਰੂ ਜੀ ਆਖਦੇ ਹਨ, ਸੰਤਾਂ ਦੇ ਪੈਰ[25] ਪਕੜਨ[26] ਦੁਆਰਾ ਮੈਨੂੰ ਨਾਮ-ਅੰਮ੍ਰਿਤ[24] ਪ੍ਰਾਪਤ ਹੋ ਗਿਆ ਹੈ ।

ਕਲਿਆਨ ਮਹਲਾ ੫ ॥

Kalyan 5th Guru.

ਕਲਿਆਨ ਪੰਜਵੀਂ ਪਾਤਿਸ਼ਾਹੀ ।

[27]ਪ੍ਰਾਨਪਤਿ[28] ਦਇਆਲ[29] ਪੁਰਖ[30] ਪ੍ਰਭ ਸਖੇ[31] ॥

The powerful[30] Lord is my compassionate[29] friend[31] and the Lord[28] of my life-breath[27].

ਬਲਵਾਨ[30] ਪ੍ਰਭੂ ਮੇਰਾ ਮਿਹਰਬਾਨ[29] ਸਾਥੀ[31] ਅਤੇ ਮੇਰੀ ਜਿੰਦ-ਜਾਨ[27] ਦਾ ਸੁਆਮੀ[28] ਹੈ ।

ਗਰਭ[31] ਜੋਨਿ[32] ਕਲਿ[33] ਕਾਲ[34] ਜਾਲ[35] ਦੁਖ[36] ਬਿਨਾਸਨੁ[37] ਹਰਿ ਰਖੇ[38] ॥ ੧॥ਰਹਾਉ॥	Delivers us, He, our Saviour[38], of recurring births[32] from wombs[31] and, destroys[37] He, our sorrow[36] and the noose[35] of death[34] in the Darkage[33]. Pause.	ਰਖਿਅਕ[38] ਵਾਹਿਗੁਰੂ, ਪੇਟ[31] ਦੀਆਂ ਜੂਨੀਆਂ[32] ਤੋਂ ਬਚਾਉਂਦਾ ਹੈ ਅਤੇ ਕਲਜੁਗ[33] ਵਿਚ ਸਾਡੀ ਪੀੜ[36] ਅਤੇ ਮੌਤ[34] ਦੀ ਫਾਹੀ[35] ਦਾ ਕਟਣਹਾਰ[37] ਹੈ। ਠਹਿਰਾਉ।
ਨਾਮ ਧਾਰੀ[39] ਸਰਨਿ[40] ਤੇਰੀ ॥ ਪ੍ਰਭ ਦਇਆਲ[41] ਟੇਕ[42] ਮੇਰੀ ॥੧॥	Within my mind, I enshrine[39] Thy Name and seek Thy refuge[40] and Thou alone art my support[42], O my Merciful[41] Lord.	ਆਪਣੇ ਮਨ ਅੰਦਰ ਮੈਂ ਤੇਰੇ ਨਾਮ ਨੂੰ ਟਿਕਾਉਂਦਾ[39] ਅਤੇ ਤੇਰੀ ਪਨਾਹ[40] ਲੋੜਦਾ ਹਾਂ ਅਤੇ ਕੇਵਲ ਤੂੰ ਹੀ ਮੇਰਾ ਆਸਰਾ[42] ਹੈਂ, ਹੇ ਮੇਰੇ ਮਇਆਵਾਨ[41] ਮਾਲਕ !
ਅਨਾਥ[43] ਦੀਨ[44] ਆਸਵੰਤ[45] ॥ ਨਾਮੁ ਸੁਆਮੀ ਮਨਹਿ[46] ਮੰਤ[47] ॥੨॥	Thou alone art the hope[45] of a meek[44] orphan[43] like me and Thy Name is the only aim[47] of my mind[46], O Lord.	ਕੇਵਲ ਤੂੰ ਹੀ ਮੇਰੇ ਵਰਗੇ ਮਸਕੀਨ[44] ਯਤੀਮ[43], ਦੀ ਉਮੈਦ[45] ਹੈਂ ਅਤੇ ਤੇਰਾ ਨਾਮ ਹੀ ਮੇਰੇ ਮਨ[46] ਦਾ ਕੱਲਮ-ਕੱਲਾ ਮਨੋਰਥ[47] ਹੈ, ਹੇ ਸੁਆਮੀ !
ਤੁਝ ਬਿਨਾ ਪ੍ਰਭ ਕਿਛੂ ਨ[48] ਜਾਨੂ ॥	Without Thee, O Lord, I know naught[48].	ਤੇਰੇ ਬਗੈਰ, ਹੇ ਸੁਆਮੀ ! ਮੈਂ ਕੁਝ ਭੀ[48] ਨਹੀਂ ਜਾਣਦਾ।
ਸਰਬ[49] ਜੁਗ ਮਹਿ[50] ਤੁਮ ਪਛਾਨੂ[51] ॥੩॥	In[50] all[49] the ages, O Lord, I know[51] Thee alone.	ਸਾਰਿਆਂ[49] ਯੁਗਾਂ ਅੰਦਰ[50], ਹੇ ਸਾਂਈਂ ! ਮੈਂ ਸਿਰਫ ਤੈਨੂੰ ਹੀ ਜਾਣਦਾ[51] ਹਾਂ।
ਹਰਿ ਮਨਿ ਬਸੇ[52] ਨਿਸਿ[53] ਬਾਸਰੋ[54] ॥	O God, night[53] and day[54], I enshrine[52] Thee in my mind.	ਹੇ ਵਾਹਿਗੁਰੂ ! ਰੈਣ[53] ਤੇ ਦਿਹੁੰ[54] ਮੈਂ ਤੈਨੂੰ ਆਪਣੇ ਚਿੱਤ ਵਿਚ ਟਿਕਾਉਂਦਾ[52] ਹਾਂ।
[55]ਗੋਬਿੰਦ[56] ਨਾਨਕ ਆਸਰੋ[57] ॥੪॥੪॥੭॥	God, the Master[56] of the Universe[55], is my only support[57], O Nanak.	ਸ੍ਰਿਸ਼ਟੀ[55] ਦਾ ਸੁਆਮੀ[56], ਵਾਹਿਗੁਰੂ ਹੀ ਮੇਰਾ ਕੱਲਮ-ਕੱਲਾ ਆਸਰਾ[57] ਹੈ, ਹੇ ਨਾਨਕ !
ਕਲਿਆਨ ਮਹਲਾ ੫ ॥	Kalyan 5th Guru.	ਕਲਿਆਨ ਪੰਜਵੀਂ ਪਾਤਿਸ਼ਾਹੀ।
ਮਨਿ[58] ਤਨਿ[59] ਜਾਪੀਐ[60] ਭਗਵਾਨ[61] ॥	Within my mind[58] and body[59], contemplate[60] I, my Auspicious[61] Lord.	ਆਪਣੇ ਚਿੱਤ[58] ਅਤੇ ਦੇਹ[59] ਅੰਦਰ, ਮੈਂ ਆਪਣੇ ਸੁਲਖਣੇ[61] ਸੁਆਮੀ ਦਾ ਸਿਮਰਨ ਕਰਦਾ[60] ਹਾਂ।
ਗੁਰ ਪੂਰੇ[62] [63]ਸੁਪ੍ਰਸੰਨ[64] ਭਏ ਸਦਾ[65] ਸੂਖ[66] ਕਲਿਆਨ[67] ॥੧॥ਰਹਾਉ॥	When the Perfect[62] Guru is highly[63] pleased[64], then am I blessed with everlasting[65] peace[66] and salvation[67]. Pause.	ਜਦ ਪੂਰਨ[62] ਗੁਰੂ ਪਰਮ[63] ਖੁਸ਼ੀ[64] ਹੋ ਜਾਂਦੇ ਹਨ, ਤਦ ਮੈਨੂੰ ਸਦੀਵੀ[65] ਆਰਾਮ[66] ਅਤੇ ਮੁਕਤੀ[67] ਦੀ ਦਾਤ ਮਿਲ ਜਾਂਦੀ ਹੈ। ਠਹਿਰਾਉ।
ਸਰਬ[68] ਕਾਰਜ[69] ਸਿਧਿ[70] ਭਏ ਗਾਇ ਗੁਨ[71] [72]ਗੁਪਾਲ[73] ॥	All[68] the affairs[69] are resolved[70], by singing the praises[71] of God, the Cherisher[73] of the World[72].	ਸੰਸਾਰ[72] ਦੇ ਪਾਲਨਹਾਰ[73] ਹਰੀ ਦੀਆਂ ਸਿਫ਼ਤਾਂ[71] ਗਾਇਨ ਕਰਨ ਦੁਆਰਾ, ਸਾਰੇ[68] ਕੰਮ[69] ਰਾਸ ਥੀ ਵੰਞਦੇ[70] ਹਨ।
ਮਿਲਿ[74] ਸਾਧਸੰਗਤਿ ਪ੍ਰਭੂ ਸਿਮਰੇ[75] ਨਾਠਿਆ[76] ਦੁਖ[77] ਕਾਲ[78] ॥੧॥	Joining[74] the saints' society, when I meditate[75] on the Lord, I am rid of[76] the agony[77] of death[78].	ਸਤਿਸੰਗਤ ਨਾਲ ਜੁੜ ਕੇ[74], ਜਦ ਮੈਂ ਸੁਆਮੀ ਨੂੰ ਸਿਮਰਦਾ[75] ਹਾਂ, ਤਾਂ ਮੇਰੀ ਮੌਤ[78] ਦੀ ਪੀੜ[77] ਦੌੜ[76] ਜਾਂਦੀ ਹੈ।

ਕਰਿ[79] ਕ੍ਰਿਪਾ[80] ਪ੍ਰਭ ਮੇਰਿਆ ਕਰਉ ਦਿਨੁ ਰੈਨਿ[81] ਸੇਵ[82] ॥

Take[79] Thou pity[80] on me, O my Lord, that, day and night[81], I may perform Thy service[82].

ਤੂੰ ਮੇਰੇ ਉਤੇ ਰਹਿਮਤ[80] ਧਾਰ[79], ਹੇ ਮੇਰੇ ਮਾਲਕ ! ਤਾਂ ਜੋ ਦਿਹੁੰ ਅਤੇ ਰਾਤ[81], ਮੈਂ ਤੇਰੀ ਟਹਿਲ[82] ਕਮਾਵਾਂ ।

ਨਾਨਕ ਦਾਸ[88] ਸਰਣਾਗਤੀ[83] ਹਰਿ[85] ਪੁਰਖ[84] ਪੂਰਨ[86] ਦੇਵ[87] ॥ ੨॥੫॥੮॥

Slave[88] Nanak seeks the protection[83] of the Powerful[84] and Perfect[86] Luminous[87] Lord[85].

ਗੋਲਾ[88] ਨਾਨਕ, ਬਲਵਾਨ[84] ਅਤੇ ਪੂਰੇ[86] ਪ੍ਰਕਾਸ਼ਵਾਨ[87] ਪ੍ਰਭੂ[85] ਦੀ ਪਨਾਹ[83] ਲੋੜਦਾ ਹੈ ।

੧੩੨੩

ਕਲਿਆਨੁ ਮਹਲਾ ੫ ॥

Kalyan 5th Guru.

ਕਲਿਆਣ ਪੰਜਵੀਂ ਪਾਤਿਸ਼ਾਹੀ ।

ਪ੍ਰਭੁ ਮੇਰਾ ਅੰਤਰਜਾਮੀ[89] ਜਾਣੁ[90] ॥

Wise[90] and Inner knower[89] is my Lord God.

ਸਿਆਣਾ[90] ਅਤੇ ਅੰਦਰਲੀਆਂ ਜਾਣਨਹਾਰ[89] ਹੈ ਮੇਰਾ ਸਾਂਈਂ ਹਰੀ ।

ਕਰਿ[91] ਕਿਰਪਾ[92] ਪੂਰਨ[93] ਪਰਮੇਸਰ[94] ਨਿਹਚਲੁ[95] ਸਚੁ ਸਬਦੁ[96] ਨੀਸਾਣੁ[97] ॥ ੧॥ਰਹਾਉ॥

Show[91] Thou mercy[92] unto me, O my Perfect[93] God[94] of gods, so that I am blessed with the Standard[97] of Thy True and Eternal[95] Name[96], O Lord. Pause.

ਤੂੰ ਮੇਰੇ ਉਤੇ ਮਿਹਰ[92] ਧਾਰ[91], ਹੇ ਮੇਰੇ ਮੁਕੰਮਲ[93] ਵਿਸ਼ਾਲ ਵਾਹਿਗੁਰੂ[94] ਤਾਂ ਜੋ ਮੈਂ ਤੇਰੇ ਸੱਚੇ ਅਤੇ ਸਦੀਵੀ[95] ਨਾਮ[96] ਦੇ ਝੰਡੇ[97] ਦੀ ਦਾਤ ਨੂੰ ਪਾ ਸਕਾਂ । ਠਹਿਰਾਉ ।

ਹਰਿ ਬਿਨੁ ਆਨ[98] ਨ ਕੋਈ ਸਮਰਥੁ[99] ਤੇਰੀ ਆਸ[100] ਤੇਰਾ ਮਨਿ ਤਾਣੁ[2] ॥

Without Thee, O God, none else[98] is powerful[99]; my hope[100] rests in Thee and mind leans on Thine might[2] alone.

ਤੇਰੇ ਬਾਝੋਂ, ਹੇ ਹਰੀ ! ਕੋਈ ਹੋਰ[98] ਬਲਵਾਨ[99] ਨਹੀਂ । ਮੇਰੀ ਉਮੇਦ[100] ਤੇਰੇ ਵਿਚ ਹੈ ਅਤੇ ਮੇਰੇ ਚਿੱਤ ਵਿਚ ਤੇਰੀ ਹੀ ਤਾਕਤ[2] ਦਾ ਮਾਣ ਹੈ ।

ਸਰਬ[3] ਘਟਾ[4] ਕੇ ਦਾਤੇ[5] ਸੁਆਮੀ ਦੇਹਿ[6] ਸੁ[7] ਪਹਿਰਣੁ[8] ਖਾਣੁ[9] ॥੧॥

O my Master, Thou alone givest[5] to all[3] hearts[4]. I wear[8] and eat[9] that[7] what Thou givest[6] me.

ਹੇ ਮੇਰੇ ਮਾਲਕ ! ਤੂੰ ਹੀ ਸਾਰਿਆਂ[3]ਦਿਲਾਂ[4] ਦਾ ਦਾਤਾਰ[5] ਹੈਂ । ਮੈਂ ਉਹੀ[7] ਪਹਿਰਦਾ[8] ਅਤੇ ਖਾਂਦਾ[9] ਹਾਂ, ਜਿਹੜਾ ਕੁਛ ਤੂੰ ਮੈਨੂੰ ਦਿੰਦਾ[6] ਹੈਂ ।

ਸੁਰਤਿ[10] ਮਤਿ[12] ਚਤੁਰਾਈ[13] ਸੋਭਾ[14] ਰੂਪੁ[15] ਰੰਗੁ[16] ਧਨੁ[17] ਮਾਣੁ[18] ॥ ਸਰਬ[19] ਸੂਖ[20] ਆਨੰਦ[21] ਨਾਨਕ ਜਪਿ[22] ਰਾਮ[23] ਨਾਮੁ ਕਲਿਆਣੁ[24] ॥ ੨॥੬॥੯॥

Understanding[10], intellect[12], wisdom[13], glory[14], beauty[15], revelments[16], riches[17], honour[18], all[19] comforts[20], bliss[21] and salvation[24] are in the uttering[22] of the Lord's[23] Name, O Nanak.

ਸਮਝ[10], ਅਕਲ[12] ਸਿਆਣਪ[13], ਪ੍ਰਭਤਾ[14], ਸੁੰਦਰਤਾ[15], ਰੰਗਰਲੀਆਂ[16], ਧਨ-ਦੌਲਤ[17], ਇਜ਼ਤ ਆਬਰੂ[18], ਸਾਰੇ[19] ਆਰਾਮ[20], ਖੁਸ਼ੀ[21] ਅਤੇ ਮੁਕਤੀ[24] ਸੁਆਮੀ[23] ਦੇ ਨਾਮ ਦੇ ਉਚਾਰਨ ਕਰਨ[22] ਵਿਚ ਹੀ ਹਨ, ਹੇ ਨਾਨਕ !

ਕਲਿਆਨੁ ਮਹਲਾ ੫ ॥

Kalyan 5th Guru.

ਕਲਿਆਣ ਪੰਜਵੀਂ ਪਾਤਿਸ਼ਾਹੀ ।

ਹਰਿ ਚਰਨ[25] ਸਰਨ[26] ਕਲਿਆਨ[27] ਕਰਨ ॥

The refuge[26] of the Lord's feet[25] emancipates[27] one.

ਪ੍ਰਭੂ ਦੇ ਪੈਰਾਂ[25] ਦੀ ਪਨਾਹ[26] ਬੰਦੇ ਨੂੰ ਮੁਕਤ ਕਰ ਦਿੰਦੀ[27] ਹੈ ।

ਪ੍ਰਭੁ ਨਾਮੁ ਪਤਿਤ[28] ਪਾਵਨੋ[29] ॥੧॥ਰਹਾਉ॥

The Lord's Name is the purifier[29] of the sinner[28]. Pause.

ਸੁਆਮੀ ਦਾ ਨਾਮ ਪਾਪੀਆਂ[28] ਨੂੰ ਪਵਿੱਤਰ ਕਰਨ ਵਾਲਾ[29] ਹੈ । ਠਹਿਰਾਉ ।

ਸਾਧਸੰਗ ਜਪਿ[30] ਨਿਸੰਗ[31] [32]ਜਮਕਾਲੁ[33] ਤਿਸੁ[34] ਨ

Associating with the saints, whosoever dauntlessly[31] contemplates[30]

ਸੰਤਾਂ ਨਾਲ ਮਿਲ ਕੇ, ਜੋ ਕੋਈ ਭੀ ਨਿਧੜਕ[31] ਹੋ ਆਪਣੇ ਵਾਹਿਗੁਰੂ ਦਾ ਆਰਾਧਨ ਕਰਦਾ[30] ਹੈ; ਮੌਤ[33] ਦਾ

ਖਾਵਨੋ[35] ॥੧॥	his God, death's[33] myrmidon[32] eats[35] him[34] not.	ਫ਼ਰੇਸ਼ਤਾ[32] ਉਸ[34] ਨੂੰ ਥਾਂਦਾ[35] ਨਹੀਂ ।
ਮੁਕਤਿ[36] ਜੁਗਤਿ[37] ਅਨਿਕ[38] ਸੂਖ[39] ਹਰਿ ਭਗਤਿ[40] ਲਵੈ[41] ਨ ਲਾਵਨੋ ॥	Salvation[36], secular success[37] and various[38] comforts[39], equal[41] not they, the loving adoration[40] of God.	ਮੋਖਸ਼[36], ਸੰਸਾਰੀ ਸਿਧਤਾ[37] ਅਤੇ ਅਨੇਕਾਂ[38] ਆਰਾਮ[39], ਵਾਹਿਗੁਰੂ ਦੀ ਪਿਆਰੀ ਉਪਾਸ਼ਨਾ[40] ਨੂੰ ਉਹ, ਨਹੀਂ ਪੁਜਦੇ[41] ।
ਪ੍ਰਭ ਦਰਸ[42] ਲੁਬਧ[43] ਦਾਸ[47] ਨਾਨਕ ਬਹੁੜਿ[44] ਜੋਨਿ[45] ਨ ਧਾਵਨੋ[46] ॥੨॥ ੭॥੧੦॥	Slave[47] Nanak craves for[43] the Lord's vision[42] and shall not wander[46] again[44] in births and deaths[45].	ਗੋਲਾ[47] ਨਾਨਕ ਸੁਆਮੀ ਦੇ ਦਰਸ਼ਨ[42]ਨੂੰ ਲਲਚਾਉਂਦਾ[43] ਹੈ ਅਤੇ ਉਹ ਮੁੜ ਕੇ[44] ਜੂਨੀਆਂ[45] ਵਿਚ ਚੱਕਰ ਨਹੀਂ ਕਟੇਗਾ[46] ।
ਕਲਿਆਨ ਮਹਲਾ ੪ ਅਸਟਪਦੀਆ ॥	Kalyan 4th Guru. Ashtpadis.	ਕਲਿਆਨ ਚੌਥੀ ਪਾਤਿਸ਼ਾਹੀ ਅਸ਼ਟਪਦੀਆਂ
੧ ੴ ਸਤਿਗੁਰ ਪ੍ਰਸਾਦਿ ॥	There is but One God, By the True Guru's grace, is He attained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।
ਰਾਮਾ[48] ਰਮ[49] ਰਾਮੋ[50] ਸੁਨਿ ਮਨੁ[51] ਭੀਜੈ[52] ॥	O my Lord[48], hearing Thy beauteous[49] Name[50], my soul[51] is mightly pleased[52].	ਹੇ ਮੇਰੇ ਸੁਆਮੀ[48] ! ਤੇਰੇ ਸੁੰਦਰ[49] ਨਾਮ ਨੂੰ ਸੁਣਨ ਦੁਆਰਾ, ਮੇਰੀ ਜਿੰਦੜੀ[51] ਪਰਮ ਪ੍ਰਸੰਨ ਹੋ ਜਾਂਦੀ[52] ਹੈ ।
ਹਰਿ ਹਰਿ[53] ਨਾਮੁ ਅੰਮ੍ਰਿਤੁ[54] ਰਸੁ[55] ਮੀਠਾ[56] ਗੁਰਮਤਿ[56*] ਸਹਜੇ[57] ਪੀਜੈ[58] ॥੧॥ ਰਹਾਉ॥	The Lord God's[53] Name is an immortalising[54] sweet[56] ambrosia[55], which one indrinks[58] all-too-spontaneously[57] by the Guru's instructions[56*]. Pause.	ਸੁਆਮੀ ਵਾਹਿਗੁਰੂ[53] ਦਾ ਨਾਮ ਸੁਰਜੀਤ ਕਰਨ ਵਾਲਾ[54] ਮਿੱਠੜਾ[56] ਆਬਿ-ਹਿਯਾਤ[55] ਹੈ । ਗੁਰਾਂ ਜੀ ਸਿਖਿਆ[56*] ਦੁਆਰਾ ਜਿਸ ਨੂੰ ਜੀਵ ਸੁਤੇ ਸਿਧ[57] ਹੀ ਪਾਨ ਕਰ ਲੈਂਦਾ[58] ਹੈ । ਠਹਿਰਾਉ ।
ਕਾਸਟ[59] ਮਹਿ[60] ਜਿਉ[61] ਹੈ ਬੈਸੰਤਰੁ[62] ਮਥਿ[63] ਸੰਜਮਿ[64] ਕਾਢਿ ਕਢੀਜੈ[64*] ॥	As[61] the fire[62] is locked in[60] the wood[59], but it is made manifest[64] by the mortal who knows the way[64] of rubbing[63] the wood.	ਜਿਸ ਤਰ੍ਹਾਂ[61] ਲੱਕੜ[59] ਵਿਚ[60] ਅੱਗ[62] ਬੰਦ ਹੈ, ਪ੍ਰੰਤੂ ਉਹ ਪ੍ਰਾਣੀ ਹੀ ਇਸ ਨੂੰ ਪ੍ਰਗਟ ਕਰਦਾ[64] ਹੈ ਜੋ ਲੱਕੜ ਨੂੰ ਰਗੜਨ[63] ਦੀ ਜੁਗਤੀ[64] ਨੂੰ ਜਾਣਦਾ ਹੈ ।
ਰਾਮ ਨਾਮੁ ਹੈ ਜੋਤਿ[65] ਸਬਾਈ[66] ਤਤੁ[67] ਗੁਰਮਤਿ[68] ਕਾਢਿ ਲਈਜੈ[69] ॥੧॥	So is the light[65] of the Lord's Name within all[66], but its quintessence[67] is found[60] through the Guru's teachings[68].	ਏਸੇ ਤਰ੍ਹਾਂ ਹੀ ਪ੍ਰਭੂ ਦੇ ਨਾਮ ਦਾ ਪ੍ਰਕਾਸ਼[65] ਸਾਰਿਆਂ[66] ਦੇ ਅੰਦਰ ਹੈ, ਪ੍ਰੰਤੂ ਗੁਰਾਂ ਦੀ ਸਿਖਮਤ[68] ਰਾਹੀਂ ਹੀ ਇਸ ਦਾ ਜੌਹਰ[67] ਪਾਇਆ ਜਾਂਦਾ[60] ਹੈ ।
ਨਉ ਦਰਵਾਜ[70] ਨਵੇ ਦਰ ਫੀਕੇ[71] ਰਸੁ[72] ਅੰਮ੍ਰਿਤੁ[73] ਦਸਵੇ ਚੁਈਜੈ[74] ॥	The body has nine doors[70] but insipid[71] is the relish of all the nine doors. It is in the tenth one, that the immortalising[75] Nectar[73] trickles[74].	ਦੇਹ ਦੇ ਨੌਂ ਦੁਆਰੇ[70] ਹਨ ਪ੍ਰੰਤੂ ਫਿਕਲਾ[71] ਹੈ ਸੁਆਦ ਨੌਂ ਹੀ ਦੁਆਰਿਆਂ ਦਾ । ਇਹ ਦਸਵਾਂ ਦੁਆਰਾ ਹੀ ਹੈ ਜਿਸ ਵਿਚ ਸੁਰਜੀਤ ਕਰਨ ਵਾਲਾ[72] ਨਾਮ-ਅੰਮ੍ਰਿਤ[73] ਟਪਕਦਾ[74] ਹੈ ।

ਕ੍ਰਿਪਾ[75] ਕ੍ਰਿਪਾ ਕਿਰਪਾ ਕਰਿ[76] ਪਿਆਰੇ[77] ਗੁਰ ਸਬਦੀ[78] ਹਰਿ ਰਸੁ[79] ਪੀਜੈ[80] ॥੨॥

Show[76] Thou Thy mercy[75], compassion and kindness unto me, O my Love[77], that I may indrink[80] the Lord's Name-elixir[79] through the Guru's word[78].

ਮੇਰੇ ਉਤੇ ਤੂੰ ਆਪਣੀ ਰਹਿਮਤ[75], ਕਿਰਪਾ ਅਤੇ ਬਖ਼ਸ਼ਸ਼ ਧਾਰ[76], ਹੇ ਮੇਰੇ ਪ੍ਰੀਤਮਾ[77] ! ਤਾਂ ਜੋ ਗੁਰਾਂ ਦੀ ਬਾਣੀ[78] ਰਾਹੀਂ ਮੈਂ ਪ੍ਰਭੂ ਦੇ ਅੰਮ੍ਰਿਤ[79] ਨੂੰ ਪਾਨ[80] ਕਰ ਸਕਾਂ ।

ਕਾਇਆ[81] ਨਗਰੁ[82] ਨਗਰੁ ਹੈ ਨੀਕੋ[83] ਵਿਚਿ ਸਉਦਾ[84] ਹਰਿ ਰਸੁ ਕੀਜੈ[85] ॥

The body[81] abode[82] is the beauteous[83] Township in which the business[84] of the God's Nectar is transacted[85].

ਦੇਹ[81] ਦਾ ਪਿੰਡ[82] ਇਕ ਸੁੰਦਰ[83] ਪਿੰਡ ਹੈ, ਜਿਸ ਵਿਚ ਵਾਹਿਗੁਰੂ ਦੇ ਅੰਮ੍ਰਿਤ ਦਾ ਵਣਜ-ਵਾਪਾਰ[84] ਕੀਤਾ ਜਾਂਦਾ[85] ਹੈ ।

ਰਤਨ[86] ਲਾਲ[87] ਅਮੋਲ[88] ਅਮੋਲਕ ਸਤਿਗੁਰ ਸੇਵਾ[89] ਲੀਜੈ[90] ॥੩॥

Precious[88], the most precious jewels[86] and emeralds[87] are attained[90] through the True Guru's service[89].

ਅਣਮੁੱਲੇ[88], ਪਰਮ ਅਣਮੁੱਲੇ ਜਵੇਹਰ[86] ਅਤੇ ਮਾਣਕ[87] ਸੱਚੇ ਗੁਰਾਂ ਦੀ ਟਹਿਲ ਸੇਵਾ[89] ਰਾਹੀਂ ਪ੍ਰਾਪਤ[90] ਹੋ ਜਾਂਦੇ ਹਨ ।

ਸਤਿਗੁਰੁ ਅਗਮੁ[91] ਅਗਮੁ[92] ਹੈ ਠਾਕੁਰੁ ਭਰਿ[93] ਸਾਗਰ[94] ਭਗਤਿ[95] ਕਰੀਜੈ[96] ॥

Unfathomable[91] and Inscrutable[92] is the Lord, who is the brimful[93] ocean[94] of bliss. Through the True Guru, embrace[96] thou, His loving adoration[95].

ਬੇਥਾਹ[91] ਅਤੇ ਖੋਜ-ਰਹਿਤ[92] ਹੈ ਸੁਆਮੀ, ਜੋ ਕਿ ਪ੍ਰਸੰਨਤਾ ਦਾ ਪਰੀਪੂਰਨ[93] ਸਮੁੰਦਰ[94] ਹੈ । ਸੱਚੇ ਗੁਰਾਂ ਦੇ ਰਾਹੀਂ ਤੂੰ ਉਸ ਦੀ ਪ੍ਰੇਮਮਈ ਉਪਾਸ਼ਨਾ[95] ਧਾਰਨ ਕਰ[96] ।

ਕ੍ਰਿਪਾ[97] ਕ੍ਰਿਪਾ ਕਰਿ[98] ਦੀਨ[99] ਹਮ[100] ਸਾਰਿੰਗ[2] ਇਕ ਬੂੰਦ[3] ਨਾਮੁ ਮੁਖਿ[4] ਦੀਜੈ[5] ॥੪॥

O Lord, show[98] Thou mercy[97] and compassion unto me[100], the meek[99] sparrow hawk[2] and pour[5] into my mouth[4] a drop[3] of Thy Name.

ਹੇ ਸਾਂਈਂ ! ਤੂੰ ਮੈਂ[100] ਮਸਕੀਨ[99] ਪਪੀਹੇ[2] ਉਤੇ ਮਿਹਰ[97], ਅਤੇ ਰਹਿਮਤ ਧਾਰ[98] ਅਤੇ ਮੇਰੇ ਮੂੰਹ[4] ਵਿਚ ਆਪਣੇ ਨਾਮ ਦੀ ਇਕ ਕਣੀ[3] ਪਾ[5] ।

ਲਾਲਨੁ[6] ਲਾਲੁ[7] ਲਾਲੁ ਹੈ ਰੰਗਨੁ[8] ਮਨੁ[9] ਰੰਗਨ ਕਉ ਗੁਰ ਦੀਜੈ[10] ॥

O Lord[6], dye, in Thy Lalla-red[7] colour, my mind[9], which I have surrendered[10] to the Guru for having it dyed[8].

ਐ ਮੇਰੇ ਪਿਆਰੇ ਪ੍ਰਮੇਸ਼ਰ[6] ਮੇਰੇ ਮਨ[9] ਨੂੰ ਲਾਲਾ ਰੂਪ ਲਾਲ[7] ਰੰਗ ਨਾਲ ਰੰਗ ਦੇ ਜਿਸ ਨੂੰ ਰੰਗਣ[8] ਵਾਸਤੇ ਮੈਂ ਗੁਰੂ ਜੀ ਦੇ ਅਰਪਨ[10] ਕਰ ਦਿੱਤਾ ਹੋਇਆ ਹੈ ।

ਰਾਮ ਰਾਮ ਰਾਮ[12] ਰੰਗਿ[13] ਰਾਤੇ[14] ਰਸ[15] ਰਸਕਿ[16] ਗਟਕ[17] ਨਿਤ[18] ਪੀਜੈ[19] ॥ ੫॥

O my Lord, God, the All-pervading God[12], they, who are imbued[14] with Thy love[13], ever[18] tastefully[16] indrink[19] in big draughts[17], Thy Name-Nectar[15].

ਹੇ ਮੇਰੇ ਅਕਾਲ ਪੁਰਖ, ਸੁਆਮੀ ਵਿਆਪਕ ਵਾਹਿਗੁਰੂ[12], ਜੋ ਤੇਰੀ ਪ੍ਰੀਤ[13] ਨਾਲ ਰੰਗੀਜੇ[14] ਹਨ, ਉਹ ਸਦੀਵ ਹੀ[18] ਸੁਆਦ ਨਾਲ[16] ਤੇਰੇ ਨਾਮ-ਅੰਮ੍ਰਿਤ[15] ਨੂੰ ਗਟਾਗਟ[17] ਪਾਨ ਕਰਦੇ[19] ਹਨ ।

ਬਸੁਧਾ[20] ਸਪਤ[21] ਦੀਪ[22] ਹੈ ਸਾਗਰ[23] ਕਢਿ[24] ਕੰਚਨੁ[25] ਕਾਢਿ ਧਰੀਜੈ[26] ॥

If the gold[25] of the seven[21] continents[22] and oceans[23] of the earth[20] be taken out[24] and placed before[26] them,

ਜੇਕਰ ਧਰਤੀ[20] ਦੇ ਸੱਤਾ[21] ਹੀ ਮਹਾਂਦੀਪਾਂ[22] ਅਤੇ ਸਮੁੰਦਰਾਂ[23] ਦਾ ਸੋਨਾ[25] ਕੱਢ ਕੇ[24] ਉਨ੍ਹਾਂ ਮੂਹਰੇ ਰਖ[26] ਦੇਈਏ ।

ਮੇਰੇ ਠਾਕੁਰ ਕੇ ਜਨ[27] ਇਨਹੁ[28] ਨ ਬਾਛਹਿ[29] ਹਰਿ ਮਾਗਹਿ[30] ਹਰਿ ਰਸੁ[31] ਦੀਜੈ[32] ॥੬॥

My Lord's slaves[27] desire[29] it[28] not. They beg[30] their Lord God for the grant[32] of His Name elixir[31].

ਮੇਰੇ ਮਾਲਕ ਦੇ ਗੋਲੇ[27] ਇਸ[28] ਨੂੰ ਨਹੀਂ ਚਾਹੁੰਦੇ[29] । ਉਹ ਸੁਆਮੀ ਵਾਹਿਗੁਰੂ ਪਾਸੋਂ ਉਸ ਦੇ ਨਾਮ ਅੰਮ੍ਰਿਤ[31] ਦੀ ਦਾਤ[32] ਮੰਗਦੇ[30] ਹਨ ।

ਸਾਕਤ[33] ਨਰ[34] ਪ੍ਰਾਨੀ[35] ਸਦ[36] ਭੂਖੇ[37] ਨਿਤ[38] ਭੂਖਨ ਭੂਖ ਕਰੀਜੈ[39] ॥

Ever[36] hungry[37] remain the apostate[33] persons[34] and mortals[35]. 'Hunger, hunger' they ever[38] cry out[39].

ਹਮੇਸ਼ਾ[36] ਹੀ ਭੁਖੇ[37] ਰਹਿੰਦੇ ਹਨ ਅਧਰਮੀ[33] ਪੁਰਸ਼[34] ਅਤੇ ਜੀਵ[35], 'ਭੁਖ, ਭੁਖ' ਹੀ ਉਹ ਸਦਾ[38] ਪੁਕਾਰਦੇ[39] ਹਨ ।

ਧਾਵਤੁ[40] ਧਾਇ ਧਾਵਹਿ ਪ੍ਰੀਤਿ[41] ਮਾਇਆ[42] ਲਖ[43] ਕੋਸਨ[44] ਕਉ ਬਿਥਿ[45] ਦੀਜੈ[46] ॥੭॥

They run[40], roam nder about through the love[41] of riches[42] and cover[46] a distance[45] of lacs[43] of miles[44].

ਧਨ-ਦੌਲਤ[42] ਦੇ ਪਿਆਰ[41] ਰਾਹੀਂ, ਉਹ ਦੌੜਦੇ[40], ਭੌਂਦੇ ਅਤੇ ਭਟਕਦੇ ਫਿਰਦੇ ਹਨ ਅਤੇ ਲਖੂਖਾਂ[43] ਹੀ ਮੀਲਾਂ[44] ਦਾ ਫਾਸਲਾ[45] ਤੈ ਕਰ ਜਾਂਦੇ[46] ਹਨ ।

ਹਰਿ ਹਰਿ ਹਰਿ ਹਰਿ ਹਰਿ ਜਨ[47] ਉਤਮ[48] ਕਿਆ[49] ਉਪਮਾ[50] ਤਿਨ੍[51] ਦੀਜੈ[52] ॥

Sublime[48] are the Lord God Master's yea, Lord God's saints[47]. What[49] praise[50] can one attribute[52] to them[51] ?

ਸ੍ਰੇਸ਼ਟ[48] ਹਨ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦੇ ਸੰਤ[47] । ਇਨਸਾਨ ਉਨ੍ਹਾਂ[51] ਨੂੰ ਕਿਹੜੀ[49] ਮਹਿਮਾਂ[50] ਪਰਦਾਨ[52] ਕਰ ਸਕਦਾ ਹੈ ?

ਰਾਮ ਨਾਮ ਤੁਲਿ[53] ਅਉਰੁ[54] ਨ ਉਪਮਾ[55] ਜਨ[56] ਨਾਨਕ ਕ੍ਰਿਪਾ[57] ਕਰੀਜੈ[58] ॥੮॥੧॥

O Lord, take[58] Thou pity[57] on slave[56] Nanak and bless him with Thy Name, the like[53] of which there is no other[54] magnificence[55].

ਹੇ ਪ੍ਰਭੂ ! ਤੂੰ ਗੋਲੇ[56] ਨਾਨਕ ਤੇ ਮਿਹਰ[57] ਧਾਰ[58] ਅਤੇ ਉਸ ਨੂੰ ਆਪਣਾ ਨਾਮ ਪ੍ਰਦਾਨ ਕਰ, ਜਿਸ ਦੇ ਬਰਾਬਰ[53] ਦੀ ਹੋਰ ਕੋਈ[54] ਵਡਿਆਈ[55] ਨਹੀਂ ।

੧੩੨੪

ਕਲਿਆਨ ਮਹਲਾ ੪ ॥

Kalyan 4th Guru.

ਕਲਿਆਨ ਚੌਥੀ ਪਾਤਿਸ਼ਾਹੀ ।

ਰਾਮ ਗੁਰੁ ਪਾਰਸੁ[59] ਪਰਸੁ[60] ਕਰੀਜੈ[61] ॥

My Lord, bless[61] Thou me with the touch[60] of the Guru, the philospher's stone[59].

ਮੇਰੇ ਸੁਆਮੀ ! ਤੂੰ ਮੈਨੂੰ ਗੁਰਦੇਵ, ਰਸਾਇਣ[59] ਦੀ ਛੁਹ[60] ਪ੍ਰਦਾਨ[61] ਕਰ ।

ਹਮ[62] ਨਿਰਗੁਣੀ[63] ਮਨੂਰ[64] ਅਤਿ[65] ਫੀਕੇ[66] ਮਿਲਿ ਸਤਿਗੁਰ ਪਾਰਸੁ[67] ਕੀਜੈ[68] ॥੧॥ਰਹਾਉ॥

I[62] was the meritless[63] and exceedingly[65] worthless[66] rusted iron[64]. Meeting with the True Guru, I am transmuted[68] into an invaluhble personality[67].

ਮੈਂ[62] ਗੁਣ-ਵਿਹੂਣ[63] ਅਤੇ ਬਿਲਕੁਲ[65] ਨਿਕੰਮਾ[66] ਜੰਗਾਲਿਆ ਹੋਇਆ ਲੋਹਾ[64] ਸੀ । ਸੱਚੇ ਗੁਰਾਂ ਨਾਲ ਮਿਲ ਕੇ ਮੈਂ ਇਕ ਅਮੱਲਕ ਹਸਤੀ[67] ਹੋ ਗਿਆ[68] ਹਾਂ ।

ਸੁਰਗ[69] ਮੁਕਤਿ[70] ਬੈਕੁੰਠ[71] ਸਭਿ[72] ਬਾਂਛਹਿ[73] ਨਿਤਿ[74] ਆਸਾ ਆਸ[75] ਕਰੀਜੈ[76] ॥

Everyone[72] longs for[73] paradise[69], emancipation[79] and elysium[71] and ever[74] rests[76] all his hopes[75] on them.

ਹਰ ਕੋਈ[72] ਬਹਿਸ਼ਤ[69], ਕਲਿਆਣ[79] ਅਤੇ ਸੱਚਖੰਡ[71] ਨੂੰ ਲੋਚਦਾ[73] ਹੈ ਅਤੇ ਸਦੀਵ[74] ਹੀ ਆਪਣੀਆਂ ਸਾਰੀਆਂ[75] ਉਮੈਦਾਂ ਉਨ੍ਹਾਂ ਉਤੇ ਬੰਨ੍ਹਦਾ[76] ਹੈ ।

ਹਰਿ ਦਰਸਨ[77] ਕੇ ਜਨ[78] ਮੁਕਤਿ ਨ ਮਾਂਗਹਿ[79] ਮਿਲਿ[80] ਦਰਸਨ ਤ੍ਰਿਪਤਿ[81] ਮਨੁ[82] ਧੀਜੈ[83] ॥੧॥

The persons[78] desirous of the God's vision[77] ask[79] not for emancipation. Obtaining[80] His vision, their soul[82] is sated[81] and comforted[83].

ਰੱਬ ਦੇ ਦੀਦਾਰ[77] ਦੇ ਚਾਹਵਾਨ ਪੁਰਸ਼[78] ਕਲਿਆਨ ਦੀ ਯਾਚਨਾ[79] ਨਹੀਂ ਕਰਦੇ । ਉਸ ਦਾ ਦੀਦਾਰ ਪਾ ਕੇ[80] ਉਨ੍ਹਾਂ ਦੀ ਆਤਮਾ[82] ਰੱਜ ਕੇ[81] ਧੀਰਜਵਾਨ ਹੋ ਜਾਂਦੀ[83] ਹੈ ।

ਮਾਇਆ[84] ਮੋਹੁ[85] ਸਬਲੁ[86] ਹੈ ਭਾਰੀ[87] ਮੋਹੁ[91] ਕਾਲਖ[88] ਦਾਗ[89] ਲਗੀਜੈ[90] ॥

Highly[87] powerful[86] is the attachment[85] of mammon[84] and this attachment[91] brands[90] one with the black[88] spot[89].

ਬੜੀ[87] ਬਲਵਾਨ[86] ਹੈ ਧਨ-ਪਦਾਰਥ[84] ਦੀ ਲਗਨ[85] ਅਤੇ ਇਹ ਲਗਨ[91] ਇਨਸਾਨ ਨੂੰ ਕਾਲਾ[88] ਧੱਬਾ[89] ਲਾ ਦਿੰਦੀ[90] ਹੈ ।

ਮੇਰੇ ਠਾਕੁਰ ਕੇ ਜਨ[92] ਅਲਿਪਤ[93] ਹੈ ਮੁਕਤੇ[94] ਜਿਉ[95] ਮੁਰਗਾਈ[96] ਪੰਕੁ[97] ਨ ਭੀਜੈ[98] ॥੨॥

Detached[93] and emancipated[94] are the saints[92] of my Lord, like[95] the duck[96], whose wings[97] are wetted[98] not.

ਨਿਰਲੇਪ[93] ਅਤੇ ਬੰਦਖ਼ਲਾਸ[94] ਹਨ ਮੇਰੇ ਮਾਲਕ ਦੇ ਸਾਧੂ[92], ਮੁਰਗਾਬੀ[96] ਦੀ ਮਾਨੰਦ[95], ਜਿਸ ਦੇ ਖੰਭ[97] ਗਿੱਲੇ[98] ਨਹੀਂ ਹੁੰਦੇ ।

ਚੰਦਨ[99] ਵਾਸੁ[100] ਭੁਇਅੰਗਮ[2] ਵੇੜੀ[3] ਕਿਵ[4] ਮਿਲੀਐ[5] ਚੰਦਨੁ ਲੀਜੈ[6] ॥

The fragrant[100] sandal tree[99] is girdled[3] by the snakes[2]; how[4] can one reach[5] and get[6] to the sandal tree ?

ਸੁਗੰਧਤ[100] ਚੰਨਣ ਦੇ ਬਿਰਛ[99] ਨੂੰ ਸਰਪਾਂ[2] ਨੇ ਘੇਰਿਆ ਹੋਇਆ[3] ਹੈ । ਚੰਨਣ ਦੇ ਬਿਰਛ ਨੂੰ ਇਨਸਾਨ ਕਿਸ ਤਰ੍ਹਾਂ[4] ਅੱਪੜ[5] ਅਤੇ ਪਹੁੰਚ[6] ਸਕਦਾ ਹੈ ।

ਕਾਢਿ[7] ਖੜਗੁ[8] ਗੁਰ ਗਿਆਨੁ[9] ਕਰਾਰਾ[10] ਬਿਖੁ[12] ਛੇਦਿ[13] ਛੇਦਿ[14] ਰਸੁ[15] ਪੀਜੈ[16] ॥੩॥

Drawing[7] out the powerful[10] sword[8] of the Guru's gnosis[9] and killing[13] and destroying[14] therewith the poisonous snakes[12], indrink[16] I the Name-Nectar[15].

ਗੁਰਾਂ ਦੇ ਬ੍ਰਹਮ-ਬੋਧ[9] ਦੀ ਜ਼ਬਰਦਸਤ[10] ਤਲਵਾਰ[8] ਧੂ[7] ਮੈਂ ਉਸ ਨਾਲ ਜ਼ਹਿਰੀਲੇ ਸਰਪਾਂ[12] ਨੂੰ ਮਾਰ[13] ਅਤੇ ਤਬਾਹ ਕਰ ਕੇ[14]. ਨਾਮ ਦੇ ਅੰਮ੍ਰਿਤ[15] ਨੂੰ ਪਾਨ ਕਰਦਾ[16] ਹਾਂ ।

ਆਨਿ[17] ਆਨਿ ਸਮਧਾ[18] ਬਹੁ[19] ਕੀਨੀ[20] ਪਲੁ[21] ਬੈਸੰਤਰ[22] ਭਸਮ ਕਰੀਜੈ[23] ॥

Bringing[17] and gathering wood[18], one stacks[20] it in a heap[19], but, in a moment[21], the fire[22] reduces it to ashes[23].

ਲੱਕੜ[18] ਨੂੰ ਲਿਆ[17] ਅਤੇ ਕਠਾ ਕਰਕੇ ਇਨਸਾਨ ਇਸ ਦਾ ਢੇਰ[19] ਲਾਉਂਦਾ[20] ਹੈ, ਪ੍ਰੰਤੂ ਇਕ ਮੁਹਤ[21] ਵਿਚ, ਅੱਗ[22] ਇਸ ਨੂੰ ਸਾੜ ਕੇ ਸੁਆਹ[23] ਕਰ ਦਿੰਦੀ ਹੈ ।

ਮਹਾ[24] ਉਗ੍ਰ[25] ਪਾਪ[26] ਸਾਕਤ[27] ਨਰ[28] ਕੀਨੇ[29] ਮਿਲਿ ਸਾਧੂ[30] ਲੂਕੀ[31] ਦੀਜੈ[32] ॥੪॥

Similarly, the apostate[27] person[28] has gathered[29] very[24] heinous[25] sins[26]; but, meeting with the Saint Guru[30], he applies[32] fire[31] to them.

ਇਸੇ ਤਰ੍ਹਾਂ ਅਧਰਮੀ[27] ਪੁਰਸ਼[38] ਨੇ ਪਰਮ[24] ਬੱਜਰ[25] ਗੁਨਾਹ[26] ਕੀਤੇ[29] ਹਨ, ਪ੍ਰੰਤੂ ਸੰਤ-ਗੁਰਦੇਵ[30] ਜੀ ਨੂੰ ਮਿਲ ਕੇ ਉਹ ਉਨ੍ਹਾਂ ਨੂੰ ਅੱਗ[31] ਲਾ ਦਿੰਦਾ[32] ਹੈ ।

ਸਾਧੂ ਸਾਧ ਸਾਧ ਜਨ[33] ਨੀਕੇ[34] ਜਿਨ ਅੰਤਰਿ[35] ਨਾਮੁ ਧਰੀਜੈ[36] ॥

Sublime[34] are the saints, devotees and saintly persons[33], who enshrine[36] the Lord's Name within their mind[35].

ਸ੍ਰੇਸ਼ਟ[34] ਹਨ ਸੰਤ, ਸ਼ਰਧਾਲੂ ਅਤੇ ਸੰਤ ਸਰੂਪ ਪੁਰਸ਼[33], ਜੋ ਸੁਆਮੀ ਦੇ ਨਾਮ ਨੂੰ ਆਪਣੇ ਹਿਰਦੇ[35] ਅੰਦਰ ਟਿਕਾਉਂਦੇ[36] ਹਨ ।

ਪਰਸ[38] ਨਿਪਰਸੁ[37] ਭਏ[39] ਸਾਧੂ ਜਨ[40] ਜਨੁ ਹਰਿ ਭਗਵਾਨੁ[41] ਦਿਖੀਜੈ[42] ॥ ੫॥

Seeing[38] the saints[46], I have become[39] happy[37]. It is through the saints that the Lord[41] God is seen[42].

ਸੰਤਾਂ[40] ਨੂੰ ਵੇਖ ਕੇ[38], ਮੈਂ ਪ੍ਰਸੰਨ[37] ਹੋ ਗਿਆ[39] ਹਾਂ । ਸੰਤਾਂ ਦੇ ਰਾਹੀਂ ਹੀ ਵਾਹਿਗੁਰੂ ਸੁਆਮੀ[41] ਵੇਖਿਆ ਜਾਂਦਾ[42] ਹੈ ।

ਸਾਕਤ[43] ਸੂਤੁ[44] ਬਹੁ[45] ਗੁਰਝੀ[46] ਭਰਿਆ[47] ਕਿਉ ਕਰਿ[48] ਤਾਨੁ[49] ਤਨੀਜੈ[50] ॥

The thread[44] of an apostate[43] is knotted[47] with good many[45] entanglements[46]. How[48] can the warp[42] be weaved[50] out of it ?

ਅਧਰਮੀ[43] ਦਾ ਧਾਗਾ[44] ਬਹੁਤੀਆਂ[45] ਗੁੰਝਲਾਂ[46] ਨਾਲ ਪਰੀਪੂਰਨ[47] ਹੈ । ਇਸ ਦੇ ਵਿਚੋਂ ਤਾਣਾ[49] ਕਿਸ ਤਰ੍ਹਾਂ[48] ਤਣਿਆ[50] ਜਾ ਸਕਦਾ ਹੈ ?

ਤੰਤੁ[51] ਸੂਤੁ[52] ਕਿਛੁ ਨਿਕਸੈ[55] ਨਾਹੀ ਸਾਕਤ[53] ਸੰਗੁ[54] ਨ ਕੀਜੈ ॥੬॥

His (cotton of) deeds yield[55] no yarn[51] and thread[52] of virtue. So, associate[54] thou not with the mammon-worshipper[53].

ਉਸ ਦੇ ਅਮਲਾਂ ਵਿਚੋਂ ਨੇਕੀ ਦੀ ਕੋਈ ਤੰਦ[51] ਅਤੇ ਤਾਰ[52] ਨਹੀਂ ਨਿਕਲਦੀ[55] । ਇਸ ਲਈ ਤੂੰ ਮਾਇਆ ਦੇ ਪੁਜਾਰੀ[53] ਦੀ ਸੰਗਤ[54] ਨਾ ਕਰ ।

ਸਤਿਗੁਰ ਸਾਧਸੰਗਤਿ ਹੈ ਨੀਕੀ[56] ਮਿਲਿ ਸੰਗਤਿ[57] ਰਾਮੁ[59] ਰਵੀਜੈ[60] ॥

Sublime[56] is the True Guru and the saints' society, meeting and associating[57] with whom, the Lord[59] is meditated[60] upon.

ਸ੍ਰੇਸ਼ਟ[56] ਹਨ ਸੱਚੇ ਗੁਰਦੇਵ ਜੀ ਅਤੇ ਸਤਿਸੰਗਤ, ਜਿਨ੍ਹਾਂ ਨਾਲ ਜੋੜ-ਮੇਲ[57] ਕਰਨ ਦੁਆਰਾ, ਸੁਆਮੀ[59] ਦਾ ਸਿਮਰਨ[60] ਕੀਤਾ ਜਾਂਦਾ ਹੈ ।

ਅੰਤਰਿ[61] ਰਤਨ[62] ਜਵੇਹਰ[63] ਮਾਣਕ[64] ਗੁਰ ਕਿਰਪਾ[65] ਤੇ[66] ਲੀਜੈ[67] ॥ ੭॥

Within the mind[61] are gems[62], jewels[63] and emeralds[64]. It is through[66] the Guru's grace[65] that one attains[67] unto them.

ਮਨ[61] ਦੇ ਅੰਦਰ ਹੀਰੇ[62], ਜਵਾਹਿਰਾਤ[63] ਅਤੇ ਮਨੀਆਂ[64] ਹਨ । ਗੁਰਾਂ ਦੀ ਰਹਿਮਤ[65] ਰਾਹੀਂ[66] ਪ੍ਰਾਣੀ ਉਨ੍ਹਾਂ ਨੂੰ ਪ੍ਰਾਪਤ ਕਰ ਲੈਂਦਾ[67] ਹੈ ।

ਮੇਰਾ ਠਾਕੁਰੁ ਵਡਾ[68] ਵਡਾ[69] ਹੈ ਸੁਆਮੀ ਹਮ ਕਿਉ ਕਰਿ[70] ਮਿਲਹ[71] ਮਿਲੀਜੈ[72] ॥

Great[68] and magnificent[69] is my Lord Master. How[79] can I unite[72] in His union[71] ?

ਮਹਾਨ[68] ਅਤੇ ਵਿਸ਼ਾਲ[69] ਹੈ ਮੇਰਾ ਪ੍ਰਭੂ ਪ੍ਰਮੇਸ਼ਰ । ਉਸ ਦੇ ਮਿਲਾਪ[71] ਅੰਦਰ ਮੈਂ ਕਿਸ ਤਰ੍ਹਾਂ[70] ਮਿਲ[72] ਸਕਦਾ ਹਾਂ ?

ਨਾਨਕ ਮੇਲਿ[73] ਮਿਲਾਏ[74] ਗੁਰੁ ਪੂਰਾ[75] ਜਨ[76] ਕਉ ਪੂਰਨੁ[77] ਦੀਜੈ[78] ॥੮॥੨॥

Nanak, the perfect[75] Guru, unites[74] man[76] in the Lord's union[73] and blesses[78] him with the state of perfect[77] bliss.

ਨਾਨਕ, ਪੂਰਨ[75] ਗੁਰਦੇਵ ਜੀ, ਮਨੁਸ਼[76] ਨੂੰ ਮਾਲਕ ਦੇ ਮਿਲਾਪ[73] ਅੰਦਰ ਮਿਲਾ ਦਿੰਦੇ[74] ਹਨ ਅਤੇ ਉਸ ਨੂੰ ਮੁਕੰਮਲ[77] ਖ਼ੁਸ਼ੀ ਦੀ ਅਵਸਥਾ ਪ੍ਰਦਾਨ ਕਰ ਦਿੰਦੇ[78] ਹਨ ।

ਕਲਿਆਨੁ ਮਹਲਾ ੪ ॥

Kalyan 4th Guru.

ਕਲਿਆਨ ਚੌਥੀ ਪਾਤਿਸ਼ਾਹੀ ।

ਰਾਮਾ[79] ਰਮ[80] ਰਾਮੋ ਰਾਮੁ[81] ਰਵੀਜੈ[82] ॥

O my beauteous[80] all pervading God[79], I utter[82] the Lord's Name[81] alone.

ਹੇ ਮੇਰੇ ਸੁੰਦਰ[80] ਵਿਆਪਕ ਵਾਹਿਗੁਰੂ[79] ! ਮੈਂ ਕੇਵਲ ਸਾਈਂ ਦੇ ਨਾਮ[81] ਦਾ ਹੀ ਉਚਾਰਨ ਕਰਦਾ[82] ਹਾਂ ।

ਸਾਧੂ ਸਾਧ ਸਾਧ ਜਨ[83] ਨੀਕੇ[84] ਮਿਲਿ ਸਾਧੂ ਹਰਿ ਰੰਗੁ[85] ਕੀਜੈ ॥੧॥ਰਹਾਉ॥

Sublime[84] are the saints, devotees and the saintly persons[83]. Meeting with the saints, I am attuned[85] to my Lord. Pause.

ਸ੍ਰੇਸ਼ਟ[84] ਹਨ ਸੰਤ, ਸ਼ਰਧਾਲੂ ਅਤੇ ਸੰਤ ਸਰੂਪ ਪੁਰਸ਼[83] । ਸੰਤਾਂ ਨਾਲ ਮਿਲ ਕੇ ਮੇਰਾ ਆਪਣੇ ਪ੍ਰਭੂ ਨਾਲ ਪਿਆਰ ਪੈ ਗਿਆ[85] ਹੈ । ਠਹਿਰਾਉ ।

ਜੀਅ ਜੰਤ[86] ਸਭੁ[87] ਜਗੁ[88] ਹੈ ਜੇਤਾ[89] ਮਨੁ[90] ਡੋਲਤ[91] ਡੋਲ[92] ਕਰੀਜੈ ॥

The world[88] and all[87] the creatures[86], that[89] are there, their minds[90] ever wabble[91] and wobble[92].

ਸੰਸਾਰ[88] ਅਤੇ ਸਾਰੇ[87] ਜੀਵ-ਜੰਤੂ[86], ਜਿੰਨੇ ਭੀ[89] ਹਨ, ਉਨ੍ਹਾਂ ਦੇ ਮਨੂਏ[90] ਡਗਮਗਾਉਂਦੇ[91] ਅਤੇ ਡਿਕਡੋਲੇ[92] ਖਾਂਦੇ ਹਨ ।

ਕ੍ਰਿਪਾ[93] ਕ੍ਰਿਪਾ ਕਰਿ ਸਾਧੂ ਮਿਲਾਵਹੁ ਜਗੁ[94] ਥੰਮਨ[95] ਕਉ ਥੰਮੁ ਦੀਜੈ[96] ॥੧॥

O Lord, mercifully[93] and compassionately, unite Thou them, with the saints and thus support[95] the world[94], by giving[96] them the support.

ਹੇ ਸੁਆਮੀ ! ਮਿਹਰ[93], ਅਤੇ ਰਹਿਮਤ ਧਾਰ ਕੇ ਤੂੰ ਉਨ੍ਹਾਂ ਨੂੰ ਸੰਤਾਂ ਨਾਲ ਮਿਲਾ ਦੇ ਅਤੇ ਇਸ ਤਰ੍ਹਾਂ ਜਗਤ[94] ਨੂੰ ਆਸਰਾ[95] ਦੇਣ ਲਈ ਤੂੰ ਉਨ੍ਹਾਂ ਨੂੰ ਆਸਰਾ ਦੇ[96] ।

ਬਸੁਧਾ[97] ਤਲੈ[98] ਤਲੈ ਸਭ[99] ਊਪਰਿ[100] ਮਿਲਿ[2] ਸਾਧੂ ਚਰਨ[3] ਰੁਲੀਜੈ[4] ॥

The dust[97] is beneath[98] the feet of all and, from beneath, it falls[2] over[100] all[99]. Roll[4] thou, therefore, in the dust of the saints' feet[3].

ਮਿੱਟੀ[97] ਸਾਰਿਆਂ ਦੇ ਪੈਰਾਂ ਹੇਠਾਂ[98] ਹੈ ਅਤੇ ਹੇਠਾਂ ਤੋਂ ਇਹ ਸਾਰਿਆਂ[99] ਉਤੇ[100] ਪੈਂਦੀ[2] ਹੈ । ਇਸ ਲਈ, ਤੂੰ ਸੰਤਾਂ ਦੇ ਪੈਰਾਂ[3] ਦੀ ਖ਼ਾਕ ਅੰਦਰ ਇਸ਼ਨਾਨ ਕਰੀ ਜਾ (ਰੁਲ[4]) ।

ਅਤਿ[5] ਊਤਮ[6] ਅਤਿ ਊਤਮ ਹੋਵਹੁ[7] ਸਭ ਸਿਸਟਿ[8] ਚਰਨ[9] ਤਲ[10] ਦੀਜੈ[12] ॥੨॥

Thiswise, thou shalt become[7] the most[5] sublime[6], yea, the most sublime and the whole world[8] shall place[12] its head below[10] thy feet[9].

ਇਸ ਤਰ੍ਹਾਂ ਤੂੰ ਪਰਮ[5] ਸ੍ਰੇਸ਼ਟ[6], ਪਰਮ ਸ੍ਰੇਸ਼ਟ ਹੋ ਜਾਵੇਂਗਾ ਅਤੇ ਸਾਰਾ ਸੰਸਾਰ[8] ਆਪਣਾ ਸਿਰ ਤੇਰੇ ਪੈਰਾਂ[9] ਦੇ ਹੇਠਾਂ[10] ਰਖੇਗਾ[12] ।

ਗੁਰਮੁਖਿ[13] ਜੋਤਿ[14] ਭਲੀ[15] ਸਿਵ[16] ਨੀਕੀ[17] ਆਨਿ[18] ਪਾਨੀ[19] ਸਕਤਿ[20] ਭਰੀਜੈ ॥

The Guru-ward[13] is blessed with the Lord's[16] blessed[15] and sublime[17] light[14] and the mammon[20] comes[18] and pays obeisance[19] to him.

ਗੁਰੂ-ਅਨੁਸਾਰੀ[13] ਨੂੰ ਪ੍ਰਭੂ[16] ਦਾ ਚੰਗਾ[15] ਅਤੇ ਸ੍ਰੇਸ਼ਟ[17] ਪ੍ਰਕਾਸ਼[14] ਪ੍ਰਦਾਨ ਹੁੰਦਾ ਹੈ ਅਤੇ ਮਾਇਆ[20] ਆ ਕੇ[18] ਉਸ ਨੂੰ ਨਮਸ਼ਕਾਰ[19] ਕਰਦੀ ਹੈ ।

ਮੈਨ[21] ਦੰਤ[22] ਨਿਕਸੇ[23] ਗੁਰ ਬਚਨੀ[24] ਸਾਰੁ[25] ਚਬਿ[26] ਚਬਿ ਹਰਿ ਰਸੁ[27] ਪੀਜੈ[28] ॥੩॥

By the Guru's word[24], he cuts[23] the teeth[22] of wax[21] (of compassion), bites and chews[26] the hard iron[25] (sin) and thiswise indrinks[28] the God's elixir[27].

ਗੁਰਾਂ ਦੀ ਬਾਣੀ[24] ਦੁਆਰਾ, ਉਸ ਦੇ ਮੋਮ[21] (ਰਹਿਮ) ਦੇ ਦੰਦ[23] ਨਿਕਲ ਆਉਂਦੇ[23] ਹਨ, ਜਿਨ੍ਹਾਂ ਨਾਲ ਉਹ ਸਖ਼ਤ ਲੋਹੇ[25] ਨੂੰ ਚਕ ਮਾਰਦਾ ਅਤੇ ਚਬਾ[26] ਲੈਂਦਾ ਹੈ ਤੇ ਇਸ ਤਰ੍ਹਾਂ ਰੱਬੀ-ਅੰਮ੍ਰਿਤ[27] ਪਾਨ ਕਰਦਾ[28] ਹੈ ।

ਰਾਮ ਨਾਮ[29] ਅਨੁਗ੍ਰਹੁ[30] ਬਹੁ[31] ਕੀਆ[32] ਗੁਰ ਸਾਧੂ[33] ਪੁਰਖ[34] ਮਿਲੀਜੈ[35] ॥

The Lord God[29] has shown[32] great[31] mercy[30] unto me and I have met[35] with the Guru, the saintly[33] person[34].

ਸੁਆਮੀ ਵਾਹਿਗੁਰੂ[29] ਨੇ ਮੇਰੇ ਉਤੇ ਬੜੀ[31] ਰਹਿਮਤ[30] ਧਾਰੀ[32] ਹੈ ਅਤੇ ਮੈਂ ਸੰਤ ਸਰੂਪ[33] ਪੁਰਸ਼[34] ਗੁਰਾਂ ਨੂੰ ਮਿਲ ਪਿਆ[35] ਹਾਂ ।

ਗੁਨ[36] ਰਾਮ ਨਾਮ ਬਿਸਥੀਰਨ[37] ਕੀਏ ਹਰਿ ਸਗਲ ਭਵਨ[38] ਜਸੁ[39] ਦੀਜੈ[40] ॥੪॥

The praises[36] of the Lord's Name, I have spread[37] all around and the Lord has blessed[40] me with glory[39] all the world[38] over.

ਸੁਆਮੀ ਦੇ ਨਾਮ ਦੀਆਂ ਸਿਫ਼ਤਾਂ[30] ਮੈਂ ਸਾਰੀ ਪਾਸੀਂ ਫੈਲਾਈਆਂ[37] ਹਨ ਅਤੇ ਸੁਆਮੀ ਨੇ ਮੈਨੂੰ ਸਾਰੇ ਜਹਾਨ[38] ਅੰਦਰ ਪ੍ਰਭੁਤਾ[39] ਬਖ਼ਸ਼ੀ[40] ਹੈ ।

ਸਾਧੂ ਸਾਧ ਸਾਧ ਮਨਿ[41] ਪ੍ਰੀਤਮ[42] ਬਿਨੁ ਦੇਖੇ ਰਹਿ ਨ ਸਕੀਜੈ[43] ॥

Within the mind[41] of every saint, the devotee and the saintly person, is my Beloved[42] Lord and he can[43] live not without seeing Him.

ਸੰਤ, ਸ਼ਰਧਾਲੂ ਅਤੇ ਸੰਤ ਸਰੂਪ ਦੇ ਚਿੱਤ[41] ਅੰਦਰ ਮੇਰਾ ਪਿਆਰਾ[42] ਪ੍ਰਭੂ ਹੈ ਅਤੇ ਉਸ ਨੂੰ ਵੇਖਣ ਦੇ ਬਗ਼ੈਰ ਉਹ ਰਹਿ ਨਹੀਂ ਸਕਦਾ[43] ।

ਜਿਉ[44] ਜਲ[45] ਮੀਨ[46] ਜਲੰ ਜਲ[47] ਪ੍ਰੀਤਿ[48] ਹੈ ਖਿਨੁ[49] ਜਲ ਬਿਨੁ ਫੂਟਿ[50] ਮਰੀਜੈ ॥੫॥

As[44] the water[45]-fish[46] bears love[48] to water alone[47] and, without water, it bursts[50] to death in a moment[49], so is my affection for the Saint-Guru.

ਜਿਸ ਤਰ੍ਹਾਂ[44] ਪਾਣੀ[45] ਦੀ ਮੱਛੀ[46] ਦਾ ਕੇਵਲ[47] ਪਾਣੀ ਨਾਲ ਹੀ ਪਿਆਰ[47] ਹੈ ਅਤੇ ਪਾਣੀ ਦੇ ਬਾਝੋਂ ਇਹ ਇਕ ਮੁਹਤ[49] ਵਿਚ ਪਾਟ ਕੇ ਮਰ ਜਾਂਦੀ[50] ਹੈ । ਏਸੇ ਤਰ੍ਹਾਂ ਦਾ ਹੀ ਹੈ ਮੇਰਾ ਪ੍ਰੇਮ ਸੰਤ-ਗੁਰਾਂ ਨਾਲ ।

੧੩੨੫

ਮਹਾ[51] ਅਭਾਗ[52] ਅਭਾਗ ਹੈ ਜਿਨ ਕੇ ਤਿਨ[53] ਸਾਧੂ ਧੂਰਿ[54] ਨ ਪੀਜੈ[55] ॥

Those, who have exceedingly[51] bad luck[52], yea, ill luck, indrink[55] not they[53], the (wash) or (dust[54]) of the saints' feet.

ਜਿਨ੍ਹਾਂ ਦੇ ਪਰਮ[51] ਮਾੜੇ ਕਰਮ[52], ਅਤੇ ਮੰਦੇ ਕਰਮ ਹਨ, ਉਹ[53] ਸੰਤਾਂ ਦੇ ਪੈਰਾਂ (ਦੇ ਧੋਣ) ਜਾਂ (ਦੀ ਧੂੜ[54]) ਨੂੰ ਪਾਨ[55] ਨਹੀਂ ਕਰਦੇ ।

ਤਿਨਾ[56] ਤਿਸਨਾ[57] ਜਲਤ[58] ਜਲਤ ਨਹੀ ਬੂਝਹਿ[59] ਡੰਡੁ[60] ਧਰਮ ਰਾਇ ਕਾ ਦੀਜੈ ॥੬॥

The burning fire[58] of their[56] cravings[57] is stilled[59] not and they suffer punishment[60] at the hands of the Righteous Judge.

ਉਨ੍ਹਾਂ[56] ਦੀ ਖ਼ਾਹਿਸ਼ਾਂ[57]ਦੀ ਬਲਦੀ ਹੋਈ ਅੱਗ[58]ਬੁਝਦੀ[59] ਨਹੀਂ ਅਤੇ ਧਰਮ ਰਾਜਾ ਉਨ੍ਹਾਂ ਨੂੰ ਸਜ਼ਾ[60] ਦਿੰਦਾ ਹੈ ।

ਸਭਿ ਤੀਰਥ[61] ਬਰਤ[62] ਜਗ[63] ਪੁੰਨ[64] ਕੀਏ ਹਿਵੈ[65] ਗਾਲਿ[66] ਗਾਲਿ ਤਨੁ[67] ਛੀਜੈ[68] ॥

Man may visit all the holies[61], observe fasting[62], perform sacred feasts[63], give generously in charity[64] and destroy[68] his body[67] by wasting[66] and dissipating it in the snow[65],

ਆਦਮੀ ਸਾਰੇ ਤੀਰਥਾਂ[61] ਦੀ ਯਾਤ੍ਰਾ ਕਰੇ, ਉਪਹਾਸ[62] ਰਖੇ, ਪਵਿੱਤਰ ਸਦਾ ਵਰਤ[63] ਲਾਵੇ, ਦਾਨ-ਪੁੰਨ[64] ਕਰੇ ਅਤੇ ਬਰਫ਼[65] ਵਿਚ ਅੰਜਾਂਈ ਗਵਾ ਕੇ ਸਤਿਆਨਾਸ[66] ਕਰਕੇ ਆਪਣੀ ਦੇਹ[67] ਨੂੰ ਨਸ਼ਟ ਕਰ ਦੇਵੇ[68],

ਅਤੁਲਾ[69] ਤੋਲੁ[70] ਰਾਮ ਨਾਮੁ ਹੈ ਗੁਰਮਤਿ[71] ਕੋ ਪੁਜੈ[72] ਨ ਤੋਲ ਤੁਲੀਜੈ[73] ॥ ੭॥

But, heavier[69] is the weight[70] of the merit of contemplating the Lord's Name, through the Guru's instructions[71]. In weight[73] nothing can equal[72] the weight of the Name's meditation.

ਪ੍ਰੰਤੂ ਭਾਰੀ[69] ਹੈ ਵਜ਼ਨ[70], ਗੁਰਾਂ ਦੇ ਉਪਦੇਸ਼[71] ਰਾਹੀਂ ਸੁਆਮੀ ਦੇ ਨਾਮ ਦੇ ਸਿਮਰਨ ਕਰਨ ਦੇ ਫਲ ਦਾ। ਤੋਲਣ[73] ਦੁਆਰਾ ਕੁਝ ਭੀ ਨਾਮ ਦੇ ਸਿਮਰਨ ਦੇ ਵਜ਼ਨ ਦੇ ਬਰਾਬਰ ਨਹੀਂ ਪੁਜਦਾ[72]।

ਤਵ[74] ਗੁਨ[75] ਬ੍ਰਹਮ ਬ੍ਰਹਮ[76] ਤੂ ਜਾਨਹਿ ਜਨ[77] ਨਾਨਕ ਸਰਨਿ[78] ਪਰੀਜੈ[79] ॥

Thine[74] virtues[75], O Lord[76] God, Thou alone knowest. Slave[77] Nanak has sought[79] Thy refuge[78].

ਤੇਰੀਆਂ[74] ਨੇਕੀਆਂ[75] ਹੇ ਸੁਆਮੀ[76], ਵਾਹਿਗੁਰੂ ! ਕੇਵਲ ਤੂੰ ਹੀ ਜਾਣਦਾ ਹੈਂ। ਗੋਲੇ[77] ਨਾਨਕ ਨੇ ਤੇਰੀ ਹੀ ਪਨਾਹ[78] ਲਈ[79] ਹੈ।

ਤੂ ਜਲ[80] ਨਿਧਿ[81] ਮੀਨ[82] ਹਮ ਤੇਰੇ ਕਰਿ ਕਿਰਪਾ[83] ਮਗਿ[84] ਰਖੀਜੈ[85] ॥੮॥੩॥

Thou art the ocean[81] of water[80] and I am a fish[82] of Thine. Mercifully[83] keep[85] Thou me ever with[84] Thee.

ਤੂੰ ਪਾਣੀ[80] ਦਾ ਸਮੁੰਦਰ[81] ਹੈਂ ਅਤੇ ਮੈਂ ਹਾਂ ਤੇਰੀ ਇਕ ਮੱਛੀ[82]। ਮਿਹਰਬਾਨੀ ਕਰਕੇ[83] ਤੂੰ ਮੈਨੂੰ ਸਦਾ ਆਪਣੇ ਨਾਲ[84] ਰੱਖ[85]।

ਕਲਿਆਨ ਮਹਲਾ ੪ ॥

Kalyan 4th Guru.

ਕਲਿਆਨ ਚੌਥੀ ਪਾਤਿਸ਼ਾਹੀ।

ਰਾਮਾ[86] ਰਮ ਰਾਮੋ[87] ਪੂਜ[88] ਕਰੀਜੈ ॥

I worship[88] only the All-pervading[86] Lord God[87].

ਮੈਂ ਕੇਵਲ ਸਰਬ-ਵਿਆਪਕ[86] ਸੁਆਮੀ ਵਾਹਿਗੁਰੂ[87] ਦੀ ਉਪਾਸ਼ਨਾ ਕਰਦਾ[88] ਹਾਂ।

ਮਨੁ[89] ਤਨੁ[90] ਅਰਪਿ[91] ਧਰਉ[92] ਸਭੁ ਆਗੈ ਰਸੁ[93] ਗੁਰਮਤਿ[94] ਗਿਆਨੁ[95] ਦ੍ਰਿੜੀਜੈ[96] ॥੧॥ਰਹਾਉ॥

Surrendering[91] my soul[89] and body[90], I place[92] them all before Him and, through the Guru's teachings[94], implant[96] I the ambrosial[93] Divine knowledge[95] within me. Pause.

ਆਪਣੀ ਆਤਮਾ[89] ਅਤੇ ਦੇਹ[90] ਨੂੰ ਸਮਰਪਨ ਕਰ[91], ਮੈਂ ਉਨ੍ਹਾਂ ਸਭਸ ਨੂੰ ਉਸ ਦੇ ਮੂਹਰੇ ਰਖਦਾ[92] ਹਾਂ ਤੇ ਗੁਰਾਂ ਦੇ ਉਪਦੇਸ਼[94] ਰਾਹੀਂ ਮੈਂ ਅੰਮ੍ਰਿਤਮਈ[93] ਬ੍ਰਹਮ ਗਿਆਤ[95] ਨੂੰ ਆਪਣੇ ਅੰਦਰ ਪੱਕੀ ਕਰਦਾ[96] ਹਾਂ।

ਬ੍ਰਹਮ[97] ਨਾਮ ਗੁਣ[98] ਸਾਖ[99] ਤਰੋਵਰ[100] ਨਿਤ[2] ਚੁਨਿ[3] ਚੁਨਿ ਪੂਜ[4] ਕਰੀਜੈ ॥

The Lord's[97] Name is the tree[100] and virtues[98] its branches[99]. Picking[3] and gathering up the virtues, I ever[2] worship[4] them.

ਪ੍ਰਭੂ[97] ਦਾ ਨਾਮ ਬਿਰਛ[100] ਹੈ ਅਤੇ ਨੇਕੀਆਂ[98] ਇਸ ਦੀਆਂ ਟਹਿਣੀਆਂ[99]। ਨੇਕੀਆਂ ਨੂੰ ਚੁਣ[3] ਚੁਣ ਕੇ, ਮੈਂ ਸਦੀਵ[2] ਹੀ ਉਨ੍ਹਾਂ ਦੀ ਉਪਾਸ਼ਨਾ ਕਰਦਾ[4] ਹਾਂ।

ਆਤਮ[5] ਦੇਉ[6] ਦੇਉ[7] ਹੈ ਆਤਮੁ[8] ਰਸਿ ਲਾਗੈ[9] ਪੂਜ ਕਰੀਜੈ ॥੧॥

The Luminous[6] Lord[5] is the Illuminator[7] of the human soul[8]. With utter love[9], adore thou Him.

ਪ੍ਰਕਾਸ਼ਵਾਨ[6] ਪ੍ਰਭੂ[5] ਮਨੁਸ਼ੀ ਰੂਹ[8] ਨੂੰ ਪ੍ਰਕਾਸ਼ ਕਰਨ ਵਾਲਾ[7] ਹੈ। ਪੂਰਨ ਪਿਆਰ[9] ਨਾਲ ਤੂੰ ਉਸ ਦੀ ਉਪਾਸ਼ਨਾ ਕਰ।

ਬਿਬੇਕ[10] ਬੁਧਿ[12] ਸਭ ਜਗ[13] ਮਹਿ[14] ਨਿਰਮਲ[15]

Immaculate[15] in[14] the entire world[13] is the man of discerning[10] intellect[12].

ਪਵਿੱਤਰ[15] ਹੈ ਸਾਰੇ ਜਹਾਨ[13] ਵਿਚ[14] ਵਿਚਾਰਵਾਨ[10] ਅਕਲ[12] ਵਾਲਾ ਇਨਸਾਨ। ਸੁਆਮੀ ਦਾ ਚਿੰਤਨ[16],

ਬਿਚਰਿ[16] ਬਿਚਰਿ ਰਸੁ[17] ਪੀਜੈ[18] ॥	Reflecting[16] over and contemplating the Lord, he indrinks[18] the Nectar[17].	ਅਤੇ ਅਰਾਧਨ ਕਰਨ ਦੁਆਰਾ, ਉਹ ਅੰਮ੍ਰਿਤ[17] ਪਾਨ ਕਰਦਾ[18] ਹੈ ।
ਗੁਰ ਪਰਸਾਦਿ[19] ਪਦਾਰਥੁ[20] ਪਾਇਆ[23] ਸਤਿਗੁਰ ਕਉ ਇਹੁ ਮਨੁ[21] ਦੀਜੈ[22] ॥੨॥	Dedicating[22] this soul[21] to the True Guru and by the Guru's grace[19], I have attained[23] unto the Name wealth[20].	ਆਪਣੀ ਇਹ ਜਿੰਦੜੀ[21] ਸੱਚੇ ਗੁਰਾਂ ਦੇ ਸਮਰਪਨ ਕਰ[22] ਅਤੇ ਗੁਰਾਂ ਦੀ ਦਇਆ[19] ਦੁਆਰਾ, ਮੈਨੂੰ ਨਾਮ ਦੀ ਦੌਲਤ[20] ਪ੍ਰਾਪਤ ਹੋ ਗਈ[23] ਹੈ ।
ਨਿਰਮੋਲਕੁ[24] ਅਤਿ[25] ਹੀਰੋ[26] ਨੀਕੋ[27] ਹੀਰੈ ਹੀਰੁ ਬਿਧੀਜੈ[28] ॥	Invaluable[24] and supremely[25] sublime[27] is the Name diamond[26] of the Lord. With this diamond, the mind's diamond is pierced through[28].	ਅਣਮੁੱਲਾ[24] ਅਤੇ ਪਰਮ[25] ਸ੍ਰੇਸ਼ਟ[27] ਹੈ ਸੁਆਮੀ ਦਾ ਨਾਮ ਮਾਣਕ[26] । ਇਸ ਮਾਣਕ ਨਾਲ, ਮਨ ਦਾ ਮਾਣਕ ਵਿਨ੍ਹਿਆ ਜਾਂਦਾ[28] ਹੈ ।
ਮਨੁ ਮੋਤੀ ਸਾਲੁ[29] ਹੈ ਗੁਰ ਸਬਦੀ[30] ਜਿਤੁ ਹੀਰਾ ਪਰਖਿ[31] ਲਈਜੈ ॥੩॥	Through the Guru's word[32], the mind becomes the jeweller[29], which then, assays[31] God, the diamond.	ਗੁਰਾਂ ਦੀ ਬਾਣੀ[30] ਰਾਹੀਂ, ਮਨੂਆ ਜਵੇਹਰੀ[29] ਹੋ ਜਾਂਦਾ ਹੈ, ਜੋ ਫਿਰ ਵਾਹਿਗੁਰੂ ਮਾਣਕ ਨੂੰ ਪਰਖ ਲੈਂਦਾ[31] ਹੈ ।
ਸੰਗਤਿ[32] ਸੰਤ ਸੰਗਿ[33] ਲਗਿ[34] ਊਚੇ[35] ਜਿਉ[36] ਪੀਪ[37] ਪਲਾਸ[38] ਖਾਇ[39] ਲੀਜੈ ॥	As Butea frondosa[38] becomes part and parcel[39] of the Ficus religiosa[37], similarly, meeting[34] with[33] the saints' society[32], one becomes sublime[35].	ਜਿਸ[36] ਤਰ੍ਹਾਂ ਪਲਾਹ[37], ਪਿੱਪਲ ਦਾ ਅੰਗ ਹੀ ਬਣ[39] ਜਾਂਦਾ ਹੈ ਇਸੇ ਤਰ੍ਹਾਂ ਹੀ, ਸਤਿਸੰਗਤ[32] ਨਾਲ[33] ਜੁੜ[34], ਪ੍ਰਾਣੀ ਸ੍ਰੇਸ਼ਟ[35] ਹੋ ਜਾਂਦਾ ਹੈ ।
ਸਭ ਨਰ[40] ਮਹਿ[41] ਪ੍ਰਾਨੀ[42] ਊਤਮੁ[43] ਹੋਵੈ ਰਾਮ ਨਾਮੈ ਬਾਸ[44] ਬਸੀਜੈ[45] ॥੪॥	The mortal[42], within whom, the fragrance[44] of the Lord's Name abides[45], becomes the most sublime[43] amongst[41] men[40].	ਜਿਸ ਜੀਵ[42] ਦੇ ਅੰਦਰ ਪ੍ਰਭੂ ਦੇ ਨਾਮ ਦੀ ਸੁਗੰਧੀ[44] ਵਸਦੀ[45] ਹੈ, ਉਹ ਸਾਰਿਆਂ ਮਨੁਸ਼ਾਂ[40] ਵਿਚ[41] ਪਰਮ ਸ੍ਰੇਸ਼ਟ[43] ਬੀ ਵੰਞਦਾ ਹੈ ।
ਨਿਰਮਲ ਨਿਰਮਲ[46] ਕਰਮ[47] ਬਹੁ[48] ਕੀਨੇ[49] ਨਿਤ[50] ਸਾਖਾ[51] ਹਰੀ[52] ਜੜੀਜੈ[53] ॥	The body tree, that does[49] good many[48] pure and immaculate[46] deeds[47], ever[50] puts on[53] the green[52] boughs[54] of the Lord's meditation.	ਸਰੀਰ ਦਾ ਬਿਰਛ ਜੋ ਘਣੇਰੇ[48] ਪਵਿੱਤਰ ਅਤੇ ਪਾਵਨ[46] ਅਮਲ[47] ਕਮਾਉਂਦਾ[49] ਹੈ, ਉਸ ਨੂੰ ਸੁਆਮੀ ਦੇ ਸਿਮਰਨ ਦੀਆਂ ਸਦੀਵ[50] ਹੀ ਹਰੀਆਂ[52] ਟਹਿਣੀਆਂ[51] ਨਿਕਲਦੀਆਂ[53] ਹਨ ।
ਧਰਮੁ[54] ਫੁਲੁ[55] ਫਲੁ[56] ਗੁਰਿ ਗਿਆਨੁ[57] ਦ੍ਰਿੜਾਇਆ[58] ਬਹਕਾਰ[59] ਬਾਸੁ[60] ਜਗਿ[61] ਦੀਜੈ[62] ॥ ੫॥	The Guru has instructed[58] me, that faith[54] is the flower[55] and gnosis[57] the fruit[56] of this tree and it blesses[62] the world[61] with scent[59] and fragrace[60].	ਗੁਰਦੇਵ ਜੀ ਨੇ ਮੈਨੂੰ ਦਰਸਾ ਦਿੱਤਾ[58] ਹੈ ਕਿ ਇਸ ਬਿਰਛ ਦਾ ਈਮਾਨ[54] ਪੁਸ਼ਪ[55] ਅਤੇ ਬ੍ਰਹਮਬੋਧ[57] ਮੇਵਾ[56] ਹੈ ਅਤੇ ਇਹ ਜਹਾਨ[61] ਨੂੰ ਸੁਗੰਧੀ[59] ਅਤੇ ਖ਼ੁਸ਼ਬੋ[60] ਬਖ਼ਸ਼ਦਾ[62] ਹੈ ।
ਏਕ ਜੋਤਿ[63] ਏਕੋ[65] ਮਨਿ[66] ਵਸਿਆ[67] ਸਭ ਬ੍ਰਹਮ[68] ਦ੍ਰਿਸਟਿ[69] ਇਕੁ ਕੀਜੈ ॥	The One Luminous Lord[63] alone[65] abides[67] within my mind[66] and the Creator-Lord[68] alone is seen[69] amongst all.	ਕੇਵਲ[65] ਇਕ ਪ੍ਰਕਾਸ਼ਵਾਨ ਪ੍ਰਭੂ[63] ਹੀ ਮੇਰੇ ਰਿਦੇ[66] ਅੰਦਰ ਵਸਦਾ[67] ਹੈ ਅਤੇ ਕੇਵਲ ਸਿਰਜਣਹਾਰ ਸਾਂਈਂ[68] ਹੀ ਸਾਰਿਆਂ ਅੰਦਰ ਦਿਸਦਾ[69] ਹੈ ।
ਆਤਮ[70] ਰਾਮੁ[71] ਸਭ[72]	The One All-pervading[71] soul[70] is	ਇਕ ਸਰਬ-ਵਿਆਪਕ[71] ਰੂਹ[70] ਹੀ ਸਾਰੇ[72] ਫੈਲੀ[73]

ਏਕੈ ਹੈ ਪਸਰੇ[73] ਸਭ[78] ਚਰਨ[74] ਤਲੇ[75] ਸਿਰੁ[76] ਦੀਜੈ[77] ॥੬॥

spread[73] all[72] over. Everyone[78] places[77] one's head[76] under[75] His feet[74].

ਹੋਈ ਹੈ । ਹਰ[78] ਕੋਈ ਉਸ ਦੇ ਪੈਰਾਂ[74] ਹੇਠ[75] ਆਪਣਾ ਸੀਸ[76] ਰਖਦਾ[77] ਹੈ ।

ਨਾਮ ਬਿਨਾ ਨਕਟੇ[79] ਨਰ[80] ਦੇਖਹੁ[81] ਤਿਨ[82] ਘਸਿ[83] ਘਸਿ ਨਾਕ ਵਢੀਜੈ[84] ॥

The men[80] without the Name look[81] like nose-shorn[79] persons. Gratingly[83], and gratingly are chopped off[84] their[82] noses.

ਨੱਕ-ਵਢੇ[79] ਲਗਦੇ[81] ਹਨ ਇਨਸਾਨ[80] ਨਾਮ ਦੇ ਬਗੈਰ । ਰਗੜ[83], ਰਗੜ ਕੇ ਵਢੇ ਜਾਂਦੇ[84] ਹਨ, ਉਨ੍ਹਾਂ[82] ਦੇ ਨੱਕ ।

ਸਾਕਤ[85] ਨਰ[86] ਅਹੰਕਾਰੀ[87] ਕਹੀਅਹਿ[88] ਬਿਨੁ ਨਾਵੈ ਧ੍ਰਿਗੁ[89] ਜੀਵੀਜੈ[90] ॥੭॥

The apostate[85] persons[86] are called[88] the egoists[87]. Without the Name, accursed[89] is their life[90].

ਅਧਰਮੀ[85] ਪੁਰਸ਼[86] ਮਗਰੂਰ[87] ਆਖੇ ਜਾਂਦੇ[88] ਹਨ । ਨਾਮ ਦੇ ਬਾਝੋਂ ਲਾਹਨਤਮਾਰੀ[89] ਹੈ ਉਨ੍ਹਾਂ ਦੀ ਜ਼ਿੰਦਗੀ[90] ।

ਜਬ ਲਗੁ[91] ਸਾਸੁ[92] ਸਾਸੁ ਮਨ ਅੰਤਰਿ[93] ਤਤੁ[94] ਬੇਗਲ[95] ਸਰਨਿ[96] ਪਰੀਜੈ[97] ॥

As long as[91] there is breath[92] and life in[93]thy mind, that long, hurriedly[94] and quickly[95], seek[97] thou thy Lord's refuge[26].

ਜਦ ਤਾਂਈਂ[91] ਤੇਰੇ ਚਿੱਤ ਅੰਦਰ[93] ਸਾਹ[92], ਸਾਹ ਹੈ ਉਦੋਂ ਤਾਂਈਂ ਤੂੰ ਤੁਰਤ[94] ਤੇ ਝਟਾਪਟ[95] ਹੀ ਆਪਣੇ ਪ੍ਰਭੂ ਦੀ ਪਨਾਹ[96] ਲੈ[96] ।

ਨਾਨਕ ਕ੍ਰਿਪਾ[98] ਕ੍ਰਿਪਾ ਕਰਿ ਧਾਰਹੁ[99] ਮੈ ਸਾਧੂ ਚਰਨ[100] ਪਖੀਜੈ[2] ॥੮॥੪॥

O Lord, show[99] Thou such mercy[98] and Compassion unto Nanak, that he may ever wash[2] the feet[100] of Thine saints.

ਹੇ ਮਾਲਕ ! ਤੂੰ ਨਾਨਕ ਉਤੇ ਐਸੀ ਮਿਹਰ[98], ਅਤੇ ਰਹਿਮਤ ਧਾਰ[99] ਕਿ ਉਹ ਸਦੀਵ ਹੀ ਤੇਰੇ ਸੰਤਾਂ ਦੇ ਪੈਰ[100] ਧੋਂਦਾ[2] ਰਹੇ ।

ਕਲਿਆਨ ਮਹਲਾ ੪ ॥

Kalyan 4th Guru.

ਕਲਿਆਨ ਚੌਥੀ ਪਾਤਿਸ਼ਾਹੀ ।

ਰਾਮਾ[3] ਮੈ ਸਾਧੂ ਚਰਨ ਧੁਵੀਜੈ[4] ॥

O my All-pervading God[3], I ever wash[4] the feet of Thy saints.

ਹੇ ਮੇਰੇ ਸਰਬ-ਵਿਆਪਕ ਵਾਹਿਗੁਰੂ[3], ਮੈਂ ਸਦੀਵ ਹੀ ਤੇਰੇ ਸੰਤਾਂ ਦੇ ਪੈਰ ਧੋਂਦਾ[4] ਹਾਂ ।

ਕਿਲਬਿਖ[5] ਦਹਨ[6] ਹੋਹਿ ਖਿਨ[7] ਅੰਤਰਿ ਮੇਰੇ ਠਾਕੁਰ ਕਿਰਪਾ[8] ਕੀਜੈ ॥੧॥ ਰਹਾਉ॥

My Lord, show Thou such mercy[8] unto me, that my sins[5] be burnt down[6] in an instant[7]. Pause.

ਮੇਰੇ ਸੁਆਮੀ, ਮੇਰੇ ਉਤੇ ਤੂੰ ਐਸੀ ਰਹਿਮਤ[8] ਧਾਰ, ਤਾਂ ਜੋ ਮੇਰੇ ਪਾਪ[5] ਇਕ ਮੁਹਤ[7] ਅੰਦਰ ਸੜ ਬਲ ਜਾਣ[6] । ਠਹਿਰਾਉ ।

ਮੰਗਤ[9] ਜਨ[10] ਦੀਨ[12] ਖਰੇ[13] ਦਰਿ[14] ਠਾਢੇ[15] ਅਤਿ[16] ਤਰਸਨ[17] ਕਉ ਦਾਨੁ[18] ਦੀਜੈ[19] ॥

My Master, the meek[12] alms[9]-men[10] are standing[13] and begging[15] at Thy door[14]. Bless[19] Thou with alms[18], those exceedingly[16] desirous[17] ones.

ਮੇਰੇ ਮਾਲਕ, ਮਸਕੀਨ[12] ਭਿਖਾਰੀ[9] ਪੁਰਸ਼[10] ਤੇਰੇ ਬੂਹੇ[14] ਉਤੇ ਖਲੋਤੇ, ਮੰਗਦੇ[15] ਹਨ । ਤੂੰ ਉਨ੍ਹਾਂ ਪਰਮ[16] ਚਾਹਵਾਨਾਂ[17] ਨੂੰ ਖ਼ੈਰ[18] ਪਾ[19] ।

ਤ੍ਰਾਹਿ[20] ਤ੍ਰਾਹਿ ਸਰਨਿ[21] ਪ੍ਰਭ ਆਏ ਮੋ ਕਉ ਗੁਰਮਤਿ[22] ਨਾਮੁ ਦ੍ਰਿੜੀਜੈ[23] ॥੧॥

Save me[20] and redeem me, O Lord, I have sought Thy protection[21]. Implant[23] Thou within me, the Guru's instruction[22] and Thine Name.

ਮੇਰੀ ਰੱਖਿਆ[20] ਕਰ, ਮੇਰੀ ਰੱਖਿਆ ਕਰ, ਹੇ ਸੁਆਮੀ ! ਮੈਂ ਤੇਰੀ ਪਨਾਹ[21] ਪਕੜੀ ਹੈ । ਤੂੰ ਮੇਰੇ ਅੰਦਰ ਗੁਰਾਂ ਦੇ ਉਪਦੇਸ਼[22] ਅਤੇ ਆਪਣੇ ਨਾਮ ਨੂੰ ਪੱਕਾ ਕਰ[23] ।

ਕਾਮ[24] ਕਰੋਧੁ[25] ਨਗਰ[26] ਮਹਿ[27] ਸਬਲਾ[28] ਨਿਤ[25]

Very-powerful[21] are lust[24] and wrath[25] in[27] the body township[26].

ਬੜੇ ਬਲਵਾਨ[28] ਹਨ ਸ਼ਹਿਵਤ[24] ਅਤੇ ਰੋਹ[25] ਦੇਹ ਦੇ ਪਿੰਡ[26] ਵਿਚ[27] । ਕਮਰਕਸਾ[30] ਕਰ, ਹਮੇਸ਼ਾ[29] ਹੀ ਮੈਂ

ਉਠਿ ਉਠਿ[30] ਜੂਝੁ[31] ਕਰੀਜੈ ॥	Getting ready[30] ever[29] wage I war[31] with them.	ਉਨ੍ਹਾਂ ਨਾਲ ਯੁਧ[31] ਕਰਦ ਾਹਾਂ ।
ਅੰਗੀਕਾਰੁ[32] ਕਰਹੁ ਰਖਿ[33] ਲੇਵਹੁ ਗੁਰ ਪੂਰਾ[34] ਕਾਢਿ ਕਢੀਜੈ[35] ॥੨॥	Making me Thy own[32], save[33] Thou me, O Lord, that, by the grace of the perfect[34] Guru, I may drive[35] them out.	ਆਪਣਾ ਨਿਜ ਦਾ[32] ਬਣਾ ਕੇ, ਤੂੰ ਮੇਰੀ ਰੱਖਿਆ[33] ਕਰ, ਹੇ ਸਾਂਈਂ ! ਤਾਂ ਜੋ ਪੂਰਨ[34] ਗੁਰਾਂ ਦੀ ਦਇਆ ਦੁਆਰਾ, ਮੈਂ ਉਨ੍ਹਾਂ ਨੂੰ ਬਾਹਰ[35] ਕੱਢ ਦਿਆਂ ।
ਅੰਤਰਿ[36] ਅਗਨਿ[37] ਸਬਲ[38] ਅਤਿ[39] ਬਿਖਿਆ[40] ਹਿਵ[41] ਸੀਤਲੁ[42] ਸਬਦੁ[43] ਗੁਰ ਦੀਜੈ[44] ॥	Within[36] me is strongly[39] raging the powerful[38] fire[37] of sins[40]. O my Lord, bless[44] Thou me with the icy[41]-cold[42] Guru's word[43], that it may be quenched.	ਮੇਰੇ ਅੰਦਰ[36] ਪਾਪਾਂ[40] ਦੀ ਜ਼ਬਰਦਸਤ[38] ਅੱਗ[39] ਬਹੁਤੀ[37] ਹੀ ਮਚ ਰਹੀ ਹੈ । ਹੇ ਮੇਰੇ ਸੁਆਮੀ ! ਤੂੰ ਮੈਨੂੰ ਬਰਫ਼[41] ਵਰਗੀ ਠੰਢੀ[42] ਗੁਰਬਾਣੀ[43] ਬਖ਼ਸ਼[44], ਤਾਂ ਜੋ ਇਹ ਬੁਝ ਜਾਵੇ ।
੧੩੨੬		
ਤਨਿ[45] ਮਨਿ[46] ਸਾਂਤਿ[47] ਹੋਇ ਅਧਿਕਾਈ[48] ਰੋਗੁ[49] ਕਾਟੈ[50] ਸੂਖਿ[51] ਸਵੀਜੈ[52] ॥ ੩॥	My body[45] and mind[46] are absolutely[48] tranquillised[47] and being rid[50] of my malady[49], I now sleep[52] in peace[51].	ਮੇਰੀ ਦੇਹ[45] ਅਤੇ ਚਿੱਤ[46] ਪਰਮ[48] ਠੰਢੇ ਠਾਰ ਹੋ ਗਏ[47] ਹਨ ਤੇ ਆਪਣੀ ਬੀਮਾਰੀ[49] ਤੋਂ ਖ਼ਲਾਸੀ[50] ਪਾ, ਮੈਂ ਹੁਣ ਅਰਾਮ[51] ਅੰਦਰ ਸੌਂਦਾ[52] ਹਾਂ ।
ਜਿਉ[53] ਸੂਰਜੁ[54] ਕਿਰਣਿ[55] ਰਵਿਆ[56] ਸਰਬ[57] ਠਾਈ[58] ਸਭ ਘਟਿ ਘਟਿ[59] ਰਾਮੁ ਰਵੀਜੈ[60] ॥	As[53] the sun's[54] rays[55] pervade[56] all[57] the places[58], so is the Lord contained[60] in all the hearts[59].	ਜਿਸ ਤਰ੍ਹਾਂ[53] ਸੂਰਜ ਦੀਆਂ[54] ਸ਼ੁਆਵਾਂ[55] ਸਾਰੀਆਂ[57] ਥਾਵਾਂ[58] ਅੰਦਰ ਵਿਆਪਕ[56] ਹਨ, ਏਸੇ ਤਰ੍ਹਾਂ ਹੀ ਸੁਆਮੀ ਸਾਰਿਆਂ ਦਿਲਾਂ[59] ਅੰਦਰ ਰਮਿਆ ਹੋਇਆ[60] ਹੈ ।
ਸਾਧੂ[61] ਸਾਧ ਮਿਲੇ ਰਸੁ[62] ਪਾਵੈ ਤਤੁ[63] ਨਿਜ[64] ਘਰਿ ਬੈਠਿਆ[65] ਪੀਜੈ[66] ॥੪॥	If man meets with the Guru, the saint of the saints[61], he attains the Name-Nectar[62] and indrinks[66] the quintessence[63], even while sitting[65] in his own[64] home.	ਜੇਕਰ ਬੰਦਾ ਸੰਤਾਂ[61] ਦੇ ਸੰਤ ਗੁਰਦੇਵ ਜੀ ਨੂੰ ਮਿਲ ਪਵੇ, ਤਾਂ ਉਹ ਨਾਮ-ਅੰਮ੍ਰਿਤ[62] ਨੂੰ ਪਾ ਲੈਂਦਾ ਹੈ ਅਤੇ ਆਪਣੇ ਨਿਜ ਦੇ[64] ਗ੍ਰਹਿ ਅੰਦਰ ਬੈਠਾ ਹੋਇਆ[65] ਹੀ ਜੌਹਰ[63] ਨੂੰ ਪਾਨ ਕਰ ਲੈਂਦਾ[66] ਹੈ ।
ਜਨ[67] ਕਉ ਪ੍ਰੀਤਿ[68] ਲਗੀ ਗੁਰ ਸੇਤੀ ਜਿਉ[69] ਚਕਵੀ[70] ਦੇਖਿ ਸੂਰੀਜੈ[71] ॥	God's slave[67] so loves[68] the Guru, as[69] the she-ruddy goose[70] loves to see the sun[71].	ਰੱਬ ਦਾ ਗੋਲਾ[67] ਗੁਰਦੇਵ ਜੀ ਨੂੰ ਇਸ ਤਰ੍ਹਾਂ ਪਿਆਰ ਕਰਦਾ[68] ਹੈ ਜਿਸ ਤਰ੍ਹਾਂ[69] ਸੁਰਖਾਬਨੀ[70] ਭਾਨ[71] ਦੇ ਵੇਖਣ ਨੂੰ ਪਿਆਰ ਕਰਦੀ ਹੈ ।
ਨਿਰਖਤ[72] ਨਿਰਖਤ ਰੈਨਿ[73] ਸਭ ਨਿਰਖੀ ਮੁਖੁ[74] ਕਾਢੈ[75] ਅੰਮ੍ਰਿਤੁ[76] ਪੀਜੈ[77] ॥੫॥	She watches[72], and keeps on watching all the night[73] through and indrinks[77] Nectar[76] when the sun shows[75] his face[74].	ਸਾਰੀ ਰਾਤ[73] ਹੀ ਉਹ ਵੇਖਦੀ[72], ਵੇਖਦੀ, ਅਤੇ ਵੇਖਦੀ ਰਹਿੰਦੀ ਹੈ ਅਤੇ ਜਦ ਸੂਰਜ (ਨਿਕਲਦਾ) ਜਾਂ (ਆਪਣਾ ਮੂੰਹ[74] ਵਿਖਾਲਦਾ[75]) ਹੈ, ਤਦ ਉਹ ਸੁਧਾਰਸ[76] ਨੂੰ ਪਾਨ ਕਰਦੀ[77] ਹੈ ।
ਸਾਕਤ[78] ਸੁਆਨ[79] ਕਹੀਅਹਿ[80] ਬਹੁ[81] ਲੋਭੀ[82]	The cur[79] like mammon-worshipper[78] is said to be[80] very[81] avaricious[82].	ਕੁੱਤੇ[79] ਵਰਗਾ ਮਾਇਆ ਦਾ ਪੁਜਾਰੀ[78] ਬਹੁਤ[81] ਹੀ ਲਾਲਚੀ[82] ਆਖਿਆ ਜਾਂਦਾ[80]ਹੈ । ਉਹ ਮੰਦੀ[83] ਅਕਲ[84]

ਬਹੁ[83] ਦੁਰਮਤਿ[84] ਮੈਲੁ[85] ਭਰੀਜੈ[86] ॥

He is filled[86] with an excessive filth[85] of evil[83]-thoughts[84].

ਦੀ ਘਣੇਰੀ ਗੰਦਗੀ[85] ਨਾਲ ਭਰਿਆ ਹੋਇਆ[86] ਹੈ ।

ਆਪਨ ਸੁਆਇ[87] ਕਰਹਿ ਬਹੁ[88] ਬਾਤਾ[89] ਤਿਨ[90] ਕਾ ਵਿਸਾਹੁ[91] ਕਿਆ[92] ਕੀਜੈ ॥ ੬॥

For his own self-interest[87], he talks[89] much[88]. What[92] reliance[91] can be placed on him[90] ?

ਆਪਣੇ ਨਿਜ ਦੇ ਸਵੈ-ਮਨੋਰਥ[87] ਲਈ, ਉਹ ਘਣੇਰੀਆਂ[88] ਗੱਲਾਂ ਕਰਦਾ[89] ਹੈ । ਉਸ[90] ਉਤੇ ਕੀ[92] ਭਰੋਸਾ[91] ਕੀਤਾ ਜਾ ਸਕਦਾ ਹੈ ?

ਸਾਧੂ[93] ਸਾਧ ਸਰਨਿ[94] ਮਿਲਿ[95] ਸੰਗਤਿ[96] ਜਿਤੁ ਹਰਿ ਰਸੁ[97] ਕਾਢਿ[98] ਕਢੀਜੈ ॥

I have sought[95] the refuge[94] of the society[96] of the saints[93], and the devotees, through which I have found[98] the Lord's elixir[97].

ਮੈਂ ਸੰਤਾਂ[93] ਅਤੇ ਪ੍ਰਭੂ ਪ੍ਰੇਮੀਆਂ ਦੀ ਸਭਾ[96] ਦੀ ਸ਼ਰਣਾਗਤ[94] ਲਈ[94] ਹੈ, ਜਿਸ ਦੇ ਰਾਹੀਂ ਮੈਂ ਸੁਆਮੀ ਦੇ ਅੰਮ੍ਰਿਤ[97] ਨੂੰ ਭਾਲ ਲਿਆ[98] ਹੈ ।

ਪਰਉਪਕਾਰ[99] ਬੋਲਹਿ[100] ਬਹੁ[2] ਗੁਣੀਆ[3] ਮੁਖਿ[4] ਸੰਤ ਭਗਤ[5] ਹਰਿ[6] ਦੀਜੈ[7] ॥੭॥

My Lord[6], bless[7] Thou me, with the society of the supreme[4] saints and devotees[5], who narrate[100] Thine myriad[2] virtues[3] and do good to others[99].

ਮੇਰੇ ਸੁਆਮੀ[6] ! ਤੂੰ ਮੈਨੂੰ ਮੁਖੀ[4] ਸਾਧੂਆਂ ਅਤੇ ਅਨੁਰਾਗੀਆਂ[5] ਦੀ ਸੰਗਤ ਬਖ਼ਸ਼[7], ਜੋ ਤੇਰੀਆਂ ਕ੍ਰੋੜਾਂ[2] ਹੀ ਨੇਕੀਆਂ[3] ਨੂੰ ਉਚਾਰਦੇ[100] ਅਤੇ ਹੋਰਨਾਂ ਦਾ ਭਲਾ ਕਰਦੇ[99] ਹਨ ।

ਤੂ ਅਗਮ[8] ਦਇਆਲ[9] ਦਇਆ[10] ਪਤਿ[12] ਦਾਤਾ[13] ਸਭ[14] ਦਇਆ[15] ਧਾਰਿ[16] ਰਖਿ[17] ਲੀਜੈ ॥

O my Unfathomable[8], Compassionate[9] and Beneficent[13] Lord[12] of grace[10], showering[16] Thine benediction[15], save[17] Thou us all[14].

ਹੇ ਮੇਰੇ ਬੇਥਾਹ[8], ਮਿਹਰਬਾਨ[9] ਅਤੇ ਦਾਤਾਰ[13] ਰਹਿਮਤ[10] ਦੇ ਸੁਆਮੀ[12] ! ਆਪਣੀ ਕਿਰਪਾ[15] ਕਰਕੇ[16], ਤੂੰ ਸਾਡੇ ਸਾਰਿਆਂ[14] ਦੀ ਰੱਖਿਆ[17] ਕਰ ।

ਸਰਬ[18] ਜੀਅ[19] [29]ਜਗ ਜੀਵਨੁ[21] ਏਕੋ[22] ਨਾਨਕ ਪ੍ਰਤਿਪਾਲ[23] ਕਰੀਜੈ ॥੮॥ ੫॥

O Lord, Thou alone[22] art the vital-breath[21] of all[18] the beings[19] and the world[20]. Sustain[23] Thou me, Thy slave Nanak.

ਹੇ ਸਾਂਈਂ ! ਕੇਵਲ[22] ਤੂੰ ਹੀ ਸਾਰਿਆਂ[18] ਜੀਵਾਂ[19] ਅਤੇ ਜਗਤ[20] ਦੀ ਜਿੰਦ-ਜਾਨ[21] ਹੈਂ । ਤੂੰ ਮੇਰੀ, ਆਪਣੇ ਗੋਲੇ ਨਾਨਕ ਦੀ ਪਰਵਰਸ਼[23] ਕਰ ।

ਕਲਿਆਨੁ ਮਹਲਾ ੪ ॥

Kalyan 4th Guru.

ਕਲਿਆਨ ਚੌਥੀ ਪਾਤਿਸ਼ਾਹੀ ।

ਰਾਮਾ[24] ਹਮ[25] ਦਾਸਨ ਦਾਸ[26] ਕਰੀਜੈ[27] ॥

O my all-pervading God[24], make[27] Thou me[25], the slave[26] of Thine slaves.

ਹੇ ਮੇਰੇ ਵਿਆਪਕ ਵਾਹਿਗੁਰੂ[24], ਤੂੰ ਮੈਨੂੰ[25] ਆਪਣੇ ਗੋਲਿਆਂ ਦਾ ਗੋਲਾ[26] ਬਣਾ ਲੈ[27] ।

ਜਬ ਲਗਿ[28] ਸਾਸੁ[29] ਹੋਇ ਮਨ ਅੰਤਰਿ[30] ਸਾਧੂ ਧੂਰਿ[31] ਪਿਵੀਜੈ[32] ॥੧॥ਰਹਾਉ॥

As long as[28] there is breath[29] in[30] my mind, make Thou me indrink[32] the (wash) or (dust[31]) of the saint's feet. Pause.

ਜਦ ਤਾਂਈਂ[28], ਮੇਰੇ ਮਨੂਏ ਦੇ ਅੰਦਰ[30] ਸੁਆਸ[29] ਹੈ, ਤੂੰ ਮੈਨੂੰ ਸੰਤਾਂ ਦੇ ਪੈਰਾਂ ਦਾ (ਧੋਣ) ਜਾਂ (ਧੂੜ[31]) ਪਲਾ[32] । ਠਹਿਰਾਉ ।

ਸੰਕਰੁ[33] ਨਾਰਦੁ ਸੇਖਨਾਗ ਮੁਨਿ[34] ਧੂਰਿ ਸਾਧੂ ਕੀ ਲੋਚੀਜੈ[35] ॥

Shiva[33], Narad, Cobra king and the silent sages[34] long for[35] the dust of saints' feet.

ਸ਼ਿਵਜੀ[33], ਨਾਰਦ, ਸ਼ੇਸ਼ਨਾਗ ਅਤੇ ਖ਼ਾਮੋਸ਼ ਰਿਸ਼ੀ[34] ਸੰਤਾਂ ਦੇ ਪੈਰਾਂ ਦੀ ਧੂੜ ਨੂੰ ਤਰਸਦੇ[35] ਹਨ ।

ਭਵਨ[36] ਭਵਨ ਪਵਿਤੁ[37]

Every house[36] and abode, where[38] the

ਹਰ ਧਾਮ[36], ਅਤੇ ਗ੍ਰਹਿ, ਜਿਥੇ[38] ਸੰਤ ਆਪਣੇ ਪੈਰ[39]

ਹੋਹਿ ਸਭਿ ਜਹ[38] ਸਾਧੂ ਚਰਨ[39] ਧਰੀਜੈ[40] ॥੧॥

saints place[40] their feet[39] becomes sanctified[37].

ਟਿਕਾਉਂਦੇ[40] ਹਨ, ਪਾਵਨ ਪੁਨੀਤ[37] ਥੀ ਵੰਞਦਾ ਹੈ ।

ਤਜਿ[41] ਲਾਜ[42] ਅਹੰਕਾਰੁ[43] ਸਭੁ ਤਜੀਐ ਮਿਲਿ ਸਾਧੂ ਸੰਗਿ[45] ਰਹੀਜੈ[44] ॥

Shed[41] thou thy shame[42], renounce all ego[43] and meet and live[44] with[45] the saints.

ਤੂੰ ਆਪਣੀ ਸ਼ਰਮ[42] ਨੂੰ ਛੱਡ[41] ਦੇ, ਸਾਰੇ ਹੰਕਾਰ[43] ਨੂੰ ਦੂਰ ਕਰ ਦੇ ਅਤੇ ਸੰਤਾਂ ਨਾਲ[45] ਮਿਲ ਅਤੇ ਉਨ੍ਹਾਂ ਨਾਲ ਹੀ ਵਸ[44] ।

ਧਰਮ ਰਾਇ ਕੀ ਕਾਨਿ ਚੁਕਾਵੈ[46] ਬਿਖੁ[47] ਡੁਬਦਾ ਕਾਢਿ ਕਢੀਜੈ[48] ॥੨॥

They will make thee shed[46] the fear[49] of the Righteous judge and extricate[48] thee from drowning in the sea of poison[47].

ਉਹ ਤੇਰੇ ਧਰਮ ਰਾਜੇ ਦੇ ਡਰ[49] ਨੂੰ ਲਾਹ ਦੇਣਗੇ[46] ਅਤੇ ਜ਼ਹਿਰ[47] ਦੇ ਸਮੁੰਦਰ ਵਿਚ ਡੁਬਦੇ ਹੋਏ ਨੂੰ ਤੈਨੂੰ ਬਾਹਰ ਕੱਢ ਲੈਣਗੇ[48] ।

ਭਰਮਿ[50] ਸੂਕੇ[51] ਬਹੁ[52] ਉਭਿ[53] ਸੁਕ[54] ਕਹੀਅਹਿ ਮਿਲਿ[55] ਸਾਧੂ ਸੰਗਿ[56] ਹਰੀਜੈ[57] ॥

They, who are parched[51] by doubt[50] are thoroughly[52] dried up[54] while standing[53]. Meeting[55] with the saints' society[56] they blossom forth[57] again.

ਜਿਨ੍ਹਾਂ ਨੂੰ ਸੰਦੇਹ[50] ਨੇ ਸਾੜ ਸੁਟਿਆ[51] ਹੈ, ਉਹ ਖੜੋ[53] ਹੋਏ ਹੀ ਐਨ[52] ਸੁਕ-ਸੜ ਜਾਂਦੇ[54] ਹਨ । ਸਤਿਸੰਗਤ[56] ਨਾਲ ਜੁੜ[55], ਉਹ ਮੁੜ ਪ੍ਰਫੁਲਤ ਹੋ ਜਾਂਦੇ[57] ਹਨ ।

ਤਾਤੇ[58] ਬਿਲਮੁ[59] ਪਲੁ[60] ਢਿਲ[61] ਨ ਕੀਜੈ ਜਾਇ ਸਾਧੂ ਚਰਨਿ[62] ਲਗੀਜੈ[63] ॥ ੩॥

Therefore[58] make thou not even a moment's[60] delay[59] and sloth[61]. Go and fall[63] thou at the saint's feet[62].

ਇਸ ਲਈ[58] ਤੂੰ ਇਕ ਮੁਹਤ[60] ਦੀ ਭੀ ਦੇਰੀ[59] ਅਤੇ ਆਲਸ[61] ਨਾ ਕਰ । ਜਾ ਕੇ ਤੂੰ ਸੰਤਾਂ ਦੇ ਪੈਰੀਂ[62] ਪੈ ਜਾ[63] ।

ਰਾਮ ਨਾਮ ਕੀਰਤਨ[64] ਰਤਨ[65] ਵਥੁ[66] ਹਰਿ ਸਾਧੂ ਪਾਸਿ[67] ਰਖੀਜੈ[68] ॥

The praise[64] of the Lord's Name is an invaluable[65] treasure[66], which God has deposited[68] with[67] the saint.

ਪ੍ਰਭੂ ਦੇ ਨਾਮ ਦੀ ਕੀਰਤੀ[64] ਇਕ ਅਮੋਲਕ[65] ਵਸਤੂ[66] ਹੈ, ਜਿਹੜੀ ਕਿ ਵਾਹਿਗੁਰੂ ਨੇ ਸਾਧੂ ਕੋਲ[67] ਰਖੀ ਹੋਈ[68] ਹੈ ।

ਜੋ[69] ਬਚਨੁ[70] ਗੁਰ ਸਤਿ[71] ਸਤਿ ਕਰਿ[72] ਮਾਨੈ[73] ਤਿਸੁ[74] ਆਗੈ[75] ਕਾਢਿ[76] ਧਰੀਜੈ[77] ॥੪॥

Whosoever[69] accepts[73] the Guru's word[70] as[72] true[71] and abiding, taking out[76] this treasure, the Guru places[77] it before[75] him[74].

ਜੋ ਕੋਈ ਭੀ[69] ਗੁਰਾਂ ਦੀ ਬਾਣੀ[70] ਨੂੰ ਸੱਚੀ[71] ਅਤੇ ਸਦੀਵੀ ਕਰਕੇ[72] ਸਵੀਕਾਰ ਕਰਦਾ[73] ਹੈ, ਇਸ ਵਸਤੂ ਨੂੰ ਕੱਢ ਕੇ[76] ਗੁਰੂ ਜੀ ਉਸ[74] ਦੇ ਮੂਹਰੇ[75] ਰੱਖ ਦਿੰਦੇ[77] ਹਨ ।

ਸੰਤਹੁ[78] ਸੁਨਹੁ[84] ਸੁਨਹੁ ਜਨ[80] ਭਾਈ[81] ਗੁਰਿ ਕਾਢੀ[82] ਬਾਹ[79] ਕੁਕੀਜੈ[83] ॥

Hear[84] and attend to, ye brother[81], saintly persons[78]; the Guru raises[82] his arm[79] and calls[83] unto men[80].

ਸ੍ਰਵਨ[84] ਕਰੋ, ਸ੍ਰਵਨ ਕਰੋ, ਤੁਸੀਂ ਵੀਰ[81] ਸਾਧ-ਸਰੂਪ[78] ਪੁਰਸ਼ੋ ਗੁਰੂ ਜੀ ਬਾਂਹ[79] ਪਸਾਰ[82] ਕੇ ਲੋਕਾਂ ਪ੍ਰਤੀ ਕੂਕਦੇ[83] ਹਨ ।

ਜੇ[84*] ਆਤਮ[85] ਕਉ ਸੁਖੁ[86] ਸੁਖੁ ਨਿਤ[87] ਲੋੜਹੁ[88] ਤਾਂ[89] ਸਤਿਗੁਰ ਸਰਨਿ[90] ਪਵੀਜੈ[91] ॥੫॥

If[84*] thou desire[88] everlasting[87] bliss[86], and happiness for thy soul[85], then[89] enter[91] thou the sanctuary[90] of the True Guru.

ਜੇਕਰ[84*] ਤੂੰ ਆਪਣੀ ਜਿੰਦੜੀ[85] ਲਈ ਸਦੀਵੀ[87] ਪ੍ਰਸੰਨਤਾ[86], ਅਤੇ ਖੁਸ਼ੀ ਦਾ ਚਾਹਵਾਨ[88] ਹੈਂ, ਤਦ[89] ਤੂੰ ਸੱਚੇ ਗੁਰਾਂ ਦੀ ਸ਼ਰਣਾਗਤ[90] ਇਖ਼ਤਿਆਰ ਕਰ[91] ।

ਜੇ ਵਡ[92] ਭਾਗੁ[93] ਹੋਇ ਅਤਿ[94] ਨੀਕਾ[95] ਤਾਂ ਗੁਰਮਤਿ[96] ਨਾਮੁ ਦ੍ਰਿੜੀਜੈ[97] ॥

If thou art blessed[92] with great good fortune[93] and are very[94] virtuous[95], then implant[97] thou the Lord's Name within thee through the Guru's instructions[96].

ਜਕਰ ਤੂੰ ਭਾਰੇ[92] ਭਾਗਾਂ ਵਾਲਾ[93] ਅਤੇ ਪਰਮ[94] ਨੇਕ[95] ਹੈਂ ਤਦ ਤੂੰ ਗੁਰਾਂ ਦੇ ਉਪਦੇਸ਼[96] ਦੁਆਰਾ ਪ੍ਰਭੂ ਦੇ ਨਾਮ ਨੂੰ ਆਪਣੇ ਅੰਦਰ ਪੱਕਾ ਕਰ[97] ।

ਸਭੁ ਮਾਇਆ[98] ਮੋਹੁ[99] ਬਿਖਮੁ[100] ਜਗੁ[2] ਤਰੀਐ[3] ਸਹਜੇ[4] ਹਰਿ ਰਸੁ[5] ਪੀਜੈ[6] ॥੬॥

The love[99] of riches[98] is all too troublesome[100]; indrinking[6] the Lord's Name-elixir[5], one easily[4] croses[3] the world[2] ocean.

ਧਨ-ਦੌਲਤ[98] ਦੀ ਲਗਨ[99] ਸਮੂਹ ਹੀ ਦੁਖਦਾਈ[100] ਹੈ। ਪ੍ਰਭੂ ਦਾ ਨਾਮ ਅੰਮ੍ਰਿਤ[5] ਪਾਨ ਕਰਨ ਦੁਆਰਾ[6], ਜੀਵ ਸੰਸਾਰ[2] ਸਮੁੰਦਰ ਤੋਂ ਸੁਖੈਨ[4] ਹੀ ਪਾਰ ਹੋ ਜਾਂਦਾ[3] ਹੈ।

ਮਾਇਆ[7] ਮਾਇਆ ਕੇ ਜੋ ਅਧਿਕਾਈ[8] ਵਿਚਿ ਮਾਇਆ ਪਚੈ ਪਚੀਜੈ[9] ॥

They, who are the great[8] lovers of mammon[7] or Maya, in mammon puterefy[9] they.

ਜਿਹੜੇ ਪਦਾਰਥਾਂ[7], ਅਤੇ ਮਾਇਆ ਦੇ ਬਹੁਤੇ[8] ਪ੍ਰੀਤਵਾਨ ਹਨ; ਮਾਇਆ ਅੰਦਰ ਹੀ ਉਹ ਗਲਸੜ[9] ਜਾਂਦੇ ਹਨ।

ਅਗਿਆਨੁ[10] ਅੰਧੇਰੁ[12] ਮਹਾ[13] ਪੰਥੁ[14] ਬਿਖੜਾ[15] ਅਹੰਕਾਰਿ[16] ਭਾਰਿ[17] ਲਦਿ[18] ਲੀਜੈ[19] ॥੭॥

Exceedingly[13] gloomy[12] and arduous[15] is the path[14] of spiritual ignorance[10] and the mortal is[19] loaded[18] with the heavey load[17] of self-conceit[16].

ਅਤਿਅੰਤ[13] ਹੀ ਅਨ੍ਹੇਰਾ[12] ਅਤੇ ਕਠਨ[15] ਹੈ, ਆਤਮਕ ਬੇਸਮਝੀ[10] ਦਾ ਮਾਰਗ[14] ਅਤੇ ਪ੍ਰਾਣੀ ਨੇ ਸਵੈ-ਹੰਗਤਾ[16] ਦਾ ਭਾਰਾ ਬੋਝ[17] ਬਾਰ[19] ਕੀਤਾ ਹੋਇਆ[18] ਹੈ।

ਨਾਨਕ ਰਾਮ[19*] ਰਮ[20] ਰਮੁ[21] ਰਮ[22] ਰਮ ਰਾਮੈ[23] ਤੇ ਗਤਿ[24] ਕੀਜੈ ॥

Nanak, the Beauteous[20] Lord[19*] is pevading[21] all over. Uttering[22], and reciting the Lord's[23] Name, one is emancipated[24].

ਨਾਨਕ, ਸੁੰਦਰ[20] ਸੁਆਮੀ[19*] ਸਾਰੇ ਹੀ ਵਿਆਪਕ ਹੋ ਰਿਹਾ[21] ਹੈ। ਸੁਆਮੀ[23] ਦਾ ਨਾਮ ਉਚਾਰਨ[22] ਅਤੇ ਸਿਮਰਨ ਕਰਨ ਦੁਆਰਾ ਇਨਸਾਨ ਦਾ ਕਲਿਆਣ ਹੋ ਜਾਂਦੀ[24] ਹੈ।

ਸਤਿਗੁਰੁ ਮਿਲੈ ਤਾ[25] ਨਾਮੁ ਦ੍ਰਿੜਾਏ[26] ਰਾਮ ਨਾਮੈ ਰਲੈ ਮਿਲੀਜੈ[27] ॥ ੮॥੬॥ਛਕਾ ੧ ॥

If the True Guru meets, then[25], enshrines[26] he, the Name within the man's mind and he unites and meets[27] with the Lord's Name.

ਜੇਕਰ ਸੱਚੇ ਗੁਰਦੇਵ ਜੀ ਮਿਲ ਪੈਣ, ਤਦ[25] ਉਹ ਨਾਮ ਨੂੰ ਮਨੁਸ਼ ਦੇ ਮਨ ਅੰਦਰ ਅਸਥਾਪਨ ਕਰ ਦਿੰਦੇ[26] ਹਨ ਅਤੇ ਉਹ ਸੁਆਮੀ ਦੇ ਨਾਮ ਨਾਲ ਰਲ ਮਿਲ ਜਾਂਦਾ[27] ਹੈ।

੧੩੨੭

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

There is but One God. True is His Name, creative His personality and Immortal His form. He is without fear, sans enmity, beyond birth and self-illumined. By the Guru's grace, is He obtained.

ਵਾਹਿਗੁਰੂ ਕੇਵਲ ਇਕ ਹੈ। ਸੱਚਾ ਹੈ ਉਸ ਦਾ ਨਾਮ, ਰਚਨਹਾਰ ਉਸ ਦੀ ਵਿਅਕਤੀ ਅਤੇ ਅਮਰ ਉਸ ਦਾ ਸਰੂਪ। ਉਹ ਨਿੱਡਰ, ਦੁਸ਼ਮਨੀ-ਰਹਿਤ, ਅਜਨਮਾ ਅਤੇ ਸਵੈ-ਪ੍ਰਕਾਸ਼ਵਾਨ ਹੈ। ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।

ਰਾਗੁ ਪਰਭਾਤੀ ਬਿਭਾਸ
ਮਹਲਾ ੧
ਚਉਪਦੇ ਘਰੁ ੧ ॥

Rag Parbhati Bibhas
1st Guru
Chaupade

ਰਾਗੁ ਪਰਭਾਤੀ ਬਿਭਾਸ
ਪਹਿਲੀ ਪਾਤਿਸ਼ਾਹੀ
ਚਉਪਦੇ

ਨਾਇ[29] ਤੇਰੈ ਤਰਣਾ[28] ਨਾਇ ਪਤਿ[30] ਪੂਜ[31] ॥

By Thy Name[29], O Lord, man is ferried across[28] and by Thy Name, he is honoured[30] and adorned[31].

ਤੇਰੇ ਨਾਮ[29] ਦੁਆਰਾ, ਹੇ ਸਾਂਈਂ! ਇਨਸਾਨ ਪਾਰ ਉਤਰ ਜਾਂਦਾ[28] ਹੈ ਤੇ ਤੇਰੇ ਨਾਮ ਦੁਆਰਾ ਹੀ ਉਸ ਦੀ ਇੱਜ਼ਤ[30] ਤੇ ਉਪਾਸ਼ਨਾ ਹੁੰਦੀ[31] ਹੈ।

ਨਾਉ ਤੇਰਾ ਗਹਣਾ[32] ਮਤਿ[33] ਮਕਸੂਦੁ[34] ॥

Thy Name is the jewellery[32] and the aim[34] of the awakened mind[33].

ਤੇਰਾ ਨਾਮ ਜ਼ੇਵਰ[32] ਅਤੇ ਜਾਗਦੇ ਹੋਏ ਮਨ[33] ਦਾ ਮਨੋਰਥ[34] ਹੈ।

ਨਾਇ ਤੇਰੈ ਨਾਉ[35] ਮੰਨੇ[36] ਸਭ[37] ਕੋਇ ॥
ਵਿਣੁ ਨਾਵੈ ਪਤਿ[38] ਕਬਹੁ[39] ਨ ਹੋਇ ॥੧॥

Through Thy Name, O Lord, every[37] one's Name[35] is celebrated[36].
Without the Name, man gathers not honour[38] ever[39].

ਤੇਰੇ ਨਾਮ ਰਾਹੀਂ, ਹੇ ਪ੍ਰਭੂ ਹਰ[37] ਕਿਸੇ ਦਾ ਨਾਮ[35] ਪ੍ਰਸਿਧ ਹੋ ਜਾਂਦਾ[36] ਹੈ।
ਨਾਮ ਦੇ ਬਗੈਰ, ਇਨਸਾਨ ਦੀ ਕਦੇ[39] ਭੀ ਇੱਜ਼ਤ ਆਬਰੂ[38] ਨਹੀਂ ਹੁੰਦੀ।

ਅਵਰ[40] ਸਿਆਣਪ[41] ਸਗਲੀ[42] ਪਾਜੁ[43] ॥
ਜੈ[44] ਬਖਸੇ[45] ਤੈ[46] ਪੂਰਾ[47] ਕਾਜੁ[48] ॥੧॥ਰਹਾਉ॥

Every other[40] cleverness[41] is all[42] a false show[43].
Whomsoever[44], the Lord blessess[45] with His Name, his[48] affairs[48] are accomplished[47]. Pause.

ਹੋਰ[40] ਹਰ ਚਤਰਾਈ[41] ਸਮੂਹ[42] ਝੂਠਾ ਦਿਖਲਾਵਾ[43] ਹੈ।
ਜਿਸ ਕਿਸੇ[44] ਨੂੰ ਸੁਆਮੀ ਆਪਣਾ ਨਾਮ ਪ੍ਰਦਾਨ ਕਰਦਾ[45] ਹੈ; ਉਸ[46] ਦੇ ਕਾਰਜ[48] ਸੰਪੂਰਨ ਹੋ ਜਾਂਦੇ[47] ਹਨ।

ਨਾਉ ਤੇਰਾ ਤਾਣੁ[49] ਨਾਉ ਦੀਬਾਣੁ[50] ॥
ਨਾਉ ਤੇਰਾ ਲਸਕਰੁ[51] ਨਾਉ ਸੁਲਤਾਨੁ[52] ॥
ਨਾਇ ਤੇਰੈ ਮਾਣੁ[53] ਮਹਤੁ[54] ਪਰਵਾਣੁ[55] ॥

Thy Name is my strength[49] and Thy Name my support[50].
Thy Name is my army[51] and Thy Name my sovereign[52].
Through Thy Name, one is approved[55] and is blessed with honour[53] and glory[54].

ਤੇਰਾ ਨਾਮ ਮੇਰੀ ਤਾਕਤ[49] ਹੈ ਅਤੇ ਤੇਰਾ ਨਾਮ ਹੀ ਮੇਰਾ ਆਸਰਾ[50]।
ਤੇਰਾ ਨਾਮ ਮੇਰੀ ਫੌਜ[51] ਹੈ ਅਤੇ ਤੇਰਾ ਨਾਮ ਹੀ ਮੇਰਾ ਪਾਤਿਸ਼ਾਹ[52]।
ਤੇਰੇ ਨਾਮ ਰਾਹੀਂ, ਜੀਵ ਕਬੂਲ ਪੈ ਜਾਂਦਾ[55] ਹੈ ਅਤੇ ਉਸ ਨੂੰ ਪਤਿ ਆਬਰੂ[53] ਤੇ ਪ੍ਰਭਤਾ[54] ਦੀ ਦਾਤ ਮਿਲਦੀ ਹੈ।

ਤੇਰੀ ਨਦਰੀ[56] ਕਰਮਿ[57] ਪਵੈ ਨੀਸਾਣੁ[58] ॥੨॥
ਨਾਇ ਤੇਰੈ ਸਹਜੁ[59] ਨਾਇ ਸਾਲਾਹ[60] ॥

By Thy grace[56], O Lord, one is stampted[58] with Thine benediction[57].
By thy Name, mortal is blessed with equipoise[59] and by Thy Name with Thy praise[60], O Lord.

ਤੇਰੀ ਦਇਆ[56] ਦੁਆਰਾ, ਹੇ ਪ੍ਰਭੂ ! ਜੀਵ ਤੇ ਤੇਰੀ ਰਹਿਮਤ[57] ਦੀ ਮੋਹਰ ਲੱਗ ਜਾਂਦੀ[58] ਹੈ।
ਤੇਰੇ ਨਾਮ ਦੁਆਰਾ, ਪ੍ਰਾਣੀ ਨੂੰ ਅਡੋਲਤਾ[59] ਪ੍ਰਾਪਤ ਹੁੰਦੀ ਹੈ ਅਤੇ ਤੇਰੇ ਨਾਮ ਦੁਆਰਾ ਹੀ ਤੇਰੀ ਕੀਰਤੀ[60], ਹੇ ਸੁਆਮੀ !

ਨਾਉ ਤੇਰਾ ਅੰਮ੍ਰਿਤੁ[61] ਬਿਖੁ[62] ਉਠਿ ਜਾਇ[63] ॥
ਨਾਇ ਤੇਰੈ ਸਭਿ ਸੁਖ[64] ਵਸਹਿ[65] ਮਨਿ ਆਇ[66] ॥
ਬਿਨੁ ਨਾਵੈ ਬਾਧੀ[67] [68]ਜਮਪੁਰਿ[69] ਜਾਇ[70] ॥੩॥

Thy Name is Nectar[61], which purges[63] man of the poison[62] of mammon.
Through Thy Name, all the comforts[64] come[66] to abide[65] in the man's mind.
Bereft of the Name, bound hand and foot[67], the world goes[70] to the city[69] of Yama[68].

ਤੇਰਾ ਨਾਮ ਆਬਿ-ਹਯਾਤ[61] ਹੈ, ਜਿਸ ਨਾਲ ਜੀਵ ਦੀ ਮਾਇਆ ਦੀ ਜ਼ਹਿਰ ਨਵਿਰਤ ਹੋ ਜਾਂਦੀ[63] ਹੈ।
ਤੇਰੇ ਨਾਮ ਰਾਹੀਂ, ਸਾਰੇ ਆਰਾਮ[64] ਆ ਕੇ[66] ਮਨੁਸ਼ ਦੇ ਮਨ ਵਿਚ ਟਿਕ ਜਾਂਦੇ[65] ਹਨ।
ਨਾਮ ਦੇ ਬਗੈਰ, ਦੁਨੀਆਂ ਨਰੜੀ ਹੋਈ[67] ਯਮ[68] ਦੇ ਸ਼ਹਿਰ[69] ਨੂੰ ਜਾਂਦੀ[70] ਹੈ।

ਨਾਰੀ[71] ਬੇਰੀ[72] ਘਰ ਦਰ[73] ਦੇਸ[74] ॥ ਮਨ ਕੀਆ ਖੁਸੀਆ[75] ਕੀਚਹਿ[76] ਵੇਸ[77] ॥ ਜਾਂ[78] ਸਦੇ[79] ਤਾ[80] ਢਿਲ[81] ਨ ਪਾਇ[82] ॥
ਨਾਨਕ ਕੂੜੁ[83] ਕੂੜੋ ਹੋਇ

Man's wife[71], mansion[72], home[73], dominion[74], mind's merriments[75] and wearing[76] of pleasing garbs[77] avail him not, when[78] the call[79] comes from God. He then[80] can make[82] no delay[81] in departing and whatever

ਇਨਸਾਨ ਦੀ ਵਹੁਟੀ[71], ਮੰਦਰ[72] ਧਾਮ[73], ਮੁਲਕ[74], ਮਨੂਏ ਦੀਆਂ ਰੰਗਰਲੀਆਂ[75] ਅਤੇ ਖ਼ੁਸ਼ ਕਰਨ ਵਾਲੀਆਂ ਪੁਸ਼ਾਕਾਂ[77] ਪਾਉਣੀਆਂ[76] ਉਸ ਦੇ ਕੰਮ ਨਹੀਂ ਆਉਂਦੀਆਂ, ਜਦ[78] ਉਸ ਨੂੰ ਰੱਬ ਵੱਲੋਂ ਸੱਦਾ[79] ਆ ਜਾਂਦਾ ਹੈ। ਤਦ[80] ਉਹ ਟੁਰਨ ਨੂੰ ਦੇਰੀ[81] ਨਹੀਂ ਲਾ ਸਕਦਾ[82] ਅਤੇ ਜੋ ਝੂਠ[83] ਹੈ, ਉਹ ਝੂਠ

ਜਾਇ ॥੪॥੧॥

is untrue[83] turns out to be false, O Nanak.

ਹੀ ਹੋ ਜਾਂਦਾ ਹੈ, ਹੇ ਨਾਨਕ !

ਪ੍ਰਭਾਤੀ ਮਹਲਾ ੧ ॥

Parbhati 1st Guru.

ਪ੍ਰਭਾਤੀ ਪਹਿਲੀ ਪਾਤਿਸ਼ਾਹੀ ।

ਤੇਰਾ ਨਾਮੁ ਰਤਨੁ[84] ਕਰਮੁ[85] ਚਾਨਣੁ[86] ਸੁਰਤਿ[87] ਤਿਥੈ[88] ਲੋਇ[89] ॥

O Lord, Thy Name is the gem[84] and Thy grace[85] the Light[86]. In whichever mind[87] is Thy Name, the Divine Light[89] is there[88].

ਹੇ ਸੁਆਮੀ ! ਤੇਰਾ ਨਾਮ ਮਾਣਕ[84] ਹੈ ਅਤੇ ਤੇਰੀ ਰਹਿਮਤ[85] ਉਜਾਲਾ[86] । ਜਿਸ ਕਿਸੇ ਮਨ[87] ਵਿਚ ਤੇਰਾ ਨਾਮ ਹੈ, ਉਥੇ[88] ਹੀ ਰੱਬੀ ਨੂਰ[89] ਹੈ ।

ਅੰਧੇਰੁ[90] ਅੰਧੀ[91] ਵਾਪਰੈ[92] ਸਗਲ ਲੀਜੈ[93] ਖੋਇ ॥੧॥

Darkness[90] prevails[92] in the dark[91] world and, therefore, it loses[93] all its merits.

ਅੰਨ੍ਹੀ[91] ਦੁਨੀਆਂ ਅੰਦਰ, ਅਨ੍ਹੇਰਾ[90] ਪਰਵਿਰਤ ਹੋ ਰਿਹਾ[92] ਹੈ ਅਤੇ ਇਸ ਲਈ ਇਹ ਆਪਣੀਆਂ ਸਾਰੀਆਂ ਨੇਕੀਆਂ ਗੁਆ ਲੈਂਦੀ[93] ਹੈ ।

ਇਹੁ ਸੰਸਾਰੁ[94] ਸਗਲ[95] ਬਿਕਾਰੁ[96] ॥

This entire[95] world[94] is involved in sins[96].

ਇਹ ਸਾਰੀ[95] ਦੁਨੀਆਂ[94] ਪਾਪਾਂ[96] ਅੰਦਰ ਗ਼ਲਤਾਨ ਹੋਈ ਹੋਈ ਹੈ ।

ਤੇਰਾ ਨਾਮੁ ਦਾਰੂ[97] ਅਵਰੁ[98] ਨਾਸਤਿ[99] ਕਰਣਹਾਰੁ[100] ਅਪਾਰੁ[2] ॥੧॥ਰਹਾਉ॥

O my Infinite[2] Creator[100] Lord, Thy Name alone and nothing[99] else[98] is the cure[97] of all the ills. Pause.

ਹੇ ਮੇਰੇ ਬੇਅੰਤ[2] ਸਿਰਜਣਹਾਰ[100] ਸੁਆਮੀ ! ਕੇਵਲ ਤੇਰਾ ਨਾਮ ਅਤੇ ਹੋਰ[98] ਕੁਛ[99] ਭੀ ਨਾ, ਸਾਰੇ ਰੋਗਾਂ ਦੀ ਦਵਾਈ[97] ਹੈ । ਠਹਿਰਾਉ ।

ਪਾਤਾਲ[3] ਪੁਰੀਆ[4] ਏਕ[5] ਭਾਰ[6] ਹੋਵਹਿ[7] ਲਾਖ[8] ਕਰੋੜਿ[9] ॥

O Lord, if in one[5] scale be[7] the weight[6] of the riches of millions[8] and millions[9] of the under-worlds[3] and other spheres[4] and in the other only Thy Name, it will still weigh more.

ਹੇ ਸੁਆਮੀ ! ਜੇਕਰ ਇਕ[5] ਪਲੜੇ ਵਿਚ ਲੱਖੂਖਾਂ[8] ਅਤੇ ਕ੍ਰੋੜਾਂ[9] ਹੀ ਪਇਆਲਾਂ[3] ਤੇ ਹੋਰ ਮੰਡਲਾਂ[4] ਦੇ ਪਦਾਰਥਾਂ ਦਾ ਬੋਝ[6] ਹੋਵੇ[7] ਅਤੇ ਦੂਸਰੇ ਵਿਚ ਕੇਵਲ ਤੇਰਾ ਨਾਮ, ਫਿਰ ਭੀ ਇਹ ਵਧੇਰੇ ਵਜ਼ਨ ਦਾ ਹੋਵੇਗਾ ।

੧੩੨੮

ਤੇਰੇ[10] ਲਾਲ[12] ਕੀਮਤਿ[13] ਤਾ[14] ਪਵੈ[15] ਜਾਂ[16] ਸਿਰੈ[17] ਹੋਵਹਿ ਹੋਰਿ[18] ॥੨॥

O my Beloved[12], if[16] there be another[18] like Thee at the other end[17], then[14] alone the worth[13] of Thy[10] Name can be evaluated[15].

ਹੇ ਮੇਰੇ ਪ੍ਰੀਤਮਾ[12] ! ਜੇਕਰ[16] ਕੋਈ ਹੋਰ[18] ਤੇਰੇ ਵਰਗਾ ਦੂਸਰੇ ਸਿਰੇ[17] ਤੇ ਹੋਵੇ, ਕੇਵਲ ਤਦ[14] ਹੀ ਤੈਂਡੇ[10] ਨਾਮ ਦਾ ਮੁੱਲ[13] ਪਾਇਆ ਜਾ ਸਕਦਾ[15] ਹੈ ।

ਦੂਖਾ[19] ਤੇ ਸੁਖ[20] ਊਪਜਹਿ[21] ਸੂਖੀ ਹੋਵਹਿ ਦੂਖ ॥

Out of pain[19] wells up[21] pleasure[20] and after pleasure comes pain.

ਪੀੜ[19] ਤੋਂ ਖ਼ੁਸ਼ੀ[20] ਉਤਪੰਨ ਹੁੰਦੀ[21] ਹੈ ਅਤੇ ਖ਼ੁਸ਼ੀ ਮਗਰੋਂ ਪੀੜ ਆਉਂਦੀ ਹੈ ।

ਜਿਤੁ ਮੁਖਿ[22] ਤੂ ਸਾਲਾਹੀਅਹਿ[23] ਤਿਤੁ[24] ਮੁਖਿ ਕੈਸੀ[25] ਭੂਖ[26] ॥੩॥

The mouth[22], with which Thou art praised[23], what[25] hunger[26] can ever inflict that[24] mouth ?

ਜਿਸ ਮੂੰਹ[22] ਨਾਲ ਤੇਰਾ ਜੱਸ ਕੀਤਾ ਜਾਂਦਾ[23] ਹੈ; ਉਸ[24] ਮੂੰਹ ਵਿਚ ਕਿਹੜੀ[25] ਭੂਖ[26] ਰਹਿ ਸਕਦੀ ਹੈ ?

ਨਾਨਕ ਮੂਰਖੁ[27] ਏਕੁ[28] ਤੂ ਅਵਰੁ[29] ਭਲਾ[30] ਸੈਸਾਰੁ[31] ॥

Thou alone[28] art unwise[27], O Nanak. Sublime[30] is the rest[29] of the world[31].

ਕੇਵਲ[28] ਤੂੰ ਹੀ ਬੇਸਮਝ[27] ਹੈਂ, ਹੇ ਨਾਨਕ ! ਸ੍ਰੇਸ਼ਟ[30] ਹੈ ਬਾਕੀ[29] ਦੀ ਦੁਨੀਆਂ[31] ।

ਜਿਤੁ ਤਨਿ[32] ਨਾਮੁ ਨ ਊਪਜੈ[33] ਸੋ[84] ਤਨ ਹੋਹਿ ਖੁਆਰ[35] ॥੪॥੨॥

The body[32], wherein the Name wells[33] up not, miserable[35] becomes that[34] body.

ਜਿਸ ਦੇਹ[32] ਦੇ ਅੰਦਰ ਨਾਮ ਉਤਪੰਨ[33] ਨਹੀਂ ਹੁੰਦਾ; ਅਵਾਜ਼ਾਰ[35] ਹੋ ਜਾਂਦੀ ਹੈ ਉਹ[34] ਦੇਹ ।

ਪ੍ਰਭਾਤੀ ਮਹਲਾ ੧ ॥

ਜੈ[36] ਕਾਰਣਿ[37] ਬੇਦ ਬ੍ਰਹਮੈ ਉਚਰੇ[38] ਸੰਕਰਿ[39] ਛੋਡੀ[40] ਮਾਇਆ[41] ॥

ਜੈ ਕਾਰਣਿ ਸਿਧ[42] ਭਏ ਉਦਾਸੀ[43] ਦੇਵੀ[44] ਮਰਮੁ[45] ਨ ਪਾਇਆ[46] ॥੧॥

ਬਾਬਾ[47] ਮਨਿ[48] ਸਾਚਾ[49] ਮੁਖਿ[50] ਸਾਚਾ ਕਹੀਐ[51] ਤਰੀਐ[52] ਸਾਚਾ ਹੋਈ[53] ॥

ਦੁਸਮਨੁ[54] ਦੂਖੁ[55] ਨ ਆਵੈ[56] ਨੇੜੈ[59] ਹਰਿ ਮਤਿ[57] ਪਾਵੈ ਕੋਈ[58] ॥੧॥ਰਹਾਉ॥

ਅਗਨਿ[59] ਬਿੰਬ[60] ਪਵਣੈ[61] ਕੀ ਬਾਣੀ[62] ਤੀਨਿ ਨਾਮ ਕੇ ਦਾਸਾ[63] ॥

ਤੇ[64] ਤਸਕਰ[65] ਜੋ ਨਾਮੁ ਨ ਲੇਵਹਿ[66] ਵਾਸਹਿ[67] ਕੋਟ[68] ਪੰਚਾਸਾ[69] ॥੨॥

ਜੇ[70] ਕੋ[71] ਏਕ ਕਰੈ ਚੰਗਿਆਈ[72] ਮਨਿ[73] ਚਿਤਿ[74] ਬਹੁਤੁ[75] ਬਢਾਵੈ[76] ॥

ਏਤੇ[77] ਗੁਣ[78] ਏਤੀਆ ਚੰਗਿਆਈਆ[79] ਦੇਇ[80] ਨ ਪਛੋਤਾਵੈ[81] ॥੩॥

ਤੁਧੁ ਸਾਲਾਹਨਿ[82] ਤਿਨ[83] ਧਨੁ[84] ਪਲੈ[85] ਨਾਨਕ ਕਾ ਧਨੁ ਸੋਈ[85*] ॥

ਜੋ ਕੋ ਜੀਉ[86] ਕਹੈ ਓਨਾ ਕਉ ਜਮ[87] ਕੀ ਤਲਬ[88] ਨ ਹੋਈ ॥੪॥੩॥

Parbhati Ist Guru.

For whose[36] sake[37] Brahma uttered[38] the Vedas and Shiva[39] forsaked[40] mammon[41].

For whose sake the adepts[42] become recluses[43] and whose secret[45] even the gods[44] found[46] not.

O Sire[47], enshrine the Name of that True Lord[49] in thy mind[48], with thy mouth[50], utter[51] thou, that True Lord's Name and through that[53] True Lord, thou shalt swim across[52].

Enemy[54] and pain[55] shall come[56] not near[59] thee. Some rare[58] indeed[58] attain unto the Guru's instructions[57]. Pause.

The world is made[62] of the fire[59], water[60] and air[61] and these three are the slaves[63] of the Lord's Name.

He[64], who utters[66] not the Lord's Name, is like a thief[65], abiding[67] in the fortress[68] (body) of five desires[69].

If[70] some one[71] does a good[72] deed to another, then he is greatly[78] puffed[76] up in his mind[73] and heart[74].

But thou, O Lord, who blesseth[80] with so many[77] virtues[78] and goodnesses[79], regrettest[81] not.

O Lord, they[83], who praise[82] Thee, gather Thy Name's wealth[84] in their lap[85]. That[85*] very Name of Thine is Nanak's treasure.

If some one pays homage[86] to them, then the death's courier[87] summons[88] him not for interrogation.

ਪ੍ਰਭਾਤੀ ਪਹਿਲੀ ਪਾਤਿਸ਼ਾਹੀ ।

ਜਿਸ[36] ਦੇ ਵਾਸਤੇ[37] ਬ੍ਰਹਮੇ ਨੇ ਵੇਦ ਉਚਾਰਨ ਕੀਤੇ[38] ਅਤੇ ਸ਼ਿਵਜੀ[39] ਨੇ ਮੋਹਨੀ[41] ਦਾ ਤਿਆਗ ਕੀਤਾ[40] ।

ਜਿਸ ਦੀ ਖ਼ਾਤਰ ਪੂਰਨ ਪੁਰਸ਼[42] ਤਿਆਗੀ[43] ਹੋ ਗਏ ਅਤੇ ਜਿਸ ਦੇ ਭੇਤ[45] ਦਾ ਦੇਵਤਿਆਂ[44] ਨੂੰ ਭੀ ਪਤਾ[46] ਨਹੀਂ ਲੱਗਾ ।

ਹੇ ਪਿਤਾ[47] ! ਉਸ ਸੱਚੇ ਸਾਂਈਂ[49] ਨੂੰ ਤੂੰ ਆਪਣੇ ਹਿਰਦੇ[48] ਅੰਦਰ ਟਿਕਾ, ਆਪਣੇ ਮੂੰਹ[50] ਨਾਲ ਤੂੰ ਉਸ ਸੱਚੇ ਸਾਂਈਂ ਦੇ ਨਾਮ ਨੂੰ ਉਚਾਰ[51] ਅਤੇ ਉਸ[53] ਸੱਚੇ ਸਾਂਈਂ ਦੇ ਰਾਹੀਂ ਤੂੰ ਪਾਰ[52] ਉਤਰ ਜਾਵੇਗਾ ।

ਵੈਰੀ[54] ਅਤੇ ਪੀੜ[55] ਤੇਰੇ ਲਾਗੇ ਨਹੀਂ ਲਗਣਗੇ[56] । ਕੋਈ ਵਿਰਲਾ ਜਣਾ[58] ਹੀ ਗੁਰਾਂ ਦੇ ਉਪਦੇਸ਼[57] ਨੂੰ ਪ੍ਰਾਪਤ ਹੁੰਦਾ ਹੈ । ਠਹਿਰਾਉ ।

ਸੰਸਾਰ ਅੱਗ[59], ਪਾਣੀ[60] ਅਤੇ ਹਵਾ[61] ਦਾ ਬਣਿਆ ਹੋਇਆ[62] ਹੈ ਅਤੇ ਇਹ ਤਿੰਨੇ ਹੀ ਪ੍ਰਭੂ ਦੇ ਨਾਮ ਦੇ ਗੋਲੇ[63] ਹਨ ।

ਜੋ ਪ੍ਰਭੂ ਦੇ ਨਾਮ ਦਾ ਉਚਾਰਨ[66] ਨਹੀਂ ਕਰਦਾ, ਉਹ[64] ਉਸ ਚੋਰ[65] ਸਮਾਨ ਹੈ ਜੋ ਪੰਜ ਖਾਹਿਸ਼ਾਂ[69] (ਕਾਮ ਕ੍ਰੋਧ ਲੋਭ ਮੋਹ ਹੰਕਾਰ) ਦੇ ਕਿਲ੍ਹੇ[68] ਵਿਚ ਫਸਿਆ[67] ਹੋਇਆ ਹੈ ।

ਜੇਕਰ[70] ਕੋਈ ਜਣਾ[71] ਕਿਸੇ ਨਾਲ ਇਕ ਨੇਕੀ[72] ਕਰੇ, ਤਾਂ ਉਹ ਆਪਣੇ ਮਨ[73] ਤੇ ਦਿਲ[74] ਅੰਦਰ ਘਣੇਰਾ[75] ਹੀ ਫੁਲਿਆ ਫਿਰਦਾ[76] ਹੈ ।

ਪਰ ਤੂੰ, ਹੇ ਸਾਂਈਂ ! ਜੋ ਐਨੀਆਂ[77] ਨੇਕੀਆਂ[78] ਅਤੇ ਭਲਿਆਈਆਂ[79] ਬਖ਼ਸ਼ਦਾ[80] ਹੈਂ, ਪਸਚਾਤਾਪ[81] ਨਹੀਂ ਕਰਦਾ ।

ਹੇ ਪ੍ਰਭੂ ! ਜੋ ਤੇਰਾ ਜੱਸ ਕਰਦੇ[82] ਹਨ, ਉਨ੍ਹਾਂ[83] ਦੀ ਝੋਲੀ[85] ਵਿਚ ਤੇਰੇ ਨਾਮ ਦਾ ਪਦਾਰਥ[84] ਪੈ ਜਾਂਦਾ ਹੈ । ਤੇਰਾ ਉਹ[85*] ਨਾਮ ਹੀ ਨਾਨਕ ਦਾ ਮਾਲ-ਧਨ ਹੈ ।

ਜੇਕਰ ਕੋਈ ਜਣਾ ਉਨ੍ਹਾਂ ਨੂੰ ਪ੍ਰਣਾਮ ਕਰਦਾ[86] ਹੈ, ਤਦ ਮੌਤ ਦਾ ਦੂਤ[87] ਉਸ ਨੂੰ ਪੁਛ-ਗਿਛ ਲਈ ਨਹੀਂ ਬੁਲਾਉਂਦਾ[88] ।

ਪ੍ਰਭਾਤੀ ਮਹਲਾ ੧ ॥
ਜਾ[89] ਕੈ ਰੂਪੁ[90] ਨਾਹੀ ਜਾਤਿ[91] ਨਾਹੀ ਨਾਹੀ ਮੁਖੁ[92] ਮਾਸਾ[93] ॥ ਸਤਿਗੁਰਿ ਮਿਲੇ ਨਿਰੰਜਨੁ[94] ਪਾਇਆ ਤੇਰੈ ਨਾਮਿ ਹੈ ਨਿਵਾਸਾ[95] ॥ ੧॥
ਅਉਧੂ[96] ਸਹਜੇ[97] ਤਤੁ[98] ਬੀਚਾਰਿ[99] ॥ ਜਾ[100]ਤੇ ਫਿਰਿ[2] ਨ ਆਵਹੁ ਸੈਸਾਰਿ ॥੧॥ ਰਹਾਉ॥
ਜਾ ਕੈ ਕਰਮੁ[3] ਨਾਹੀ ਧਰਮੁ[4] ਨਾਹੀ ਨਾਹੀ ਸੁਚਿ[5] ਮਾਲਾ[6] ॥ ਸਿਵ[7] ਜੋਤਿ[8] ਕੰਨਹੁ[9] ਬੁਧਿ[10] ਪਾਈ ਸਤਿਗੁਰੂ ਰਖਵਾਲਾ[12] ॥ ੨॥
ਜਾ ਕੈ ਬਰਤੁ[13] ਨਾਹੀ ਨੇਮੁ[14] ਨਾਹੀ ਨਾਹੀ ਬਕਬਾਈ[15] ॥ ਗਤਿ [16]ਅਵਗਤਿ[17] ਕੀ ਚਿੰਤ[18] ਨਾਹੀ ਸਤਿਗੁਰੂ ਫੁਰਮਾਈ[19] ॥੩॥
ਜਾ ਕੈ ਆਸ[20] ਨਾਹੀ ਨਿਰਾਸਿ[21] ਨਾਹੀ ਚਿਤਿ[22] ਸੁਰਤਿ[23] ਸਮਝਾਈ[24] ॥ ਤੰਤ ਕਉ ਪਰਮ[25] ਤੰਤੁ[26] ਮਿਲਿਆ[27] ਨਾਨਕਾ ਬੁਧਿ[28] ਪਾਈ[29] ॥੪॥੪॥
ਪ੍ਰਭਾਤੀ ਮਹਲਾ ੧ ॥
ਤਾਕਾ[30] ਕਹਿਆ[31] ਦਰਿ[32]

Parbhati 1st Guru.
He, who[89] has no form[90], no caste[91], no mouth[92] and flesh[93], meeting with the True Guru, I have attained unto that Immaculate Lord[94]. I now ever abide[95] in Thee, O my God.
O detached yogi[96], reflect[99] thou on the quintessnece[98] in a state of equipoise[97], whereby[100], thou shalt not come into the world again[2]. Pause.
He, who has no meritorious acts[3], no righteousness[4] to his credit, nor meditates he on His Name through sacred[5] rosary[6], through[9] the refuge of the true Guru, the Saviour[12], even he is blessed by him[9] with the sublime wisdom[10] and ultimately a vision[8] of the Lord[7].
He, who fasts[13] not, nor observes any religious discipline[14]nor utters[15] God's Name, by following the true Guru's instructions[19],even he need not worry[15] for his good or bad[16] plight[17].
He, who lives neither in hope[20], nor in hopelessness[21] and has disciplined his mind[22] and soul[23], through the wisdom[28] gathered[29] from the Guru, O Nanak, his soul blends[27] with Supreme[25] soul[26] ultimately.
Parbhati 1st Guru.
His[30] utterance[31] is approved[33] in

ਪ੍ਰਭਾਤੀ ਪਹਿਲੀ ਪਾਤਿਸ਼ਾਹੀ ।
ਜਿਸ[89] ਦਾ ਕੋਈ ਸਰੂਪ[90] ਨਹੀਂ, ਜਾਤੀ[91] ਨਹੀਂ, ਨਾ ਹੀ ਮੂੰਹ[92] ਅਤੇ ਮਾਸ[93] ਹੈ । ਸੱਚੇ ਗੁਰਾਂ ਨਾਲ ਮਿਲ ਕੇ, ਮੈਂ ਉਸ ਪਵਿੱਤਰ ਪ੍ਰਭੂ[94] ਨੂੰ ਪਾ ਲਿਆ ਹੈ । ਮੈਂ ਹੁਣ ਸਦਾ ਹੀ ਤੈਂਡੇ ਅੰਦਰ ਵਸਦਾ[95] ਹਾਂ, ਹੇ ਮੇਰੇ ਵਾਹਿਗੁਰੂ !
ਹੇ ਵਿਰਕਤ ਯੋਗੀ[96] ! ਤੂੰ ਅਡੋਲਤਾ[97] ਦੀ ਅਵਸਥਾ ਅੰਦਰ ਅਸਲੀਅਤ[98] ਦੀ ਸੋਚ ਵਿਚਾਰ ਕਰ[99] । ਜਿਸ ਦੁਆਰਾ[100] ਤੂੰ ਮੁੜ ਕੇ, ਜਗਤ ਅੰਦਰ ਨਹੀਂ ਆਵੇਂਗਾ । ਠਹਿਰਾਉ ।
ਜੇ ਕੋਈ ਚੰਗੇ ਅਮਲ[3] ਨਾ ਕਰਦਾ ਹੋਵੇ, ਧਰਮ[4] ਕਰਮ ਵਿਚ ਰੁਚੀ ਨਾ ਰਖਦਾ ਹੋਵੇ, ਨਾ ਪਵਿੱਤ੍ਰ[5] ਤਸਬੀਹ[6] ਦੁਆਰਾ ਅਕਾਲ ਪੁਰਖ ਦਾ ਜਾਪ ਕਰਦਾ ਹੋਵੇ, ਜੇ ਉਹ ਵੀ ਸੱਚੇ ਗੁਰੂ ਰਖਿਅਕ[12] ਦੀ ਸ਼ਰਣਾਗਤ ਅੰਦਰ ਆ ਜਾਵੇ ਤਾਂ ਉਹ ਵੀ ਉਸ ਤੋਂ[9] ਯਥਾਰਥ ਸਮਝ[10] ਅਤੇ ਪ੍ਰਭੂ[7] ਦੇ ਦੀਦਾਰ[8] ਦੀ ਬਖ਼ਸ਼ਸ਼ ਪ੍ਰਾਪਤ ਕਰ ਲੈਂਦਾ ਹੈ ।
ਜੋ ਰੋਜ਼ਾ[13] ਨਹੀਂ ਰਖਦਾ, ਜਿਸ ਦੀ ਕੋਈ ਧਾਰਮਕ ਕ੍ਰਿਆ[14] ਨਹੀਂ, ਨਾ ਹੀ ਜੋ ਰੱਬ ਦਾ ਨਾਂ ਬੋਲਦਾ[15] ਹੈ । ਸੱਚੇ ਗੁਰੂ ਦੀ ਸਿਖਮਤ ਦੁਆਰਾ ਉਹ ਵੀ ਆਪਣੇ ਚੰਗੇ ਯਾ ਮੰਦੇ[16] ਅੰਤ[17] ਤੋਂ ਨਿਸਚਿੰਤ[18] ਹੋ ਜਾਂਦਾ ਹੈ ।
ਜੋ ਨਾ ਉਮੈਦ[20] ਤੇ ਨਾ ਹੀ ਬੇ-ਉਮੈਦੀ[21] ਅੰਦਰ ਵਸਦਾ ਹੈ ਅਤੇ ਜਿਸ ਨੇ ਗੁਰੂ ਜੀ ਤੋਂ ਪ੍ਰਾਪਤ[29] ਕੀਤੀ ਯਥਾਰਥ ਸਮਝ[28] ਦੁਆਰਾ ਮਨ[22] ਅਤੇ ਸਮਝ[23] ਨੂੰ ਸੁਧਾਰ ਲਿਆ[24] ਹੈ; ਉਸ ਦੀ ਮੁਨਸ਼ੀ ਆਤਮਾ ਉਸ ਮਹਾਨ[25] ਆਤਮਾ[26] ਨਾਲ ਮਿਲ ਜਾਂਦੀ[27] ਹੈ, ਹੇ ਨਾਨਕ !
ਕੇਵਲ ਉਸ[30] ਦਾ ਆਖਿਆ[31] ਹੀ ਪ੍ਰਭੂ ਦੇ ਦਰਬਾਰ[32]

ਪਰਵਾਣੁ[33] ॥ ਬਿਖੁ[34] ਅੰਮ੍ਰਿਤੁ[35] ਦੁਇ[36] ਸਮ[37] ਕਰਿ ਜਾਣੁ[38] ॥੧॥

the Lord's Court[32], who deems[38] both[36] poison[34] and Nectar[35] alike[37].

ਅੰਦਰ ਕਬੂਲ[33] ਪੈਂਦਾ ਹੈ, ਜੋ ਜ਼ਹਿਰ[34] ਅਤੇ ਸੁਧਾਰਸ[35] ਦੋਨਾਂ[36] ਨੂੰ ਇਕ ਸਮਾਨ[37] ਸਮਝਦਾ[38] ਹੈ।

ਕਿਆ[39] ਕਹੀਐ[41*] ਸਰਬੇ[40] ਰਹਿਆ ਸਮਾਇ[41] ॥ ਜੋ ਕਿਛੁ[42] ਵਰਤੈ[43] ਸਭ ਤੇਰੀ ਰਜਾਇ[44] ॥੧॥ ਰਹਾਉ ॥

What[39] should I say[41*], O Lord, save this, that Thou art contained[41] amongst all[40] and that whatever[42] happens[43], all that is in Thy will[44]. Pause.

ਮੈਂ ਇਸ ਦੇ ਬਗ਼ੈਰ ਕੀ[39] ਆਖਾਂ[41*], ਹੇ ਸੁਆਮੀ ! ਕਿ ਤੂੰ ਸਾਰਿਆਂ[40] ਅੰਦਰ ਰਮ ਰਿਹਾ[41] ਹੈਂ ਅਤੇ ਜਿਹੜਾ ਕੁਛ[42] ਭੀ ਹੁੰਦਾ[43] ਹੈ, ਉਹ ਸਾਰਾ ਕੁਛ ਤੇਰੇ ਭਾਣੇ[44] ਅੰਦਰ ਹੈ। ਠਹਿਰਾਉ।

ਪ੍ਰਗਟੀ[45] ਜੋਤਿ[46] ਚੂਕਾ[47] ਅਭਿਮਾਨੁ[48] ॥ ਸਤਿਗੁਰਿ ਦੀਆ[49] ਅੰਮ੍ਰਿਤ[50] ਨਾਮੁ ॥ ੨॥

When the True Guru blesses[49] man with the Name-Nectar[50], the Divine Light[46] becomes manifest[45] unto him and he is rid[47] of his self-conceit[48].

ਜਦ ਸੱਚੇ ਗੁਰਦੇਵ ਜੀ ਬੰਦੇ ਨੂੰ ਨਾਮ-ਸੁਧਾਰਸ[50] ਬਖ਼ਸ਼ ਦਿੰਦੇ[48] ਹਨ, ਤਾਂ ਉਸ ਉਤੇ ਰੱਬੀ ਨੂਰ[46] ਨਾਜ਼ਲ[45] ਹੋ ਜਾਂਦਾ ਹੈ ਅਤੇ ਉਹ ਆਪਣੀ ਸਵੈ-ਹੰਗਤਾ[43] ਤੋਂ ਖਲਾਸੀ[57] ਪਾ ਜਾਂਦਾ ਹੈ।

ਕਲਿ[51] ਮਹਿ[52] ਆਇਆ[58] ਸੋ[53] ਜਨੁ[54] ਜਾਣੁ[55] ॥ ਸਾਚੀ ਦਰਗਹ[56] ਪਾਵੈ ਮਾਣੁ[57] ॥੩॥

In[52] this Darkage[51], only that[53] man's[54] coming[58] is deemed[55] profitable, who obtains honour[57] in the True Court[56].

ਇਸ ਕਲਯੁਗ[51] ਅੰਦਰ[52], ਕੇਵਲ ਉਸ[53] ਪੁਰਸ਼[54] ਦਾ ਆਉਣਾ[58] ਹੀ ਲਾਭਦਾਇਕ ਜਾਣਿਆ ਜਾਂਦਾ[55] ਹੈ, ਜੋ ਸੱਚੇ ਦਰਬਾਰ[56] ਅੰਦਰ ਇੱਜ਼ਤ ਆਬਰੂ[57] ਪਾਉਂਦਾ ਹੈ।

ਕਹਣਾ[59] ਸੁਨਣਾ[63] ਅਕਥ[60] ਘਰਿ[61] ਜਾਇ[62] ॥

Uttering[59] and hearing[63] His praises man arrives[62] at the House[61] of the Ineffable Lord[60].

ਉਸ ਦੀਆਂ ਸਿਫ਼ਤਾਂ ਉਚਾਰਨ[59] ਤੇ ਸ੍ਰਵਨ[63] ਕਰਨ ਦੁਆਰਾ ਬੰਦਾ ਅਕਹਿ ਸੁਆਮੀ[60] ਦੇ ਧਾਮ[61] ਤੇ ਅੱਪੜ ਜਾਂਦਾ[62] ਹੈ।

ਕਥਨੀ[64] ਬਦਨੀ[65] ਨਾਨਕ ਜਲਿ ਜਾਇ[66] ॥੪॥੫॥

The mere words[64] of mouth[65], O Nanak, are burnt[66] to ashes.

ਨਿਰੀਆਂ ਪੂਰੀਆਂ ਮੂੰਹ-ਜ਼ਬਾਨੀ[65] ਗੱਲਾਂ[64], ਹੇ ਨਾਨਕ ! ਸੜ[60] ਕੇ ਸੁਆਹ ਹੋ ਜਾਂਦੀਆਂ ਹਨ।

ਪ੍ਰਭਾਤੀ ਮਹਲਾ ੧ ॥

Parbhati Ist Guru.

ਪ੍ਰਭਾਤੀ ਪਹਿਲੀ ਪਾਤਿਸ਼ਾਹੀ।

ਅੰਮ੍ਰਿਤੁ[67] ਨੀਰੁ[68] ਗਿਆਨਿ[69] ਮਨੁ[70] ਮਜਨੁ[71*] ਅਠਸਠਿ[71] ਤੀਰਥ[72] ਸੰਗਿ[73] ਗਹੇ[74] ॥

The man[70], who bathes[71*] in the ambrosial[67] water[68] of the Divine knowledge[69], takes[74] with[73] him the merit of bathing at the sixtyeight[71] holies[72].

ਜਿਹੜਾ ਇਨਸਾਨ[70], ਬ੍ਰਹਮ-ਵੀਚਾਰ[69] ਦੇ ਸੁਧਾਸਰੂਪ[67]-ਪਾਣੀ[68] ਅੰਦਰ ਨ੍ਹਾਉਂਦਾ[71*] ਹੈ, ਉਹ ਅਨਾਹਟ[71] ਧਰਮ ਅਸਥਾਨਾਂ[72] ਤੇ ਨ੍ਹਾਉਣ ਦੇ ਫਲ ਨੂੰ ਆਪਣੇ ਨਾਲ[73] ਲੈ ਜਾਂਦਾ[74] ਹੈ।

ਗੁਰ ਉਪਦੇਸਿ[75] ਜਵਾਹਰ[76] ਮਾਣਕ[77] ਸੇਵੇ[78] ਸਿਖੁ[82] ਸੋ[79] ਖੋਜਿ[80] ਲਹੈ[81] ॥੧॥

The Guru's instructions[75] are the gems[76] and the jewels[77]. The Guru's disciple[82], who serves[78] him, obtains[81] them[79], through search[80].

ਗੁਰਾਂ ਦੀ ਸਿਖਮਤ[75] ਹੀਰੇ[76] ਅਤੇ ਜਵਾਹਰਾਤ[77] ਹਨ। ਗੁਰਾਂ ਦਾ ਮੁਰੀਦ[82] ਜੋ ਉਨ੍ਹਾਂ ਦੀ ਘਾਲ ਕਮਾਉਂਦਾ[78] ਹੈ, ਢੂੰਡ ਭਾਲ[80] ਰਾਹੀਂ ਉਨ੍ਹਾਂ[79] ਨੂੰ ਪਾ ਲੈਂਦਾ[81] ਹੈ।

ਗੁਰ ਸਮਾਨਿ[83] ਤੀਰਥੁ[84] ਨਹੀ ਕੋਇ ॥

No pilgrim-station[84] is equal[83] to the Guru.

ਕੋਈ ਯਾਤ੍ਰਾ ਅਸਥਾਨ[84] ਭੀ ਗੁਰਾਂ ਦੇ ਤੁਲ[83] ਨਹੀਂ।

੧੩੨੯

ਸਰੁ[85] ਸੰਤੋਖੁ[86] ਤਾਸੁ[87]

The ocean[85] of conteentment[86] is

ਉਸ[87] ਗੁਰਦੇਵ ਜੀ ਅੰਦਰ ਸੰਤੁਸ਼ਟਤਾ[86] ਦਾ ਸਮੁੰਦਰ[85]

ਗੁਰੁ ਹੋਇ ॥੧॥ਰਹਾਉ॥
ਗੁਰੁ ਦਰੀਆਉ[88] ਸਦਾ[89] ਜਲੁ[90] ਨਿਰਮਲੁ[91] ਮਿਲਿਆ[92] [93]ਦੁਰਮਤਿ[94] ਮੈਲੁ[95] ਹਰੈ[96] ॥
ਸਤਿਗੁਰਿ ਪਾਈਐ ਪੂਰਾ[97] ਨਾਵਣੁ[98] ਪਸੂ[99] ਪਰੇਤਹੁ[100] ਦੇਵ[2] ਕਰੈ[3] ॥੨॥

ਰਤਾ[4] ਸਚਿ ਨਾਮਿ[5] ਤਲ[6] ਹੀਅਲੁ[7] ਸੋ[8] ਗੁਰੁ ਪਰਮਲੁ[9] ਕਹੀਐ[10] ॥

ਜਾ[12] ਕੀ ਵਾਸੁ[13] ਬਨਾਸਪਤਿ[14] ਸਉਰੈ[15] ਤਾਸੁ[16] ਚਰਣ[17] ਲਿਵ[18] ਰਹੀਐ[19] ॥੩॥
ਗੁਰਮੁਖਿ[20] ਜੀਅ[21] ਪ੍ਰਾਨ[22] ਉਪਜਹਿ[23] ਗੁਰਮੁਖਿ ਸਿਵ[24] ਘਰਿ ਜਾਈਐ[25] ॥

ਗੁਰਮੁਖ[26] ਨਾਨਕ ਸਚਿ[27] ਸਮਾਈਐ[28] ਗੁਰਮੁਖਿ ਨਿਜ ਪਦੁ[29] ਪਾਈਐ ॥ ੪॥੬॥

ਪ੍ਰਭਾਤੀ ਮਹਲਾ ੧ ॥
ਗੁਰ ਪਰਸਾਦੀ[30] ਵਿਦਿਆ[31] ਵੀਚਾਰੈ ਪੜਿ ਪੜਿ[32] ਪਾਵੈ ਮਾਨੁ[33] ॥

ਆਪਾ[34] ਮਧੇ[35] ਆਪੁ[36] ਪਰਗਾਸਿਆ[37] ਪਾਇਆ[38] ਅੰਮ੍ਰਿਤੁ[39] ਨਾਮੁ ॥੧॥
ਕਰਤਾ[40] ਤੂ ਮੇਰਾ ਜਜਮਾਨੁ[41] ॥

contained in that[87] Guru. Pause.
The Guru is the river[88], whence pure[91] water[90] is ever[89] obtained[92], by which the filth[95] of [93]evil-understanding[94] is washed off[96].
Finding the True Guru, man obtains perfect[97] ablution[98], which makes[3] him a god[2] out of a beast[99] and a ghost[100].
He[8] alone is called[10] the sandal-like[9] Guru, who is imbued[4] to the very bottom[6] of his heart[7] with the True Name[5].
By whose[12] fragrance[13], the whole vegetation[14] is perfumed[15], fix[19] thou thy attention[18] to His[16] feet[17].
By the Guru's grace[20], wells up[23] the spiritual[21] life[22] in one and by the Guru's grace, one arrives[25] at the Lord's[24] house.
Through the Guru[26], O Nanak, man merges[28] in the True Lord[27] and, through the Guru, he attains to his exalted state[29].

Parbhati Ist Guru.

By the Guru's grace[30], man dwells on the Lord's knowledge[31] and, reading and studying[32] it, gathers glory[33].
Being blessed[38] with the Name-Nectar[39], man's self[36] becomes manifest[37] within[35] himself[34].
O Creator-Lord[40], Thou alone art my Alms Giver[41].

ਹੈ । ਠਹਿਰਾਉ ।
ਗੁਰੂ ਜੀ ਦਰਿਆ[88] ਹਨ, ਜਿਥੋਂ ਸਦੀਵ[89] ਹੀ ਪਵਿੱਤਰ[91] ਪਾਣੀ[90] ਪ੍ਰਾਪਤ ਹੁੰਦਾ[92] ਹੈ, ਜਿਸ ਦੁਆਰਾ ਮੰਦੀ[93]-ਸਮਝ[94] ਦੀ ਮਲੀਣਤਾ[95] ਧੋਤੀ ਜਾਂਦੀ[91] ਹੈ ।
ਸੱਚੇ ਗੁਰਾਂ ਨੂੰ ਪ੍ਰਾਪਤ ਹੋ, ਬੰਦੇ ਦਾ ਪੂਰਨ[97] ਇਸ਼ਨਾਨ[98] ਹੋ ਜਾਂਦਾ ਹੈ, ਜੋ ਉਸ ਨੂੰ ਇਕ ਡੰਗਰ[99] ਅਤੇ ਭੂਤਨੇ[100] ਤੋਂ ਦੇਵਤੇ[2] ਬਣਾ ਦਿੰਦਾ[3] ਹੈ ।
ਕੇਵਲ ਉਹ[8] ਹੀ ਚੰਨਣ-ਵਰਗਾ[9] ਗੁਰੂ ਆਖਿਆ ਜਾਂਦਾ[10] ਹੈ, ਜਿਸ ਦਾ ਦਿਲ[7] ਅੰਨ ਬਲੇ ਤਾਂਈਂ[6] ਸੱਚੇ ਨਾਮ[5] ਨਾਲ ਰੰਗਿਆ ਹੋਇਆ[4] ਹੈ ।
ਜਿਸ ਦੀ[12] ਖ਼ੁਸ਼ਬੂ[13] ਨਾਲ, ਸਾਰੀ ਬਨਾਸਪਤੀ[14] ਸੁਗੰਧਤ[15] ਥੀ ਵੰਞਦੀ ਹੈ; ਤੂੰ ਉਸ[16] ਦੇ ਪੈਰਾਂ[17] ਨਾਲ ਆਪਣੀ ਬਿਰਤੀ[18] ਜੋੜ[19] ।
ਗੁਰਾਂ ਦੀ ਦਇਆ[20] ਦੁਆਰਾ ਬੰਦੇ ਅੰਦਰ ਰੂਹਾਨੀ[21] ਜੀਵਨ[22] ਪੈਦਾ ਹੋ ਜਾਂਦਾ[23] ਹੈ ਤੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਭੂ[24] ਦੇ ਧਾਮ ਤੇ ਪੁਜ ਜਾਂਦਾ[25] ਹੈ ।
ਗੁਰਾਂ[26] ਦੇ ਰਾਹੀਂ ਹੇ ਨਾਨਕ ! ਇਨਸਾਨ ਸੱਚੇ ਸੁਆਮੀ[27] ਅੰਦਰ ਲੀਨ ਹੋ ਜਾਂਦਾ[28] ਹੈ ਅਤੇ ਗੁਰਾਂ ਦੇ ਰਾਹੀਂ ਹੀ ਉਹ ਆਪਣੇ ਨਿਜ ਦੇ ਘਰ[29] ਨੂੰ ਪ੍ਰਾਪਤ ਹੋ ਜਾਂਦਾ ਹੈ ।

ਪ੍ਰਭਾਤੀ ਪਹਿਲੀ ਪਾਤਿਸ਼ਾਹੀ ।

ਗੁਰਾਂ ਦੀ ਦਇਆ[30] ਦੁਆਰਾ, ਪ੍ਰਾਣੀ ਪ੍ਰਭੂ ਦੇ ਇਲਮ[31] ਦੀ ਬੀਚਾਰ ਕਰਦਾ ਹੈ ਅਤੇ ਇਸ ਨੂੰ ਪੜ੍ਹ ਤੇ ਵਾਚ ਕੇ[32] ਪ੍ਰਭਤਾ[33] ਪਾਉਂਦਾ ਹੈ ।
ਨਾਮ-ਸੁਧਾਰਸ ਦੀ ਦਾਤ ਪ੍ਰਾਪਤ[38] ਹੋ ਜਾਣ ਨਾਲ, ਬੰਦੇ ਦਾ ਆਪਣਾ ਆਪ[36] ਉਸ ਦੇ ਆਪੇ[34] ਅੰਦਰ[35] ਹੀ ਪ੍ਰਗਟ ਹੋ ਜਾਂਦਾ[37] ਹੈ ।
ਹੇ ਸਿਰਜਣਹਾਰ ਸੁਆਮੀ[40] ! ਕੇਵਲ ਤੂੰ ਹੀ ਮੈਨੂੰ ਦਾਨ ਦੇਣ ਵਾਲਾ[41] ਹੈਂ ।

ਇਕ ਦਖਿਣਾ[42] ਹਉ[43] ਤੈ[44] ਪਹਿ[45] ਮਾਗਉ[47] ਦੇਹਿ[46] ਆਪਣਾ ਨਾਮੁ ॥ ੧॥ਰਹਾਉ॥

I[43] ask for[47] but one boon[42] from[45] Thee[44]. Bless[46] Thou me, O Lord, with Thy Name. Pause.

ਮੈਂ[3] ਤੇਰੇ[44] ਪਾਸੋਂ[45] ਕੇਵਲ ਇਕ ਖ਼ੈਰਾਤ[42] ਮੰਗਦਾ[47] ਹਾਂ। ਹੇ ਸੁਆਮੀ! ਤੂੰ ਮੈਨੂੰ ਆਪਣਾ ਨਾਮ ਪ੍ਰਦਾਨ[46] ਕਰ। ਠਹਿਰਾਉ।

ਪੰਚ ਤਸਕਰ[48] ਧਾਵਤ[49] ਰਾਖੇ[50] ਚੂਕਾ[51] ਮਨਿ ਅਭਿਮਾਨੁ[52] ॥ ਦਿਸਟਿ[53] ਬਿਕਾਰੀ[54] [55]ਦੁਰਮਤਿ[56] ਭਾਗੀ[57] ਐਸਾ[58] ਬ੍ਰਹਮ ਗਿਆਨੁ[59] ॥੨॥

The five wandering[49] thieves[48] are held[50]. The mind's self-conceit[52] is still d[51]. Sinful[54] seeing[53] and [55]evil-thoughts[56] flee away[57]. Such[58] is the Lord's Divine knowledge[59].

ਪੰਜ ਭਟਕਦੇ ਹੋਏ[49] ਚੋਰ[48] ਕਾਬੂ ਆ ਜਾਂਦੇ[50] ਹਨ। ਮਨੂਏ ਦੀ ਸਵੈ-ਹੰਗਤਾ[52] ਮਿਟ ਜਾਂਦੀ[51] ਹੈ। ਪਾਪਾਂ ਭਰੀ[54] ਨਜ਼ਰ[53] ਅਤੇ [55]ਖੋਟੀ-ਬੁਧੀ[56] ਦੌੜ ਜਾਂਦੇ[57] ਹਨ। ਐਹੋ ਜੇਹੀ[58] ਹੈ ਪ੍ਰਭੂ ਦੀ ਰੱਬੀ ਗਿਆਤ[59]।

ਜਤੁ[60] ਸਤੁ[61] ਚਾਵਲ[62] ਦਇਆ[63] ਕਣਕ[64] ਕਰਿ ਪ੍ਰਾਪਤਿ[65] ਪਾਤੀ[66] ਧਾਨੁ[67]॥

Bless[65] thou me with the rice[62] of continency[60] and chastity[61], the wheat[64] of compassion[63] and the leafy plate[66] of Thy meditation[67], O Lord.

ਹੇ ਸੁਆਮੀ! ਤੂੰ ਮੈਨੂੰ ਪ੍ਰਹੇਜ਼ਗਾਰੀ[60] ਅਤੇ ਪਾਕੀਗਜ਼ਗੀ[61] ਦੇ ਚੌਲ[62], ਮਿਹਰਬਾਨੀ[63] ਦੀ ਗੰਦਮ[64] ਅਤੇ ਆਪਣੇ ਧਿਆਨ[67] ਦਾ ਪੱਤਲ[66] ਬਖ਼ਸ਼[15]।

ਦੂਧੁ ਕਰਮੁ[68] ਸੰਤੋਖੁ[69] ਘੀਉ ਕਰਿ[70] ਐਸਾ ਮਾਂਗਉ ਦਾਨੁ[71] ॥੩॥

Bless[70] Thou me with the milk of good deeds[68] and the clarified butter of contentment[69]. Such are the alms[71], I ask of Thee, O Lord.

ਹੇ ਸੁਆਮੀ! ਤੂੰ ਮੈਨੂੰ ਸ਼ੁਭ ਅਮਲਾਂ[68] ਦੇ ਦੁੱਧ ਅਤੇ ਸੰਤੁਸ਼ਟਤਾ[69] ਦੀ ਬਖ਼ਸ਼ਸ਼ ਕਰ[70]। ਐਹੋ ਜੇਹੀ ਖ਼ੈਰ[71] ਮੈਂ ਤੇਰੇ ਕੋਲੋਂ ਮੰਗਦਾ ਹਾਂ।

ਖਿਮਾ[72] ਧੀਰਜੁ[73] ਕਰਿ ਗਊ[74] ਲਵੇਰੀ[75] ਸਹਜੇ[76] ਬਛਰਾ[77] ਖੀਰੁ[78] ਪੀਐ[79] ॥

Make Thou forgiveness[72] and patience[73] my [75]milch-cow[74], that my mind's calf[77] may easily[76] indrink[79] the milk[78].

ਤੂੰ ਮੁਆਫ਼ੀ[72] ਦੇਣ ਅਤੇ ਸਬਰ[73] ਸਿਦਕ ਨੂੰ ਮੇਰੀ ਦੁੱਧ ਦੇਣ ਵਾਲੀ[75] ਗਾਂ[74] ਬਣਾ ਦੇ, ਤਾਂ ਜੋ ਮੇਰੇ ਮਨ ਦਾ ਵੱਛਾ[77] ਸੁਖੈਨ[76] ਹੀ ਦੁੱਧ[78] ਨੂੰ ਪਾਨ[79] ਕਰੇ।

ਸਿਫਤਿ[80] ਸਰਮ[81] ਕਾ ਕਪੜਾ[82] ਮਾਂਗਉ ਹਰਿ ਗੁਣ[83] ਨਾਨਕ ਰਵਤੁ[84] ਰਹੈ ॥੪॥੭॥

I ask for the dress[82] of the Lord's praise[80] and modesty[81] and thiswise Nanak shall continue uttering[84] the God's eulogies[83],

ਮੈਂ ਸੁਆਮੀ ਦੀ ਉਸਤਤੀ[80] ਅਤੇ ਸ਼ਰਮ ਹਿਯਾ[81] ਦੀ ਪੁਸ਼ਾਕ[82] ਮੰਗਦਾ ਹਾਂ ਤੇ ਇਸ ਤਰ੍ਹਾਂ ਨਾਨਕ ਵਾਹਿਗੁਰੂ ਦੀਆਂ ਸਿਫਤਾਂ[83] ਉਚਾਰਨ ਕਰਦਾ[84] ਰਹੇਗਾ।

ਪ੍ਰਭਾਤੀ ਮਹਲਾ ੧ ॥

Parbhati Ist Guru.

ਪ੍ਰਭਾਤੀ ਪਹਿਲੀ ਪਾਤਿਸ਼ਾਹੀ।

ਆਵਤੁ[85] ਕਿਨੈ ਨ ਰਾਖਿਆ[86] ਜਾਵਤੁ[87] ਕਿਉ[88] ਰਾਖਿਆ ਜਾਇ ॥

When none can withhold[86] man from coming[85] then, how[88] can one hold him back from going[87] ?

ਜਦ ਕੋਈ ਵੀ, ਆਦਮੀ ਨੂੰ ਆਉਣ[85] ਤੋਂ ਰੋਕ[86] ਨਹੀਂ ਸਕਦਾ ਤਾਂ ਚਲੇ ਜਾਣ[87] ਤੋਂ ਉਸ ਨੂੰ ਕੋਈ ਕਿਸ ਤਰ੍ਹਾਂ[88] ਰੋਕ ਸਕਦਾ ਹੈ ?

ਜਿਸ ਤੇ ਹੋਆ[89] ਸੋਈ[90] ਪਰੁ[91] ਜਾਣੈ ਜਾਂ[92] ਉਸਹੀ ਮਾਹਿ[93] ਸਮਾਇ[94] ॥੧॥

He[90] alone fully[91] knows this mystery, from whom mortal has welled up[89]. When[92] man realises the Lord, then, merges[94] he, in[93] Him.

ਕੇਵਲ ਉਹ[90] ਹੀ ਇਸ ਰਾਜ਼ ਨੂੰ ਪੂਰੀ ਤਰ੍ਹਾਂ[91] ਜਾਣਦਾ ਹੈ, ਜਿਸ ਤੋਂ ਪ੍ਰਾਣੀ ਉਤਪੰਨ ਹੋਇਆ[89] ਹੈ। ਜਦ[92] ਬੰਦਾ ਸਾਂਈਂ ਨੂੰ ਅਨੁਭਵ ਕਰ ਲੈਂਦਾ ਹੈ, ਤਾਂ ਉਹ ਉਸ ਵਿਚ[93] ਲੀਨ ਹੋ ਜਾਂਦਾ[94] ਹੈ।

ਤੂਹੈ ਹੈ ਵਾਹੁ[95] ਤੇਰੀ ਰਜਾਇ[96] ॥

O Lord, wondrous art thou and wondrous[95] is Thy will[96].

ਹੇ ਸੁਆਮੀ ! ਅਸਚਰਜ ਤੂੰ ਹੈਂ, ਅਤੇ ਅਸਚਰਜ[95] ਹੈ ਤੇਰਾ ਭਾਣਾ[96] ।

ਜੋ ਕਿਛੁ ਕਰਹਿ ਸੋਈ[99] ਪਰੁ[97] ਹੋਇਬਾ[98] ਅਵਰੁ[100] ਨ ਕਰਣਾ ਜਾਇ ॥੧॥ ਰਹਾਉ॥

Whatever Thou doest, that[99] for sure[97] comes to pass[98]. One can do naught else[100]. Pause.

ਜਿਹੜਾ ਕੁਛ ਤੂੰ ਕਰਦਾ ਹੈਂ, ਨਿਸਚਿਤ[97] ਉਹ[99] ਹੀ ਹੁੰਦਾ[98] ਹੈ । ਆਦਮੀ ਕੁਛ ਭੀ ਹੋਰ[100] ਕਰ ਨਹੀਂ ਸਕਦਾ । ਠਹਿਰਾਉ ।

ਜੈਸੇ[2] ਹਰ ਹਟ[3] ਕੀ ਮਾਲਾ[4] ਟਿੰਡ[5] ਲਗਤ[6] ਹੈ ਇਕ ਸਖਨੀ[7] ਹੋਰ[8] ਫੇਰ[9] ਭਰੀਅਤ[10] ਹੈ ॥

Just as[2] the buckets[5] hung[6] on the chain[4] of the persian wheel[3] rotate[9], empting[7] one and filling[10] the other[8].

ਜਿਸ ਤਰ੍ਹਾਂ[2] ਹਲਟ[3] ਦੀ ਮਾਲ੍ਹ[4] ਨਾਲ ਲਟਕਦੀਆਂ[6] ਹੋਇਆਂ ਟਿੰਡਾਂ[5] ਇਕ ਖ਼ਾਲੀ ਹੁੰਦੀਆਂ[7] ਅਤੇ ਹੋਰ[8] ਭਰੀਂਦੀਆਂ[10] ਚੱਕਰ ਕੱਟਦੀਆਂ[9] ਹਨ ।

ਤੈਸੋ[12] ਹੀ ਇਹੁ ਖੇਲੁ[13] ਖਸਮ[14] ਕਾ ਜਿਉ[15] ਉਸ ਕੀ[16] ਵਡਿਆਈ[17] ॥੨॥

So[12] is this play[13] of the Lord[14]. He acts as[15] is His[16] wondrous glory[17].

ਉਹੋ ਜੇਹੀ[12] ਹੀ ਹੈ ਸੁਆਮੀ[14] ਦੀ ਇਹ ਖੇਡ[13] । ਉਹ ਅੰਕੁਰ ਕਰਦਾ ਹੈ, ਜਿਸ ਤਰ੍ਹਾਂ[15] ਦੀ ਹੈ ਉਸ[16] ਦੀ ਅਦਭੁਤ ਪ੍ਰਭਤਾ[17] ।

ਸੁਰਤੀ[18] ਕੈ ਮਾਰਗਿ[19] ਕਲਿ[20] ਕੈ ਉਲਟੀ[21] ਨਦਰਿ[22] ਪ੍ਰਗਾਸੀ[23] ॥

Walking[20] the way[19] of Divine comprehension[18], man's vision[22] is illumined[23] and he turns[21] his face away from the world.

ਬ੍ਰਹਮ ਗਿਆਤ[18] ਦੇ ਰਸਤੇ[19] ਟੁਰਨ ਦੁਆਰਾ[20], ਆਦਮੀ ਦੀ ਦ੍ਰਿਸ਼ਟੀ[22] ਰੋਸ਼ਨ ਹੋ ਜਾਂਦੀ[23] ਹੈ ਅਤੇ ਦੁਨੀਆ ਵਲੋਂ ਉਹ ਆਪਣਾ ਮੂੰਹ ਮੋੜ ਲੈਂਦਾ[21] ਹੈ ।

ਮਨਿ ਵੀਚਾਰਿ[24] ਦੇਖੁ ਬ੍ਰਹਮ ਗਿਆਨੀ[25] ਕਉਨੁ[26] ਗਿਰਹੀ[27] ਕਉਨੁ ਉਦਾਸੀ[28] ॥੩॥

Reflect over[24] this in thy mind and see, O God's divine[25], as to who[26] is the house holder[22] and who the detached[28] one.

ਆਪਣੇ ਚਿੱਤ ਅੰਦਰ ਸੋਚ[24] ਕੇ ਵੇਖ, ਹੇ ਰੱਬ ਨੂੰ ਜਾਣਨ ਵਾਲੇ[25] ! ਕਿਹੜਾ[26] ਗ੍ਰਿਹਸਥੀ[27] ਹੈ ਅਤੇ ਕਿਹੜਾ ਤਿਆਗੀ[28] ।

ਜਿਸ ਕੀ ਆਸਾ[29] ਤਿਸ ਹੀ[30] ਸਉਪਿ[31] ਕੈ ਏਹੁ[32] ਰਹਿਆ ਨਿਰਬਾਣੁ[33] ॥

He, who is the Lord of hope[29], surrendering[31] it to Him[30], this[32] man remains detached[33].

ਜਿਸ ਦੀ ਮਲਕੀਅਤ ਹੈ, ਇਹ ਉਮੇਦ[29], ਇਸ ਨੂੰ ਉਸ[30] ਦੇ ਸਮਰਪਨ[31] ਕਰ ਦੇ, ਇਹ[32] ਇਨਸਾਨ ਨਿਰਲੇਪ[33] ਵਿਚਰਦਾ ਹੈ ।

ਜਿਸ ਤੇ ਹੋਆ[34] ਸੋਈ[35] ਕਰਿ ਮਾਨਿਆ[36] ਨਾਨਕ ਗਿਰਹੀ ਉਦਾਸੀ[37] ਸੋ ਪਰਵਾਣੁ[38] ॥੪॥੮॥

Whosoever worships[36] Him[35], from whom he has sprung[34], O Nanak, approved[38] is he, be he a householder or a renouncer[37].

ਜਿਹੜਾ ਕੋਈ ਉਸ[35] ਦੀ ਉਪਾਸ਼ਨਾ ਕਰਦਾ[36] ਹੈ ਜਿਸ ਤੋਂ ਉਹ ਪੈਦਾ ਹੋਇਆ[34] ਹੈ; ਹੇ ਨਾਨਕ ! ਪ੍ਰਮਾਣੀਕ[38] ਹੈ ਉਹ[37], ਭਾਵੇਂ ਉਹ ਘਰਬਾਰੀ ਹੈ ਯਾ ਵਿਰਕਤ ।

ਪ੍ਰਭਾਤੀ ਮਹਲਾ ੧ ॥

Parbhati Ist Guru.

ਪ੍ਰਭਾਤੀ ਪਹਿਲੀ ਪਾਤਿਸ਼ਾਹੀ ।

ਦਿਸਟਿ[39] ਬਿਕਾਰੀ[40] ਬੰਧਨਿ[41] ਬਾਂਧੈ[42] ਹਉ ਤਿਸ ਕੈ ਬਲਿ[43] ਜਾਈ ॥

Whosoever binds[42] with a bond[41] the evil[39] inclination[40], unto him I am a sacrifice[43].

ਜੋ ਜ਼ੰਜੀਰ[41] ਨਾਲ ਪਾਪ ਵਾਲੀ[40] ਬਿਰਤੀ[39] ਨੂੰ ਜਕੜ ਰਖਦਾ[42] ਹੈ; ਉਸ ਉਤੋਂ ਮੈਂ ਕੁਰਬਾਨ[43] ਵੰਞਦਾ ਹਾਂ ।

ਪਾਪ[44] ਪੁੰਨ[45] ਕੀ ਸਾਰ[46] ਨ ਜਾਣੈ[47] ਭੂਲਾ ਫਿਰੈ[48] ਅਜਾਈ[49] ॥੧॥

He, who realises[47] not the difference[46] between evil[44] and good[45], he strays[48] from the path uselessly[49].

ਜੋ ਬਦੀ[44] ਅਤੇ ਨੇਕੀ[45] ਦੀ ਦੇ ਫਰਕ[46] ਨੂੰ ਅਨੁਭਵ[47] ਨਹੀਂ ਕਰਦਾ, ਉਹ ਫਜ਼ੂਲ[49] ਹੀ ਰਸਤੇ ਤੋਂ[48] ਘੁਸਿਆ ਫਿਰਦਾ[48] ਹੈ ।

ਬੋਲਹੁ[50] ਸਚੁ ਨਾਮੁ ਕਰਤਾਰ[51] ॥	Utter[50] ye, O man, the True Name of the Creator-Lord[51].	ਤੂੰ, ਹੇ ਬੰਦੇ ! ਸਿਰਜਣਹਾਰ ਸੁਆਮੀ[51] ਦੇ ਸੱਚੇ ਨਾਮ ਦਾ ਉਚਾਰਨ ਕਰ[50] ।
ਫੁਨਿ[52] ਬਹੁੜਿ[53] ਨ ਆਵਣ ਵਾਰ[54] ॥੧॥ ਰਹਾਉ॥	Tnen[52] ye shalt not be the visitor[54] to this world again[53]. Pause.	ਤਦ[52] ਤੁਸੀਂ ਮੁੜ[53] ਕੇ ਇਸ ਸੰਸਾਰ ਵਿਚ ਆਉਣ ਵਾਲੇ[54] ਨਹੀਂ ਬਣੋਗੇ । ਠਹਿਰਾਉ ।
ਊਚਾ[55] ਤੇ[56] ਫੁਨਿ[57] ਨੀਚੁ[58] ਕਰਤੁ ਹੈ ਨੀਚ ਕਰੈ ਸੁਲਤਾਨੁ[59] ॥	From[56] high[65] the Lord makes low[58] and[57] the low one He makes the sovereign[59].	ਉਚੇ[55] ਤੋਂ[56] ਸੁਆਮੀ ਨੀਵਾਂ[58] ਬਣਾ ਦਿੰਦਾ ਹੈ ਅਤੇ[57] ਨੀਵੇਂ ਨੂੰ ਉਹ ਪਾਤਿਸ਼ਾਹ[59] ਥਾਪ ਦਿੰਦਾ ਹੈ ।
ਜਿਨੀ ਜਾਣੁ[60] [61]ਸੁਜਾਣਿਆ[62] ਜਗਿ[63] ਤੇ[64] ਪੂਰੇ[65] ਪਰਵਾਣੁ[66] ॥ ੨॥	They, who realise[62] that[61] All-wise[60] Lord, they[64] become perfect[65] and approved[66] in this world[63].	ਜੋ ਉਸ[61] ਸਰਬ-ਸਿਆਣੇ[60] ਸੁਆਮੀ ਨੂੰ ਅਨੁਭਵ ਕਰਦੇ[62] ਹਨ, ਉਹ[64] ਇਸ ਜਹਾਨ[63] ਅੰਦਰ ਪੂਰਨ[65] ਤੇ ਪ੍ਰਮਾਣੀਕ ਹੋ ਜਾਂਦੇ[66] ਹਨ ।
ਤਾਕਉ[67] ਸਮਝਾਵਣ[68] ਜਾਈਐ[69] ਜੇ[70] ਕੋ[72] ਭੂਲਾ[73] ਹੋਈ ॥	If[70] any[72] person goes astray[73], one should go[69] to instruct[68] him[67].	ਜੇਕਰ[70] ਕੋਈ[72] ਜਣਾ ਕੁਰਾਹੇ[73] ਪੈ ਜਾਵੇ; ਇਨਸਾਨ ਉਸ ਨੂੰ ਸਿਖਮਤ[68] ਦੇਣ ਲਈ ਜਾਵੇ[69] ।
੧੩੩੦		
ਆਪੇ[74] ਖੇਲ[75] ਕਰੇ[76] ਸਭ ਕਰਤਾ[77] ਐਸਾ[78] ਬੂਝੈ[79] ਕੋਈ[80] ॥੩॥	Some rare one[80] understands[79] this-wise[78], that the Creator[77], of Himself[74], plays[76] all the games[75].	ਕੋਈ ਵਿਰਲਾ ਜਣਾ[80] ਹੀ ਇਸ ਤਰ੍ਹਾਂ[78] ਸਮਝਦਾ[79] ਹੈ ਕਿ ਕਰਤਾਰ[77], ਖੁਦ[74] ਹੀ ਸਾਰੀਆਂ ਖੇਡਾਂ[75] ਖੇਡਦਾ[76] ਹੈ ।
ਨਾਉ[81] ਪ੍ਰਭਾਤੈ[82] ਸਬਦਿ[83] ਧਿਆਈਐ[84] ਛੋਡਹੁ[85] ਦੁਨੀ[86] ਪਰੀਤਾ[87] ॥	Abandoning[85] the worldly[86] attachments[87], contemplate[84] Thou thy Lord's[83] Name[81] in the early morn[82].	ਸੰਸਾਰੀ[86] ਲਗਨਾਂ[87] ਨੂੰ ਛੱਡ ਕੇ[85], ਅੰਮ੍ਰਿਤ ਵੇਲੇ[82] ਤੂੰ ਆਪਣੇ ਸੁਆਮੀ[83] ਦੇ ਨਾਮ[81] ਦਾ ਸਿਮਰਨ[84] ਕਰ ।
ਪ੍ਰਣਵਤਿ[88] ਨਾਨਕ ਦਾਸਨਿ ਦਾਸਾ[89] ਜਗਿ[90] ਹਾਰਿਆ[91] ਤਿਨਿ[92] ਜੀਤਾ[93] ॥੪॥ ੯॥	Supplicates[88] Nanak, whosoever becomes the slave[89] of the Lord's slaves, he[92] wins[93] and the world[90] loses[91].	ਨਾਨਕ ਬੇਨਤੀ ਕਰਦਾ[88] ਹੈ, ਜੋ ਕੋਈ ਭੀ ਪ੍ਰਭੂ ਦੇ ਗੋਲਿਆਂ ਦਾ ਗੋਲਾ[89] ਥੀ ਵੰਞਦਾ ਹੈ; ਉਹ[92] ਜਿੱਤ ਜਾਂਦਾ[93] ਹੈ ਅਤੇ ਸੰਸਾਰ[90] ਹਾਰ ਜਾਂਦਾ[91] ਹੈ ।
ਪ੍ਰਭਾਤੀ ਮਹਲਾ ੧ ॥	Parbhati Ist Guru.	ਪ੍ਰਭਾਤੀ ਪਹਿਲੀ ਪਾਤਿਸ਼ਾਹੀ ।
ਮਨੁ[94] ਮਾਇਆ[95] ਮਨੁ ਧਾਇਆ[96] ਮਨੁ ਪੰਖੀ[97] ਆਕਾਸਿ[98] ॥	The mind[94] is an illusionist[95], the mind is a saunterer[96] and the mind wings in the sky[98] like a bird[97].	ਮਨੂਆ[94] ਇਕ ਛਲੀਆ[95] ਹੈ, ਮਨੂਆ ਫਿਰਤੂ ਘਿਰਤੂ[96] ਹੈ ਅਤੇ ਮਨੂਆ ਪਰਿੰਦੇ ਦੀ ਤਰ੍ਹਾਂ ਅਸਮਾਨ[98] ਅੰਦਰ ਉਡਦਾ ਫਿਰਦਾ ਹੈ ।
ਤਸਕਰ[99] ਸਬਦਿ[100] ਨਿਵਾਰਿਆ[2] ਨਗਰੁ[3] ਵੂਠਾ[4] ਸਾਬਾਸਿ[5] ॥	When the mind thief[99] is over-whelmed[2], through the Guru's word[100], the township[3] of the body flourishes[4] and one is felicitated[5].	ਜਦ ਗੁਰਾਂ ਦੀ ਬਾਣੀ[100] ਰਾਹੀਂ, ਮਨੂਆ ਚੋਰ[99] ਕਾਬੂ ਕਰ ਲਿਆ ਜਾਂਦਾ[2] ਹੈ, ਤਾਂ ਦੇਹ ਦਾ ਪਿੰਡ[3] ਰੰਗੀ ਵਸਦਾ[4] ਹੈ ਅਤੇ ਪ੍ਰਾਣੀ ਨੂੰ ਵਧਾਈਆਂ ਮਿਲਦੀਆਂ[5] ਹਨ ।

ਜਾ[6] ਤੂ ਰਾਖਹਿ[7] ਰਾਖਿ ਲੈਹਿ ਸਾਬਤੁ[8] ਹੋਵੈ ਰਾਸਿ[9] ॥੧॥

When[6] Thou wisheth to save[7] man, Thou saveth him and his capital[9] remains in-tact[8].

ਜਦ[6] ਤੂੰ ਜੀਵ ਨੂੰ ਬਚਾਉਣਾ[7] ਚਾਹੁੰਦਾ ਹੈਂ, ਤੂੰ ਉਸ ਨੂੰ ਬਚਾਅ ਲੈਂਦਾ ਹੈਂ ਅਤੇ ਉਸ ਦੀ ਪੂੰਜੀ[9] ਸਹੀ ਸਲਾਮਤ[8] ਰਹਿੰਦੀ ਹੈ ।

ਐਸਾ[10] ਨਾਮੁ ਰਤਨੁ[12] ਨਿਧਿ[13] ਮੋਰੈ[14] ॥ ਗੁਰਮਤਿ[15] ਦੇਹਿ[16] ਲਗਉ[17] ਪਗਿ[18] ਤੇਰੈ ॥੧॥ਰਹਾਉ॥

My Lord, by the Guru's instructions[15], repair[17] I, to Thine feet[18]. Bless[16] Thou me[14] with such[10] a treasure[13], which is brimful with the gems[12] of Thy Name Pause.

ਮੇਰੇ ਸਾਂਈਂ ਗੁਰਾਂ ਦੇ ਉਪਦੇਸ਼[15] ਦੁਆਰਾ ਮੈਂ ਤੇਰੇ ਪੈਰੀਂ[18] ਪੈਂਦਾ[17] ਹਾਂ । ਤੂੰ ਮੈਨੂੰ[14] ਐਹੋ ਜਿਹਾ[10] ਖ਼ਜ਼ਾਨਾ[13] ਬਖ਼ਸ਼[16] ਜੋ ਤੇਰੇ ਨਾਮ ਦੇ ਜਵਾਹਿਰਾਤ[12] ਨਾਲ ਪਰੀਪੂਰਨ ਹੋਵੇ । ਠਹਿਰਾਉ ।

ਮਨੁ ਜੋਗੀ[19] ਮਨੁ ਭੋਗੀਆ[20] ਮਨੁ ਮੂਰਖੁ[21] ਗਾਵਾਰੁ[22] ॥

The mind is a recluse[19], the mind is also an indulger[20] and the mind is unwise[21] and ignorant[22].

ਮਨੂਆ ਵਿਰਕਤ[19] ਹੈ, ਮਨੂਆ ਅਨੰਦ ਮਾਨਣ ਵਾਲਾ[20] ਭੀ ਹੈ ਅਤੇ ਮਨੂਆ ਅਣਜਾਣ[21] ਅਤੇ ਅਗਿਆਨੀ[22] ਹੈ ।

ਮਨੁ ਦਾਤਾ[23] ਮਨੁ ਮੰਗਤਾ[24] ਮਨ ਸਿਰਿ[25] ਗੁਰੁ ਕਰਤਾਰੁ[26] ॥

The mind is the giver[23], the mind is also the begger[24] and the mind is mastered[25] through the Creator[26], the true Guru.

ਮਨੂਆ ਦਾਤਾਰ[23] ਹੈ, ਮਨੂਆ ਭਿਖਾਰੀ[24] ਭੀ ਹੈ ਅਤੇ ਮਨੂਆ ਸੱਚੇ ਗੁਰੂ, ਸਿਰਜਣਹਾਰ[26] ਦੇ ਰਾਹੀਂ ਸਰ ਕੀਤਾ ਜਾਂਦਾ[25] ਹੈ ।

ਪੰਚ[27] ਮਾਰਿ[28] ਸੁਖੁ[29] ਪਾਇਆ[30] ਐਸਾ[31] ਬ੍ਰਹਮੁ[32] ਵੀਚਾਰੁ[33] ॥੨॥

Such[31] is the Lord's[32] meditation[33], that subjugating[28] the five[27] demons through it, one attains[30] unto the supreme bliss[29].

ਐਹੋ ਜੇਹਾ[31] ਹੈ ਸੁਆਮੀ[32] ਦਾ ਸਿਮਰਨ[33] ਕਿ ਇਸ ਦੇ ਰਾਹੀਂ ਪੰਜਾਂ[27] ਭੂਤਨਿਆਂ ਨੂੰ ਵਸ ਕਰਕੇ[28], ਜੀਵ ਪਰਮ ਪ੍ਰਸੰਨਤਾ[29] ਨੂੰ ਪ੍ਰਾਪਤ ਹੋ ਜਾਂਦਾ[30] ਹੈ ।

ਘਟਿ ਘਟਿ[34] ਏਕੁ[35] ਵਖਾਨੀਐ[36] ਕਹਉ[37] ਨ ਦੇਖਿਆ[38] ਜਾਇ ॥

The One Lord[35] is said to be[36] manifest in every heart[34], but, Him, no one[37] can see[38].

ਇਕ ਪ੍ਰਭੂ[35] ਹਰ ਦਿਲ[34] ਅੰਦਰ ਪ੍ਰਗਟ ਆਖਿਆ ਜਾਂਦਾ[36] ਹੈ, ਪ੍ਰੰਤੂ ਕੋਈ[37] ਭੀ ਉਸ ਨੂੰ ਵੇਖ[38] ਨਹੀਂ ਸਕਦਾ ।

ਖੋਟੋ[39] ਪੂਠੋ[40] ਰਾਲੀਐ[41] ਬਿਨੁ ਨਾਵੈ ਪਤਿ[42] ਜਾਇ[43] ॥

The false one[39] is cast[41] upside down[40] in the womb and without the Name, he loses[43] his honour[42].

ਕੂੜੇ ਪੁਰਸ਼[39] ਨੂੰ ਮੂਧਾ[40] ਕਰਕੇ ਗਰਭ ਵਿਚ ਸੁੱਟਿਆ ਜਾਂਦਾ[41] ਹੈ ਅਤੇ ਨਾਮ ਦੇ ਬਗ਼ੈਰ ਉਹ ਆਪਣੀ ਇੱਜ਼ਤ ਆਬਰੂ[42] ਗੁਆ ਲੈਂਦਾ[43] ਹੈ ।

ਜਾ ਤੂ ਮੇਲਹਿ[46] ਤਾ[45] ਮਿਲਿ ਰਹਾਂ ਜਾਂ[44] ਤੇਰੀ ਹੋਇ ਰਜਾਇ[47] ॥੩॥

If[44] such be Thy will[47] and if Thou unitest[46], O my Lord, then[45] alone can I remain united with Thee.

ਜੇਕਰ[44] ਐਹੋ ਜੇਹੀ ਹੋਵੇ ਤੇਰੀ ਰਜ਼ਾ[47] ਅਤੇ ਜੇਕਰ ਤੂੰ ਜੋੜੇਂ[46]; ਕੇਵਲ ਤਦ[45] ਹੀ ਮੈਂ ਤੇਰੇ ਨਾਲ ਜੁੜਿਆ ਰਹਿ ਸਕਦਾ ਹਾਂ, ਹੇ ਸੁਆਮੀ !

ਜਾਤਿ[48] ਜਨਮੁ[49] ਨਹ ਪੂਛੀਐ[50] ਸਚ ਘਰੁ[51] ਲੇਹੁ ਬਤਾਇ[52] ॥

The Lord asks[50] not mortals caste[48] and birth[49], so, find[52] thou out the Lord's True Home[51].

ਪ੍ਰਭੂ ਪ੍ਰਾਣੀ ਦੀ ਜਾਤੀ[48] ਅਤੇ ਪੈਦਾਇਸ਼[49] ਬਾਰੇ ਪੁਛ[50] ਗਿਛ ਨਹੀਂ ਕਰਦਾ, ਇਸ ਲਈ ਤੂੰ ਸੁਆਮੀ ਦੇ ਸੱਚੇ ਧਾਮ[51] ਦੀ ਭਾਲ ਕਰ[52] ।

ਸਾ[53] ਜਾਤਿ ਸਾ ਪਤਿ[54] ਹੈ ਜੇਹੇ[55] ਕਰਮ[56] ਕਮਾਇ[57] ॥

That[53] alone is man's caste and that his glory[54], as[55] are the deeds[56], which he does[57],

ਕੇਵਲ ਉਹ[53] ਹੀ ਬੰਦੇ ਦਾ ਵਰਨ ਹੈ ਅਤੇ ਉਹ ਹੀ ਸੋਭਾ[54] ਜੇਹੋ ਜੇਹੇ[55] ਕਿ ਅਮਲ[56] ਉਹ ਕਮਾਉਂਦਾ[57] ਹੈ ।

ਜਨਮ ਮਰਨ ਦੁਖੁ[58] ਕਾਟੀਐ[59] ਨਾਨਕ ਛੂਟਸਿ[60] ਨਾਇ[61] ॥੪॥੧੦॥

Nanak, through the Lord's Name[61], man is emancipated[60] and rid of[59] the agony[58] of birth and death.

ਨਾਨਕ ਸੁਆਮੀ ਦੇ ਨਾਮ[61] ਦੇ ਰਾਹੀਂ, ਬੰਦਾ ਬੰਦਖਲਾਸ ਹੋ ਜਾਂਦਾ[60] ਹੈ ਅਤੇ ਉਸ ਦੀ ਜੰਮਣ ਅਤੇ ਮਰਨ ਦੀ ਪੀੜ[58] ਮਿਟ ਜਾਂਦੀ[59] ਹੈ ।

ਪ੍ਰਭਾਤੀ ਮਹਲਾ ੧ ॥

Parbhati Ist Guru.

ਪ੍ਰਭਾਤੀ ਪਹਿਲੀ ਪਾਤਿਸ਼ਾਹੀ ।

ਜਾਗਤੁ[62] ਬਿਗਸੈ[63] ਮੂਠੋ[64] ਅੰਧਾ[65] ॥

Even while awake[62], the blind man[65] is being robbed[64], and yet, he is happy and gay[63].

ਜਾਗਦਾ[62] ਹੋਇਆ ਵੀ, ਅੰਨ੍ਹਾ ਇਨਸਾਨ[65] ਲੁੱਟਿਆ ਪੁੱਟਿਆ ਜਾ ਰਿਹਾ[64] ਹੈ ਅਤੇ ਫਿਰ ਭੀ ਉਹ ਖ਼ੁਸ਼[63] ਪ੍ਰਸੰਨ ਹੈ ।

ਗਲਿ[66] ਫਾਹੀ[67] ਸਿਰਿ[68] ਮਾਰੇ[69] ਧੰਧਾ[70] ॥

Although the noose[67] is round his neck[66], yet, he is bothering[69] his head[68] in the wordly affairs[70].

ਭਾਵੇਂ ਫਾਂਸੀ[67] ਉਸ ਦੀ ਗਰਦਨ[66] ਦੁਆਲੇ ਹੈ, ਤਦ ਵੀ ਉਹ ਸੰਸਾਰੀ ਕੰਮਾਂ[70] ਅੰਦਰ ਆਪਣਾ ਸਿਰ[68] ਖਪਾ ਰਿਹਾ[69] ਹੈ ।

ਆਸਾ[71] ਆਵੈ ਮਨਸਾ[72] ਜਾਇ ॥

In hope[71] he comes and in desire[72] he departs.

ਉਮੈਦ[71] ਅੰਦਰ ਉਹ ਆਉਂਦਾ ਹੈ ਅਤੇ ਖ਼ਾਹਿਸ਼[72] ਅੰਦਰ ਟੁਰ ਜਾਂਦਾ ਹੈ ।

ਉਰਝੀ[73] ਤਾਣੀ[74] ਕਿਛੁ[75] ਨ ਬਸਾਇ[76] ॥੧॥

The strings[74] of his life are entangled[73], and he is utterly[75] helpness[76].

ਉਸ ਦੇ ਜੀਵਨ ਦੇ ਧਾਗੇ[74] ਉਲਝੇ ਹੋਏ[73] ਹਨ ਅਤੇ ਉਸ ਦਾ ਹਢੋਂ[75] ਹੀ ਕੋਈ ਵਸ ਨਹੀਂ ਚਲਦਾ[76] ।

ਜਾਗਸਿ[77] ਜੀਵਣ[78] ਜਾਗਣਹਾਰਾ[79] ॥

The ever-awake[79] Lord, the Life[78] of the world, remains wakeful[77].

ਜਗਤ ਦੀ ਜਿੰਦ-ਜਾਨ[78], ਸਦਾ ਹੀ ਜਾਗਣ ਵਾਲਾ[79] ਸੁਆਮੀ ਖ਼ਬਰਦਾਰ[77] ਰਹਿੰਦਾ ਹੈ ।

ਸੁਖ[80] ਸਾਗਰ[81] ਅੰਮ੍ਰਿਤ[82] ਭੰਡਾਰਾ[83] ॥੧॥ਰਹਾਉ॥

The Lord is the ocean[81] of peace[80] and the treasure[93] of Name-Nector[82]. Pause.

ਸੁਆਮੀ ਆਰਾਮ[80] ਦਾ ਸਮੁੰਦਰ[81] ਅਤੇ ਨਾਮ-ਅੰਮ੍ਰਿਤ[82] ਦਾ ਖ਼ਜ਼ਾਨਾ[83] ਹੈ । ਠਹਿਰਾਉ ।

ਕਹਿਓ[84] ਨ ਬੂਝੈ[85] ਅੰਧੁ[86] ਨ ਸੂਝੈ[87] ਭੋਂਡੀ[88] ਕਾਰ[89] ਕਮਾਈ[90] ॥

The blind man[86] sees[87] not, cares not to understand[85] what is told[84] to him and he does[90] evil[88] deeds[89].

ਅੰਨ੍ਹੇ ਇਨਸਾਨ[86] ਨੂੰ ਦਿਸਦਾ[87] ਨਹੀਂ ਤੇ ਜਿਹੜਾ ਕੁਛ ਉਸ ਨੂੰ ਆਖਿਆ ਜਾਂਦਾ[84] ਹੈ, ਉਹ ਉਸ ਨੂੰ ਸਮਝਦਾ[85] ਨਹੀਂ ਅਤੇ ਮੰਦੇ[88] ਕਰਮ[89] ਕਰਦਾ[90] ਹੈ ।

ਆਪੇ[91] ਪ੍ਰੀਤਿ[92] ਪ੍ਰੇਮ[93] ਪਰਮੇਸੁਰੁ[94] ਕਰਮੀ[95] ਮਿਲੈ[96] ਵਡਾਈ[97] ॥੨॥

The Lord[94], of Himself[91], puts His love[92] and affection[93] in man and by His grace[95], blesses[96] him with glory[97].

ਸੁਆਮੀ[94] ਖ਼ੁਦ[91] ਹੀ ਬੰਦੇ ਦੇ ਅੰਦਰ ਆਪਣੀ ਪਿਰਹੜੀ[92] ਅਤੇ ਮੁਹੱਬਤ[93] ਪਾਉਂਦਾ ਹੈ ਅਤੇ ਆਪਣੀ ਰਹਿਮਤ[95] ਦੁਆਰਾ ਉਸ ਨੂੰ ਪ੍ਰਭਤਾ[97] ਬਖ਼ਸ਼ਦਾ[96] ਹੈ ।

ਦਿਨੁ[98] ਦਿਨ ਆਵੈ[99] ਤਿਲੁ ਤਿਲੁ[100] ਛੀਜੈ[2] ਮਾਇਆ[3] ਮੋਹੁ[4] ਘਟਾਈ[5] ॥

With the dawn[99] of each day[98], man's life is wearing off[2] trice[100] by trice and yet, the love[4] of riches[3] is permeating his mind[5].

ਹਰ ਇਕਸ ਦਿਹੁੰ[98] ਦੇ ਆਉਣ[99] ਨਾਲ ਆਦਮੀ ਦੀ ਉਮਰ ਭੋਰਾ ਭੋਰਾ[100] ਕਰਕੇ ਘਟਦੀ ਜਾ ਰਹੀ[2] ਹੈ ਤਾਂ ਵੀ ਧਨ-ਦੌਲਤ[3] ਦਾ ਪਿਆਰ[4] ਉਸ ਦੇ ਚਿਤ[5] ਵਿਚ ਰਮ ਰਿਹਾ ਹੈ ।

ਬਿਨੁ[12] ਗੁਰ ਬੂਡੋ[6] ਠਉਰ[7] ਨ ਪਾਵੈ[13] ਜਬ[8] ਲਗ ਦੂਜੀ[9] ਰਾਈ[10] ॥੩॥

As long as[8] there is even a bit[10] of duality[9] in man and he is without[12] the Guru, so long he finds[13] no refuge[7] and is drowned[6].

ਜਦ ਤਾਈ[8] ਬੰਦੇ ਦੇ ਅੰਦਰ ਇਕ ਭੋਰਾ ਭਰ[10] ਭੀ ਦਵੈਤ-ਭਾਵ[9] ਹੈ ਅਤੇ ਉਹ ਗੁਰੂ ਦੇ ਬਗੈਰ[11] ਹੈ, ਉਦੋਂ ਤਾਈਂ ਉਸ ਨੂੰ ਕੋਈ ਪਨਾਹ[7] ਨਹੀਂ ਮਿਲਦੀ[13] ਤੇ ਉਹ ਡੁਬ ਜਾਂਦਾ[6] ਹੈ ।

[14]ਅਹਿਨਿਸਿ[15] ਜੀਆ[16] ਦੇਖਿ ਸਮ੍ਹਾਲੈ[17] ਸੁਖੁ ਦੁਖੁ ਪੁਰਬਿ[18] ਕਮਾਈ[19] ॥

Day[14] and night[15], the Lord looks after and takes care[17] of His beings[16] and awards them pleasure and pain in accordance with their past[18] deeds[19].

ਦਿਹੁੰ[14] ਤੇ ਰੈਣ[15], ਸੁਆਮੀ ਆਪਣੇ ਜੀਵ ਜੰਤੂਆਂ[16] ਨੂੰ ਦੇਖ ਭਾਲ ਅਤੇ ਉਨ੍ਹਾਂ ਦੀ ਸੰਭਾਲ ਕਰਦਾ[17] ਹੈ ਅਤੇ ਉਨ੍ਹਾਂ ਦੇ ਪਿਛਲੇ[18] ਕਰਮਾਂ[19] ਦੇ ਅਨੁਸਾਰ, ਉਨ੍ਹਾਂ ਨੂੰ ਖੁਸ਼ੀ ਤੇ ਗ਼ਮੀ ਦਿੰਦਾ ਹੈ ।

ਕਰਮਹੀਣੁ[20] ਸਚੁ[21] ਭੀਖਿਆ[22] ਮਾਂਗੈ[23] ਨਾਨਕ ਮਿਲੈ[24] ਵਡਾਈ[25] ॥੪॥ ੧੧॥

Unfortunate[20] Nanak asks for[23] the alms[22] of the True Name[21], O Lord, bless[24] Thou him, with this glory[25].

ਬਦਨਸੀਬ[20] ਨਾਨਕ ਸੱਚੇ ਨਾਮ[21] ਦੀ ਖ਼ੈਰ[22] ਦੀ ਯਾਚਨਾ ਕਰਦਾ[23] ਹੈ । ਹੇ ਸੁਆਮੀ ! ਤੂੰ ਉਸ ਨੂੰ ਇਹ ਪ੍ਰਭਤਾ[25] ਪ੍ਰਦਾਨ[24] ਕਰ ।

ਪ੍ਰਭਾਤੀ ਮਹਲਾ ੧ ॥

Parbhati Ist Guru.

ਪ੍ਰਭਾਤੀ ਪਹਿਲੀ ਪਾਤਿਸ਼ਾਹੀ ।

ਮਸਟਿ[26] ਕਰਉ[27] ਮੂਰਖੁ[28] ਜਗਿ[29] ਕਹੀਆ[30] ॥

If I keep[27] mum[26], the world[29] calls[30] me a fool[28].

ਜੇਕਰ ਮੈਂ ਚੁਪ[26] ਕਰ ਰਹਾਂ[27] ਤਾਂ ਦੁਨੀਆ[29] ਮੈਨੂੰ ਬੇਵਕੂਫ਼[28] ਆਖਦੀ[30] ਹੈ ।

ਅਧਿਕ[31] ਬਕਉ[32] ਤੇਰੀ ਲਿਵ[33] ਰਹੀਆ[34] ॥

If I prattle[32] much[31], then miss[34] I Thy love[33], O Lord.

ਜੇਕਰ ਮੈਂ ਬਹੁਤਾ[31] ਬੋਲਾਂ[32] ਤਾਂ ਮੈਂ ਤੇਰੀ ਪ੍ਰੀਤ[33] ਤੋਂ ਵਾਂਝਿਆ[34] ਰਹਿ ਜਾਂਦਾ ਹਾਂ, ਹੇ ਸੁਆਮੀ !

ਭੂਲ[35] ਚੂਕ[36] ਤੇਰੈ ਦਰਬਾਰਿ[37] ॥

Man's mistakes[35] and shortcomings[36] are assayed in Thy Court[37].

ਆਦਮੀ ਦੀਆਂ ਗ਼ਲਤੀਆਂ[35] ਅਤੇ ਊਣਤਾਈਆਂ[36], ਤੇਰੀ ਦਰਗਾਹ[37] ਅੰਦਰ ਪਰਖੀਆਂ ਜਾਂਦੀਆਂ ਹਨ ।

ਨਾਮ ਬਿਨਾ ਕੈਸੇ[38] ਆਚਾਰ[39] ॥੧॥

Without the Name, how[38] can there be good conduct[39] ?

ਨਾਮ ਦੇ ਬਾਝੋਂ, ਚੰਗਾ ਚਾਲ ਚਲਨ[39] ਕਿਸ ਤਰ੍ਹਾਂ[38] ਹੋ ਸਕਦਾ ਹੈ ?

ਐਸੇ[40] ਝੂਠਿ[41] ਮੁਠੇ[42] ਸੰਸਾਰਾ[43] ॥

Such[40] is the world[43], that it is being cheated[42] by falsehood[41].

ਐਹੋ ਜਿਹਾ[40] ਹੈ ਜਹਾਨ[43] ਕਿ ਇਸ ਨੂੰ ਕੂੜ[41] ਠੱਗੀ ਜਾ ਰਿਹਾ[42] ਹੈ ।

ਨਿੰਦਕੁ[44] ਨਿੰਦੈ[45] ਮੁਝੈ[46] ਪਿਆਰਾ[47] ॥੧॥ਰਹਾਉ॥

Dear[47] unto me[46] is the slanderer[44], who slanders[45] Pause.

ਮੈਨੂੰ[46] ਮਿਠੜਾ[47] ਲਗਦਾ ਹੈ ਬਦਖੋਈ ਕਰਨ ਵਾਲਾ[44] ਜੋ ਬਦਖੋਈ ਕਰਦਾ[45] ਹੈ । ਠਹਿਰਾਉ ।

ਜਿਸੁ ਨਿੰਦਹਿ ਸੋਈ[48] ਬਿਧਿ[49] ਜਾਣੈ ॥ ਗੁਰ ਕੈ ਸਬਦੇ[50] ਦਰਿ[51] ਨੀਸਾਣੈ[52]॥

He[48] alone, who is slandered knows the way of life[49]. Through the Guru's word[50], he becomes manifest[52] in the Lord's Court[51].

ਕੇਵਲ ਉਹ[48] ਹੀ ਜੀਵਨ ਰਹੁਰੀਤੀ[49] ਨੂੰ ਜਾਣਦਾ ਹੈ, ਜਿਸ ਦੀ ਬਦਖੋਈ ਹੁੰਦੀ ਹੈ । ਗੁਰਾਂ ਦੀ ਬਾਣੀ[50] ਰਾਹੀਂ, ਉਹ ਸੁਆਮੀ ਦੀ ਦਰਗਾਹ[51] ਅੰਦਰ ਪ੍ਰਗਟ[52] ਥੀ ਵੰਞਦਾ ਹੈ ।

ਕਾਰਣੁ[53] ਨਾਮੁ [54]ਅੰਤਰਿ ਗਤਿ[55] ਜਾਣੈ[56] ॥

Within his mind[54], he realises[56] the loftiness[55] of the Name, the cause of causes[53].

ਆਪਣੇ ਮਨ[54] ਅੰਦਰ ਉਹ, ਹੇਤੂਆਂ ਦੇ ਹੇਤੂ[53], ਨਾਮ ਦੀ ਉਚਤਾ[55] ਨੂੰ ਅਨੁਭਵ ਕਰ ਲੈਂਦਾ[56] ਹੈ ।

ਜਿਸੁ ਨੋ ਨਦਰਿ[57] ਕਰੇ ਸੋਈ[58] ਬਿਧਿ[59] ਜਾਣੈ ॥ ੨॥

On whomsoever is the God's grace[57] he[58] alone knows the virtuous way of life[59].

ਜਿਸ ਕਿਸੇ ਉਤੇ ਵਾਹਿਗੁਰੂ ਦੀ ਮਿਹਰ[57] ਹੈ; ਕੇਵਲ ਉਹ[58] ਹੀ ਜੀਵਨ ਦੀ ਨੇਕ ਰਹੁ-ਰੀਤੀ[59] ਨੂੰ ਜਾਣਦਾ ਹੈ ।

ਮੈ ਮੈਲੌ[60] ਊਜਲੁ[61] ਸਚੁ[62] ਸੋਇ ॥

I am filthy[60] while immaculate[61] is that True Lord[62].

ਮੈਂ ਮਲੀਨ[60] ਹਾਂ ਜਦ ਕਿ ਪਵਿੱਤਰ[61] ਹੈ ਉਹ ਸੱਚਾ ਸੁਆਮੀ[62] ।

ਊਤਮੁ[63] ਆਖਿ[64] ਨ ਊਚਾ[65] ਹੋਇ ॥

Calling[64] oneself sublime[63], one does not become good[65].

ਆਪਣੇ ਆਪ ਨੂੰ ਸ੍ਰੇਸ਼ਟ[63] ਕਹਿਣ[64] ਦੁਆਰਾ, ਕੋਈ ਚੰਗਾ[65] ਨਹੀਂ ਬਣ ਜਾਂਦਾ ।

ਮਨਮੁਖੁ[66] ਖੂਲ੍ਹਿ[67] ਮਹਾ[68] ਬਿਖੁ[69] ਖਾਇ[70] ॥	An egocentric[66] manifestly[67] partakes[70] of the great[68] poison[69].	ਮਨਮਤੀਆ[66] ਖੁਲ੍ਹਮ-ਖੁੱਲਾ[67] ਪਰਮ[68] ਜ਼ਹਿਰ[69] ਨੂੰ ਖਾਂਦਾ[70] ਹੈ ।
ਗੁਰਮੁਖਿ[71] ਹੋਇ ਸੁ[72] ਰਾਚੈ[73] ਨਾਇ[74] ॥੩॥	He, who gets resigned to Guru's will[71], he[72] is absorbed[73] in the Lord's Name[74].	ਜੋ ਗੁਰੂ ਅਨੁਸਾਰੀ[71] ਥੀ ਵੰਞਦਾ ਹੈ ! ਉਹ[72] ਸਾਂਈਂ ਦੇ ਨਾਮ[74] ਅੰਦਰ ਲੀਨ[73] ਹੋ ਜਾਂਦਾ ਹੈ ।
੧੩੩੧		
ਅੰਧੌ[75] ਬੋਲੌ[76] ਮੁਗਧੁ[77] ਗਵਾਰੁ[78] ॥ ਹੀਣੌ[79] ਨੀਚੁ[80] ਬੁਰੌ[81] ਬੁਰਿਆਰੁ ॥	My Lord, I am blind[75], deaf[76], unwise[77], ignorant[78], low[79], groveling[80] and the vilest of the vile[81].	ਮੇਰੇ ਪ੍ਰਭੂ, ਮੈਂ ਅੰਨ੍ਹਾ[75], ਡੋਰਾ[76], ਮੂਰਖ[77], ਬੇਵਕੂਫ਼[78], ਨੀਵਾਂ[79], ਅਧਮ[80] ਅਤੇ ਮੰਦਿਆ[81] ਦਾ ਪਰਮ ਮੰਦਾ ਹਾਂ ।
ਨੀਧਨ[82] ਕੌ ਧਨੁ[83] ਨਾਮੁ ਪਿਆਰੁ[84] ॥	I, the poor[82] one, possess the wealth[83] of the love[84] of the Lord's Name.	ਮੈਂ, ਗ਼ਰੀਬ[82] ਦੇ ਪੱਲੇ ਪ੍ਰਭੂ ਦੇ ਨਾਮ ਦੇ ਪ੍ਰੇਮ[84] ਦਾ ਪਦਾਰਥ[83] ਹੈ ।
ਇਹੁ ਧਨੁ ਸਾਰੁ[85] ਹੋਰੁ ਬਿਖਿਆ[86] ਛਾਰੁ[87] ॥੪॥	Sublime[85] is this wealth. All other valuables are but poison[86] and ashes[87].	ਸ੍ਰੇਸ਼ਟ[85] ਹੈ ਇਹ ਪਦਾਰਥ । ਹੋਰ ਸਾਰੇ ਮਾਲਮਤਾ ਨਿਰੋਪੁਰੇ ਜ਼ਹਿਰ[86] ਅਤੇ ਸੁਆਹ[87] ਹਨ ।
ਉਸਤਤਿ[88] ਨਿੰਦਾ[89] ਸਬਦੁ[90] ਵੀਚਾਰੁ[91] ॥	Abandoning praise[88] and dispraise[89] of men, meditate[91] I on the Name[90].	ਲੋਕਾਂ ਦੀ ਵਡਿਆਈ[88] ਅਤੇ ਬੁਰਿਆਈ[89] ਨੂੰ ਤਿਆਗ, ਮੈਂ ਨਾਮ[90] ਦਾ ਸਿਮਰਨ[91] ਕਰਦਾ ਹਾਂ ।
ਜੋ ਦੇਵੈ[92] ਤਿਸ[93] ਕਉ ਜੈਕਾਰੁ[94] ॥	I pay homage[94] to Him[93], who blesses[92] me with His bounties.	ਮੈਂ ਉਸ[93] ਨੂੰ ਪ੍ਰਣਾਮ[94] ਕਰਦਾ ਹਾਂ, ਜਿਹੜਾ ਮੈਨੂੰ ਬਖ਼ਸ਼ੀਸ਼ਾਂ ਬਖ਼ਸ਼ਦਾ[92] ਹੈ ।
ਤੂ ਬਖਸਹਿ[95] ਜਾਤਿ[96] ਪਤਿ[97] ਹੋਇ[98] ॥	Whomsoever Thou forgivest[95], he is blessed[98] with high caste[95] and honour[97].	ਜਿਸ ਕਿਸੇ ਨੂੰ ਤੂੰ ਮੁਆਫ਼[95] ਕਰ ਦਿੰਦਾ ਹੈਂ, ਉਸ ਨੂੰ ਉਚੀ ਜ਼ਾਤੀ[96] ਅਤੇ ਇੱਜ਼ਤ[97] ਪ੍ਰਾਪਤ[98] ਹੋ ਜਾਂਦੀਆਂ ਹਨ ।
ਨਾਨਕੁ ਕਹੈ[99] ਕਹਾਵੈ[100] ਸੋਇ[2] ॥੫॥੧੨॥	Says[99] Nanak, He[2], the Lord, makes man utter[100] His Name.	ਗੁਰੂ ਜੀ ਆਖਦੇ[99] ਹਨ, ਉਹ[2] ਸੁਆਮੀ ਹੀ ਬੰਦੇ ਪਾਸੋਂ ਆਪਣਾ ਨਾਮ ਉਚਾਰਨ[100] ਕਰਵਾਉਂਦਾ ਹੈ ।
ਪ੍ਰਭਾਤੀ ਮਹਲਾ ੧ ॥	Parbhati Ist Gnru.	ਪ੍ਰਭਾਤੀ ਪਹਿਲੀ ਪਾਤਿਸ਼ਾਹੀ ।
ਖਾਇਆ ਮੈਲੁ[3] ਵਧਾਇਆ[4] ਪੈਧੈ[5] ਘਰ[6] ਕੀ ਹਾਣਿ[7] ॥	By eating more, man increases[4] the filth[3] and by wearing[5] extravagantly, he disgraces[7] his family[6].	ਵੱਧ ਖਾਣ ਦੁਆਰਾ ਆਦਮੀ ਮੈਲੇ[3] ਨੂੰ ਵਧਾਉਂਦਾ[4] ਹੈ ਅਤੇ ਵਧੀਆ ਪਹਿਨਣ[5] ਦੁਆਰਾ ਉਹ ਆਪਣੇ ਘਰਾਨੇ[6] ਦੀ ਹਾਨੀ[7] ਕਰਵਾਉਂਦਾ ਹੈ ।
ਬਕਿ[8] ਬਕਿ ਵਾਦੁ[9] ਚਲਾਇਆ[10] ਬਿਨੁ ਨਾਵੈ ਬਿਖੁ[12] ਜਾਣਿ[13] ॥੧॥	By prating[8] and prattling, he starts[10] strifes[9]. Know[13], thou, O man, that, without the Name, everything is but poison[12].	ਬੜ[8] ਬੜ ਕਰਨ ਦੁਆਰਾ, ਬੰਦਾ[9] ਬਖੇੜੇ ਖੜੇ[10] ਕਰ ਲੈਂਦਾ ਹੈ । ਤੂੰ ਸਮਝ[13] ਲੈ, ਹੇ ਬੰਦੇ ! ਕਿ ਨਾਮ ਦੇ ਬਗੈਰ ਹਰ ਸ਼ੈ ਨਿਰੀਪੁਰੀ ਜ਼ਹਿਰ[12] ਹੀ ਹੈ ।
ਬਾਬਾ[14] ਐਸਾ[15] ਬਿਖਮ[16] ਜਾਲਿ[17] ਮਨੁ[18]	O father[14], my soul[18] is caught[19] in such[15] a formidable[16] trap[17], that	ਹੇ ਪਿਤਾ[14] ! ਮੇਰੀ ਆਤਮਾ[18] ਐਹੋ[15] ਜੇਹੇ ਜ਼ਬਰਦਸਤ[16] ਫੰਧੇ[16] ਵਿਚ ਫਸ[19] ਗਈ ਹੈ, ਕਿ ਕੇਵਲ ਝਖੜ[20] ਝਾਂਜੇ

ਵਾਸਿਆ[19] ॥ ਬਿਬਲੁ[20] ਝਾਗਿ[21] ਸਹਜਿ[22] ਪਰਗਾਸਿਆ[23] ॥ ੧ ॥ ਰਹਾਉ॥	only by wading through[21] the storm[20], it can be illumined[23] by gnosis[22]. Pause.	ਵਿਚੋਂ ਲੰਘ ਕੇ[21] ਹੀ, ਇਸ ਨੂੰ ਬ੍ਰਹਿਮ ਗਿਆਨ[22] ਦਾ ਪ੍ਰਕਾਸ਼[23] ਹੋ ਸਕਦਾ ਹੈ। ਠਹਿਰਾਉ।
ਬਿਖੁ[24] ਖਾਣਾ[25] ਬਿਖੁ ਬੋਲਣਾ[26] ਬਿਖੁ ਕੀ ਕਾਰ[27] ਕਮਾਇ[28] ॥	Men eat[25] poison[24], utter[26] poison and do[23] the deeds[27] of poison.	ਇਨਸਾਨ ਜ਼ਹਿਰ[24] ਖਾਂਦੇ[25] ਹਨ, ਜ਼ਹਿਰ ਬੋਲਦੇ[26] ਹਨ ਅਤੇ ਜ਼ਹਿਰ ਦੇ ਹੀ ਕੰਮ[27] ਕਰਦੇ[28] ਹਨ।
[29]ਜਮਦਰਿ[30] ਬਾਧੇ[31] ਮਾਰੀਅਹਿ[32] ਛੂਟਸਿ[33] ਸਾਚੈ ਨਾਇ[34] ॥੨॥	Bound down[31] at the death's[29] door[30], they are punished[32] It is only through the True Name[34], that they can be emancipated[33].	ਉਨ੍ਹਾਂ ਨੂੰ ਮੌਤ[29] ਦੇ ਬੂਹੇ[30] ਉਤੇ ਬੰਨ੍ਹ[31] ਕੇ ਸਜ਼ਾ ਮਿਲਦੀ[32] ਹੈ। ਕੇਵਲ ਸੱਚੇ[34] ਨਾਮ ਦੇ ਰਾਹੀਂ ਹੀ, ਉਹ ਬੰਦਖ਼ਲਾਸ[34] ਹੋ ਸਕਦੇ ਹਨ।
ਜਿਵ[35] ਆਇਆ[36] ਤਿਵ[37] ਜਾਇਸੀ[38] ਕੀਆ[39] ਲਿਖਿ[40] ਲੈ ਜਾਇ[41] ॥	As[35] man came[36], so[37] shall he depart[38]. His deeds[39] are writ[40] and they must accompany[41] him.	ਜਿਸ ਤਰ੍ਹਾਂ[35] ਬੰਦਾ ਆਇਆ[36] ਸੀ, ਉਸੇ ਤਰ੍ਹਾਂ[37] ਹੀ ਉਹ ਟੁਰ ਜਾਵੇਗਾ[38]। ਉਸ ਦੇ ਅਮਲ[39] ਲਿਖ ਲਏ[40] ਜਾਂਦੇ ਹਨ ਅਤੇ ਉਸ ਦੇ ਨਾਲ ਜਾਂਦੇ[41] ਹਨ।
ਮਨਮੁਖਿ[42] ਮੂਲੁ[43] ਗਵਾਇਆ[44] ਦਰਗਹ[45] ਮਿਲੈ ਸਜਾਇ[46] ॥੩॥	The egocentric[42] loses[44] even his capital[43] and is awarded punishment[46] in the Lord's court[45].	ਮਨਮਤੀਆ[42] ਆਪਣੀ ਅਸਲ ਪੂੰਜੀ[43] ਭੀ ਗੁਆ ਲੈਂਦਾ[44] ਹੈ ਅਤੇ ਉਸ ਨੂੰ ਸੁਆਮੀ ਦੇ ਦਰਬਾਰ[45] ਅੰਦਰ ਸਜ਼ਾ[46] ਮਿਲਦੀ ਹੈ।
ਜਗੁ[47] ਖੋਟੌ[48] ਸਚੁ[49] ਨਿਰਮਲੌ[50] ਗੁਰ ਸਬਦੀ[51] ਵੀਚਾਰਿ[52] ॥	The world[47] is unclean[48] and Immaculate[50] is the True Lord[49]. So, contemplate[52] thou Him, through the Guru's word[51].	ਸੰਸਾਰ[47] ਅਪਵਿੱਤਰ[48] ਹੈ ਅਤੇ ਪਾਵਨ ਪੁਨੀਤ[50] ਹੈ ਸੱਚਾ ਸੁਆਮੀ[49]। ਇਸ ਲਈ, ਤੂੰ, ਗੁਰਾਂ ਦੀ ਬਾਣੀ[51] ਰਾਹੀਂ, ਉਸ ਦਾ ਸਿਮਰਨ[52] ਕਰ।
ਤੇ[53] ਨਰ[54] ਵਿਰਲੇ[55] ਜਾਣੀਅਹਿ ਜਿਨ ਅੰਤਰਿ[56] ਗਿਆਨੁ[57] [58]ਮੁਰਾਰਿ[59] ॥ ੪॥	Rare[55] are known to be such[53] persons[54], within[56] whom is the gnosis[57] of God, the Enemy[59] of ego[58].	ਬਹੁਤ ਹੀ ਥੋੜੇ[55] ਐਹੋ ਜੇਹੇ[53] ਪੁਰਸ਼[54] ਜਾਣੇ ਜਾਂਦੇ ਹਨ, ਜਿਨ੍ਹਾਂ ਦੇ ਅੰਦਰ[56] ਹੰਕਾਰ[58] ਦੇ ਵੈਰੀ[59], ਹਰੀ ਦੀ ਗਿਆਤ[57] ਹੈ।
ਅਜਰੁ[60] ਜਰੈ[61] ਨੀਝਰੁ[62] ਝਰੈ[63] ਅਮਰ[64] ਅਨੰਦ[65] ਸਰੂਪ[66] ॥	Whosoever endures[61] the unendurable[60], for him, incessantly[62] trickles[63] the immortalising[64] Name-Nectar, the embodiment[69] of bliss[65].	ਜੋ ਕੋਈ ਭੀ ਅਸਹਿ[60] ਨੂੰ ਸਹਾਰਦਾ[61] ਹੈ, ਉਸ ਦੇ ਲਈ ਪ੍ਰਸੰਨਤਾ[65] ਸਰੂਪ[66], ਸੁਰਜੀਤ ਕਰਨ[64] ਵਾਲਾ ਨਾਮ-ਅੰਮ੍ਰਿਤ ਇਕ ਰਸ[62] ਟਪਕਦਾ[63] ਹੈ।
ਨਾਨਕੁ ਜਲ[67] ਕੌ[68] ਮੀਨੁ[69] ਸੈ[70] ਥੈ[71] ਭਾਵੈ[72] ਰਾਖਹੁ[73] ਪ੍ਰੀਤਿ[74] ॥੫॥੧੩॥	Nanak, as is the love of[68] fish[69] with[70] water[67], be Thou[71] pleased[72], O Lord, to enshrine[73] such a love[74] within me for Thee.	ਨਾਨਕ, ਜਿਸ ਤਰ੍ਹਾਂ ਦਾ ਪਿਆਰ ਮੱਛੀ[69] ਦਾ[68] ਪਾਣੀ[67] ਨਾਲ[70] ਹੈ, ਹੇ ਸੁਆਮੀ! ਤੂੰ[71] ਪ੍ਰਸੰਨ ਹੋ[72] ਆਪਣੇ ਲਈ, ਉਹੋ ਜੇਹਾ ਪਿਆਰ[74] ਮੇਰੇ ਅੰਦਰ ਅਸਥਾਪਨ[73] ਕਰ।
ਪ੍ਰਭਾਤੀ ਮਹਲਾ ੧ ॥	Parbhati Ist Guru.	ਪ੍ਰਭਾਤੀ ਪਹਿਲੀ ਪਾਤਿਸ਼ਾਹੀ।
ਗੀਤ[75] ਨਾਦ[76] ਹਰਖ[77]	The various[82] songs[75], tunes[76]	ਅਨੇਕਾਂ[82] ਗੀਤਾਂ[75], ਰਾਗਾਂ[76], ਖ਼ੁਸ਼ੀਆਂ[77], ਹੁਸ਼ਿਆਰੀਆਂ[78],

ਚਤੁਰਾਈ[78] ॥ ਰਹਸ[79] ਰੰਗ[80] ਫੁਰਮਾਇਸਿ[81] ਕਾਈ[82] ॥ ਪੈਨ੍ਣੁ[83] ਖਾਣਾ[84] ਚੀਤਿ[85] ਨ ਪਾਈ[86] ॥

pleasures[77], clevernesses[78], comforts[79], revelments[80], commands[81], robes[83] and relishes[84] find[86] no place within my mind[85].

ਆਰਾਮਾਂ[79], ਰੰਗ-ਰਲੀਆਂ[80], ਹੁਕਮਾਂ[81], ਪੁਸ਼ਾਕਾਂ[83] ਅਤੇ ਭੋਜਨਾਂ[84] ਨੂੰ ਮੇਰੇ ਮਨ[85] ਅੰਦਰ ਥਾਂ ਨਹੀਂ ਮਿਲਦੀ[86] ।

ਸਾਚੁ[87] ਸਹਜੁ[88] ਸੁਖੁ[89] ਨਾਮਿ ਵਸਾਈ[90] ॥੧॥

The true[87] poise[88] and peace[89] abide[90] in the Lord's Name.

ਸੱਚੀ[87] ਅਡੋਲਤਾ[88] ਅਤੇ ਆਰਾਮ[89] ਸਾਂਈਂ ਦੇ ਨਾਮ ਅੰਦਰ ਵਸਦੇ[90] ਹਨ ।

ਕਿਆ[91] ਜਾਨਾਂ[92] ਕਿਆ ਕਰੈ ਕਰਾਵੈ ॥

What[91] do I know[92] as to what the Lord does and causes to be done ?

ਮੈਂ ਕੀ[91] ਜਾਣਦਾ[92] ਹਾਂ, ਕਿ ਸੁਆਮੀ ਕੀ ਕਰਦਾ ਅਤੇ ਕਰਾਉਂਦਾ ਹੈ ?

ਨਾਮ ਬਿਨਾ ਤਨਿ[93] ਕਿਛੁ ਨ ਸੁਖਾਵੈ[94] ॥੧॥ਰਹਾਉ॥

Without the Lord's Name, naught is pleasing[94] to my body[93]. Pause.

ਪ੍ਰਭੂ ਦੇ ਨਾਮ ਦੇ ਬਗੈਰ, ਮੇਰੀ ਦੇਹ[93] ਨੂੰ ਕੁਝ ਭੀ ਚੰਗਾ[94] ਨਹੀਂ ਲਗਦਾ । ਠਹਿਰਾਉ ।

ਜੋਗ ਬਿਨੋਦ[95] ਸ੍ਵਾਦ[96] ਆਨੰਦਾ[97] ॥ ਮਤਿ[98] ਸਤ[99] ਭਾਇ[100] ਭਗਤਿ[2] [3]ਗੋਬਿੰਦਾ[4] ॥

Through true[99] love[100] and meditation[2] of the Lord[4] of the world[3], I have received, within my mind[98], all the joys[97] of Yoga, plays[95] and relishes[96].

ਸ੍ਰਿਸ਼ਟੀ[3] ਦੇ ਸੁਆਮੀ[4] ਦੀ ਸੱਚੀ[99] ਪ੍ਰੀਤ[100] ਅਤੇ ਬੰਦਗੀ[2] ਰਾਹੀਂ, ਆਪਣੇ ਮਨ[98] ਵਿਚ ਮੈਂ ਯੋਗਾਂ, ਖੇਲ, ਤਮਾਸ਼ਿਆਂ[95] ਅਤੇ ਸੁਆਦਾਂ[96] ਦੀਆਂ ਸਾਰੀਆਂ ਖੁਸ਼ੀਆਂ[97] ਪਾ ਲਈਆਂ ਹਨ ।

ਕੀਰਤਿ[5] ਕਰਮ[6] ਕਾਰ[7] ਨਿਜ ਸੰਦਾ[8] ॥

My own[8] affair[6] and avocation[7] is the Lord's praise[5],

ਮੇਰਾ ਨਿਜ[8] ਦਾ ਕੰਮ[6] ਤੇ ਕਾਰ-ਵਿਹਾਰ[7] ਸਾਂਈਂ ਦੀ ਸਿਫ਼ਤ-ਸਨਾ[5] ਹੈ ।

ਅੰਤਰਿ[9] ਰਵਤੋ[10] ਰਾਜ[12] [13]ਰਵਿੰਦਾ[14] ॥੨॥

Within my mind[9], contemplate[10] I, my Lord, the Illuminator[12] of the sun[13] and the moon[14].

ਆਪਣੇ ਹਿਰਦੇ[9] ਅੰਦਰ ਮੈਂ, ਸੂਰਜ[13] ਅਤੇ ਚੰਦ[14] ਦੇ ਪ੍ਰਕਾਸ਼ਕ[12] ਆਪਣੇ ਸੁਆਮੀ ਨੂੰ ਸਿਮਰਦਾ[10] ਹਾਂ ।

ਪ੍ਰਿਉ[15] ਪ੍ਰਿਉ[16] ਪ੍ਰੀਤਿ[17] ਪ੍ਰੇਮਿ[18] [19]ਉਰਧਾਰੀ[20] ॥

The love[17] of my dear[15] Beloved[16], I have lovingly[18] enshrined[20] within my mind[19].

ਆਪਣੇ ਪਿਆਰੇ[15] ਪ੍ਰੀਤਮ[16] ਦੀ ਪਿਰਹੜੀ[17], ਮੈਂ ਪਿਆਰ[18] ਨਾਲ ਆਪਣੇ ਹਿਰਦੇ[19] ਅੰਦਰ ਟਿਕਾਈ[20] ਹੋਈ ਹੈ ।

ਦੀਨਾ[21] ਨਾਥੁ[22] ਪੀਉ[23] ਬਨਵਾਰੀ[24] ॥

My spouse[23], the Lord of woods[24], is the Master[22] of the meek[21].

ਜੰਗਲਾਂ ਦਾ[24] ਸੁਆਮੀ, ਮੇਰਾ ਕੰਤ[23], ਮਸਕੀਨਾਂ[21] ਦਾ ਮਾਲਕ[22] ਹੈ ।

ਅਨਦਿਨੁ[25] ਨਾਮੁ ਦਾਨੁ[26] ਬ੍ਰਤਕਾਰੀ[27] ॥

Rememberance of the Name, night[25] and day, is my alms-giving[26] and fasting[27].

ਰੈਣ[25] ਅਤੇ ਦਿਹੁੰ ਨਾਮ ਦਾ ਸਿਮਰਨ ਕਰਨਾ ਹੀ ਮੇਰਾ ਦਾਨ-ਪੁੰਨ[26] ਕਰਨਾ ਅਤੇ ਵਰਤ[27]-ਰਖਣਾ ਹੈ ।

ਤ੍ਰਿਪਤ[28] ਤਰੰਗ[29] ਤਤੁ[30] ਬੀਚਾਰੀ[31] ॥੩॥

Deliberating[31] over the Lord's quintessence[30], I have been satiated[28] with the waves[29] of bliss.

ਸਾਂਈਂ ਦੇ ਜੌਹਰ[30] ਦੀ ਸੋਚ[31]-ਵਿਚਾਰ ਕਰਨ ਦੁਆਰਾ, ਮੈਂ ਖੁਸ਼ੀ ਦੀਆਂ ਲਹਿਰਾਂ[29] ਨਾਲ ਰਜ[28] ਗਿਆ ਹਾਂ ।

ਅਕਥੋ[32] ਕਥਉ[33] ਕਿਆ[34] ਮੈ ਜੋਰੁ[35] ॥

What[34] power[35] have I to utter[33] the Unutterable Lord[32] ?

ਅਕਹਿ[32] ਪ੍ਰਭੂ ਨੂੰ ਕਹਿਨ[33] ਦੀ ਮੇਰੇ ਵਿਚ ਕਿਹੜੀ[34] ਸੱਤਿਆ[35] ਹੈ ?

ਭਗਤਿ[36] ਕਰੀ ਕਰਾਇਹਿ ਮੋਰ[37] ॥

If Thou, O Lord, make me[37] worship, then alone can I worship[36] Thee.

ਜੇਕਰ ਤੂੰ; ਹੇ ਸੁਆਮੀ ! ਮੇਰੇ[37] ਕੋਲੋਂ ਪੂਜਾ ਕਰਵਾਵੇਂ, ਕੇਵਲ ਤਾਂ ਹੀ ਮੈਂ ਤੇਰੀ ਪੂਜਾ[36] ਕਰ ਸਕਦਾ ਹਾਂ ।

ਅੰਤਰਿ[38] ਵਸੈ[39] ਚੂਕੈ[40] ਮੈ[41] ਮੋਰ[42] ॥

If Thou abidest[39] within[38] me, then am I rid[40] of my egotism[41] and egoism[42].

ਜੇਕਰ ਤੂੰ ਮੇਰੇ ਅੰਦਰ[38] ਵਸ[39] ਜਾਵੇਂ, ਤਾਂ ਮੈਂ ਸਵੈ[41]-ਹੰਗਤਾ ਅਤੇ ਅਪਨਤ[42] ਤੋਂ ਖ਼ਲਾਸੀ[40] ਪਾ ਜਾਂਦਾ ਹਾਂ ।

ਕਿਸੁ[43] ਸੇਵੀ[44] ਦੂਜਾ[45] ਨਹੀ ਹੋਰੁ[46] ॥੪॥

Whom[43] else should I serve[44], O my Lord ? Without Thee, there is not any[45] other[46].

ਮੈਂ ਹੋਰ ਕੀਹਦੀ[43] ਸੇਵਾ[44] ਕਰਾਂ, ਹੇ ਮੇਰੇ ਸੁਆਮੀ ! ਤੇਰੇ ਬਗੈਰ ਹੋਰਸ[46] ਕੋਈ[45] ਹੈ ਹੀ ਨਹੀਂ ।

ਗੁਰ ਕਾ ਸਬਦੁ[47] [48]ਮਹਾ-ਰਸੁ[49] ਮੀਠਾ[50] ॥

Sweet[50] and supreme[48] elixir[49] is the Guru's word[47].

ਮਿਠੜੀ[50] ਅਤੇ ਪਰਮ[48] ਅੰਮ੍ਰਿਤ[49] ਹੈ ਗੁਰਾਂ ਦੀ ਬਾਣੀ[47] ।

ਐਸਾ[51] ਅੰਮ੍ਰਿਤ[54] ਅੰਤਰਿ[52] ਡੀਠਾ[53] ॥

Through such[51] Nectar[54], I have seen[53] my Lord within[52] me,

ਐਹੋ[51] ਜੇਹੇ ਆਬਿ[54]-ਹਿਯਾਤ ਦੇ ਰਾਹੀਂ, ਮੈਂ ਆਪਣੇ ਪ੍ਰਭੂ ਨੂੰ ਆਪਣੇ ਅੰਦਰ[52] ਹੀ ਵੇਖ ਲਿਆ[53] ਹੈ ।

ਜਿਨਿ[59] ਚਾਖਿਆ[55] ਪੂਰਾ[56] ਪਦੁ[57] ਹੋਇ[58] ॥ ਨਾਨਕ ਧ੍ਰਾਪਿਓ[60] ਤਨਿ[61] ਸੁਖੁ[62] ਹੋਇ ॥੫॥੧੪॥

Whosoever[59] tastes[55] this Nectar, he attains[58] unto the perfect[56] status[57]. He is satiated[60], O Nanak, and his body[61] is comforted[62].

ਜੋ ਕੋਈ[59] ਭੀ ਇਸ ਆਬਿ-ਹਿਯਾਤ ਨੂੰ ਚਖਦਾ[55] ਹੈ, ਉਹ ਪੂਰਨ[56] ਮਰਤਬੇ[57] ਨੂੰ ਪਾ[58] ਲੈਂਦਾ ਹੈ । ਉਹ ਰੱਜ[60] ਜਾਂਦਾ ਹੈ, ਹੇ ਨਾਨਕ ! ਅਤੇ ਉਸ ਦੀ ਦੇਹ[61] ਸੁਖੀ[62] ਥੀ ਵੰਞਦੀ ਹੈ ।

ਪ੍ਰਭਾਤੀ ਮਹਲਾ ੧ ॥

Parbhati Ist Guru.

ਪ੍ਰਭਾਤੀ ਪਹਿਲੀ ਪਾਤਿਸ਼ਾਹੀ ।

ਅੰਤਰਿ[63] ਦੇਖਿ ਸਬਦਿ[64] ਮਨੁ ਮਾਨਿਆ[65] ਅਵਰੁ[66] ਨ ਰਾਂਗਨਹਾਰਾ[67] ॥

Seeing the Lord[64] within[63] myself, my mind is pleased[65]. None else[66] can imbue[67] my soul.

ਆਪਣੇ ਅੰਦਰ[63] ਸੁਆਮੀ[63] ਨੂੰ ਵੇਖ ਕੇ ਮੇਰਾ ਚਿਤ ਪ੍ਰਸੰਨ[65] ਹੋ ਗਿਆ ਹੈ । ਹੋਰ[66] ਕੋਈ ਮੇਰੀ ਜਿੰਦੜੀ ਨੂੰ ਰੰਗ[67] ਨਹੀਂ ਸਕਦਾ ।

[68]ਅਹਿਨਿਸਿ[69] ਜੀਆ ਦੇਖਿ ਸਮਾਲੇ[70] ਤਿਸ[71] ਹੀ ਕੀ ਸਰਕਾਰਾ[72] ॥੧॥

Day[68] and night[69], He watches and looks efter[70] His beings. He[71] alone is the Sovereign[72] of all.

ਦਿਹੁੰ[68] ਅਤੇ ਰੈਣ[69] ਉਹ ਆਪਣੇ ਜੀਵਾਂ ਨੂੰ ਵੇਖਦਾ ਅਤੇ ਉਨ੍ਹਾਂ ਦੀ ਸੰਭਾਲ[70] ਕਰਦਾ ਹੈ । ਕੇਵਲ ਉਹ[71] ਹੀ ਸਾਰਿਆਂ ਦਾ ਸੁਲਤਾਨ[72] ਹੈ ।

ਮੇਰਾ ਪ੍ਰਭੁ ਰਾਂਗਿ[73] ਘਣੌ[74] ਅਤਿ[75] ਰੂੜੌ[76] ॥

My Lord is dyed[73] in an exceedingly[75] great[74] beauty[76].

ਮੇਰਾ ਸੁਆਮੀ ਅੰਤਾਂ[75] ਦੀ ਸੁੰਦਰਤਾ[76] ਦੀ ਬਹੁਤਾਤ[74] ਅੰਦਰ ਰੰਗਿਆ[73] ਹੋਇਆ ਹੈ ।

ਦੀਨ[77] ਦਇਆਲੁ[78] ਪ੍ਰੀਤਮ[79] ਮਨਮੋਹਨੁ[80] [81]ਅਤਿਰਸ[82] ਲਾਲ[83] ਸਗੂੜੌ[84] ॥੧॥ਰਹਾਉ॥

My Soul-Charmer[80] Beloved[79] is merciful[78] to the meek[77], very[81] sweet[82] and of deep[84] red[83] hue. Pause.

ਮੇਰੀ ਜਿੰਦੜੀ ਨੂੰ[80] ਮੋਹਿਤ ਕਰ ਲੈਣ ਵਾਲਾ ਦਿਲਬਰ[79], ਮਸਕੀਨਾਂ[77] ਤੇ ਮਿਹਰਬਾਨ[78], ਬਹੁਤ[81] ਹੀ ਰਸੀਲਾ[82] ਅਤੇ ਗੂੜ੍ਹੇ[84] ਸੂਹੇ[83] ਰੰਗ ਵਾਲਾ ਹੈ । ਠਹਿਰਾਉ ।

ਊਪਰਿ[85] ਕੂਪੁ[86] ਗਗਨ[87] ਪਨਿਹਾਰੀ[88] ਅੰਮ੍ਰਿਤੁ[89] ਪੀਵਣਹਾਰਾ[90] ॥

High up[85] in the tenth gate[87] is the well[86] of Nectar[89]. My mind draws[88] out and indrinks[90] that Nectar.

ਉਤੇ[85] ਦਸਮ ਦੁਆਰ[87] ਵਿਚ ਆਬਿ-ਹਿਯਾਤ[89] ਦਾ ਕੂੰਆਂ[86] ਹੈ । ਮੇਰਾ ਮਨੂਆ ਉਸ ਆਬਿ-ਹਿਯਾਤ ਨੂੰ ਕੱਢ[88] ਕੇ ਪਾਨ[90] ਕਰਦਾ ਹੈ ।

੧੩੩੨

ਜਿਸ ਕੀ ਰਚਨਾ[91] ਸੋ[92] ਬਿਧਿ[93] ਜਾਣੈ ਗੁਰਮੁਖਿ[94] ਗਿਆਨੁ[95] ਵੀਚਾਰਾ[96] ॥ ੨॥

By the Guru's grace[94], I have realised[96] this wisdom[95] that He[92] alone, to whom the creation[91] belongs, knows its secret[93].

ਗੁਰਾਂ ਦੀ ਦਇਆ[94] ਦੁਆਰਾ, ਮੈਂ ਇਹ ਸਿਆਣਪ[95] ਅਨੁਭਵ[96] ਕਰ ਲਈ ਹੈ ਕਿ ਜਿਸ ਦੀ ਇਹ ਖ਼ਲਕਤ[91] ਹੈ ਕੇਵਲ ਉਹ ਹੀ ਇਸ ਦੀ ਰਮਜ਼[93] ਨੂੰ ਜਾਣਦਾ ਹੈ ।

ਪਰਸੀ[97] ਕਿਰਣਿ[98] ਰਸਿ[99] ਕਮਲ[100] ਬਿਗਾਸੇ[2] ਸਸਿ[3] ਘਰਿ[4] ਸੂਰੁ[5] ਸਮਾਇਆ[6] ॥

When the ray[98] of gnosis spreads[97] across the heart lotus[100], it joyfully[99] blossoms[2] and in the house[4] of the moon[3] enters[6] the sun[5]

ਜਦ ਗਿਆਨ ਦੀ ਸੁਆ[98] ਦਿਲ ਕੰਵਲ[100] ਵਿਚ ਫ਼ੈਲ ਜਾਂਦੀ[97] ਹੈ, ਤਾਂ ਇਹ ਖ਼ੁਸ਼ੀ[99] ਨਾਲ ਖਿੜ ਜਾਂਦਾ[2] ਹੈ ਅਤੇ ਚੰਦ[3] ਦੇ ਗ੍ਰਿਹ ਅੰਦਰ ਸੂਰਜ[5] ਆ ਜਾਂਦਾ[6] ਹੈ ।

ਕਾਲੁ[7] ਬਿਧੁੰਸਿ[8] ਮਨਸਾ[9] ਮਨਿ[10] ਮਾਰੀ[12] ਗੁਰ ਪ੍ਰਸਾਦਿ[13] ਪ੍ਰਭੁ ਪਾਇਆ ॥ ੩॥

Attaining unto the Lord, by the Guru's grace[13], I have overcome[8] death[7] and nipped[12] my desire[9] in the very mind[10].

ਗੁਰਾਂ ਦੀ ਦਇਆ[13] ਦੁਆਰਾ, ਪ੍ਰਭੂ ਨੂੰ ਪ੍ਰਾਪਤ ਹੋ, ਮੈਂ ਮੌਤ ਤੇ ਕਾਬੂ ਪਾ ਲਿਆ[8] ਹੈ ਅਤੇ ਆਪਣੀ ਖ਼ਾਹਿਸ਼[9] ਨੂੰ ਚਿੱਤ[10] ਅੰਦਰ ਹੀ ਮੇਟ ਛਡਿਆ[12] ਹੈ ।

ਅਤਿ[14] ਰਸਿ[15] ਰੰਗਿ[16] ਚਲੂਲੈ[17] ਰਾਤੀ[18] ਦੂਜਾ[19] ਰੰਗੁ[20] ਨ ਕੋਈ ॥

I am now imbued[18] with the deep red[17] colour[16] of the Lord's supreme[14] love[15] and am rid of other[19] hues[20].

ਮੈਂ ਹੁਣ ਪ੍ਰਭੂ ਦੇ ਪਰਮ[14] ਪ੍ਰੇਮ[15] ਦੀ ਗੂੜ੍ਹੀ ਲਾਲ[17] ਰੰਗਤ[16] ਨਾਲ ਰੰਗਿਆ ਗਿਆ[18] ਹਾਂ ਅਤੇ ਹੋਰਨਾਂ[19] ਭਾਹਾਂ[20] ਤੋਂ ਖ਼ਲਾਸੀ ਪਾ ਗਿਆ ਹਾਂ ।

ਨਾਨਕ ਰਸਨਿ[21] ਰਸਾਏ[22] ਰਾਤੇ[23] ਰਵਿ ਰਹਿਆ[24] ਪ੍ਰਭੁ ਸੋਈ[25] ॥੪॥੧੫॥

Nanak, my tongue[21] is imbued with[23] the relish[22] of that[25] Lord, who is prevading[24] all over.

ਨਾਨਕ, ਮੇਰੀ ਜੀਭਾ[21] ਉਸ[25] ਸੁਆਮੀ ਦੇ ਜ਼ਾਇਕੇ[22] ਨਾਲ ਰੰਗੀ ਹੋਈ[23] ਹੈ, ਜੋ ਸਾਰੇ ਹੀ ਵਿਆਪਕ ਹੋ ਰਿਹਾ[24] ਹੈ ।

ਪ੍ਰਭਾਤੀ ਮਹਲਾ ੧ ॥

Parbhati Ist Guru.

ਪ੍ਰਭਾਤੀ ਪਹਿਲੀ ਪਾਤਿਸ਼ਾਹੀ ।

ਬਾਰਹ[26] ਮਹਿ[27] ਰਾਵਲ[28] ਖਪਿ ਜਾਵਹਿ[29] ਚਹੁ[30] ਛਿਅ[31] ਮਹਿ ਸੰਨਿਆਸੀ[32]॥

Divided in[29] twelve[26] sects, the yogis[28] are ruind[29] and so are the four[30] and six[31] sects of sanyasis[32].

ਬਾਰਾਂ ਪੰਥ ਅੰਦਰ[27] ਵੰਡੇ ਯੋਗੀ[28] ਬਰਬਾਦ ਹੋ ਜਾਂਦੇ[29] ਹਨ ਅਤੇ ਇਸੇ ਤਰ੍ਹਾਂ ਹੀ ਵੱਡੇ ਤਿਆਗੀ[32] ਜੋ ਚਾਰ[30] ਜਾਂ ਛੇਆਂ[31] ਸੰਪ੍ਰਦਾਵਾਂ ਵਿਚ ਵੰਡੇ ਹੋਏ ਹਨ ।

ਜੋਗੀ[33] ਕਾਪੜੀਆ[34] ਸਿਰ ਖੂਥੇ[35] ਬਿਨੁ ਸਬਦੈ[36] ਗਲਿ[37] ਫਾਸੀ[38] ॥੧॥

Similarly, the disciples of Gorakh[33], the mendicants in tatters[34] and the plucked-headed ones[35] are loaded with the halter[38]around their necks[37], bereft as they are, of the Lord's Name[36].

ਇਸੇ ਤਰ੍ਹਾਂ ਸੁਆਮੀ ਦੇ ਨਾਮ[36] ਦੇ ਬਗੈਰ, ਗੋਰਖ[33] ਦੇ ਚੇਲੇ, ਗੋਦੜੀ ਵਾਲੇ[34] ਫ਼ਕੀਰ ਅਤੇ ਮੂੰਡ-ਨਚਾਉਣ ਵਾਲਿਆਂ ਦੀ ਗਰਦਨ[37] ਦੁਆਲੇ ਫਾਹੀ[38] ਪੈਂਦੀ ਹੈ ।

ਸਬਦਿ ਰਤੇ[39] ਪੂਰੇ[40] ਬੈਰਾਗੀ[41] ॥

Perfectly[40] detached[41] are they, who are imbued[39] with the Lord's Name.

ਪੂਰਨ[40] ਵਿਕਰਤ[41] ਹਨ ਉਹ ਜੋ ਪ੍ਰਭੂ ਦੇ ਨਾਮ ਨਾਲ ਰੰਗੇ ਹੋਏ[39] ਹਨ ।

[42]ਅਉਹਠਿ[43] ਹਸਤ[44] ਮਹਿ[45] ਭੀਖਿਆ[46] ਜਾਚੀ[47] ਏਕ[48] ਭਾਇ[49] [50]ਲਿਵਲਾਗੀ[51] ॥੧॥ ਰਹਾਉ॥

And[42] embracing[51] love[49] and affection[50] for the One Lord[48], they seck[37] to obtain the alms[46] of His Name in[45] their mind's[43] hand[44]. Pause.

ਅਤੇ[42] ਇਕ ਪ੍ਰਭੂ[48] ਦੇ ਨਾਲ ਪ੍ਰੀਤ[49] ਤੇ ਪਿਰਹੜੀ[50] ਪਾ[51] ਉਹ ਆਪਣੇ ਮਨ[43] ਦੇ ਹੱਥ[44] ਵਿਚ[45] ਉਸ ਦੇ ਨਾਮ ਦੀ ਖ਼ੈਰ[46] ਪ੍ਰਾਪਤ ਕਰਨ ਦੀ ਯਾਚਨਾ ਕਰਦੇ[47] ਹਨ । ਠਹਿਰਾਉ ।

ਬ੍ਰਹਮਣ ਵਾਦੁ[56] ਪੜਹਿ ਕਰਿ[53] ਕਿਰਿਆ[54] ਕਰਣੀ[55] ਕਰਮ[56] ਕਰਾਏ[57] ॥

The Brahmans read about strifes[52], do[53] the ceremonial deeds[54] and daily routine[55] and make others perform[57] rituals[56].

ਬ੍ਰਹਮਣ ਬਖੇੜਿਆਂ[52] ਬਾਰੇ ਪੜ੍ਹਦੇ ਹਨ, ਰਸਮੀ ਸੰਸਕਾਰ[54] ਅਤੇ ਨਿਤਕਰਮ[55] ਕਰਦੇ[53] ਹਨ ਅਤੇ ਹੋਰਨਾਂ ਪਾਸੋਂ ਕਰਮਕਾਂਡ[56] ਕਰਵਾਉਂਦੇ[57] ਹਨ ।

ਬਿਨੁ ਬੂਝੇ[58] ਕਿਛੁ ਸੂਝੈ[59] ਨਾਹੀ ਮਨਮੁਖੁ[60] ਵਿਛੁੜਿ[62] ਦੁਖੁ[63] ਪਾਏ[64] ॥੨॥

But without knowing[58] the Lord, those egocentrics[60] understand[59] naught and, separated[62] from God, they suffer[64] pain[63].

ਪ੍ਰੰਤੂ ਸੁਆਮੀ ਨੂੰ ਜਾਣਨ[58] ਦੇ ਬਗੈਰ, ਉਨ੍ਹਾਂ ਮਨ-ਮਤੀਆਂ[60] ਨੂੰ ਕੁਝ ਭੀ ਸਮਝਦੇ[59] ਨਹੀਂ ਅਤੇ ਵਾਹਿਗੁਰੂ ਨਾਲੋਂ ਜੁਦਾ[62] ਹੋ ਉਹ ਤਕਲੀਫ[63] ਉਠਾਉਂਦੇ[64] ਹਨ ।

ਸਬਦਿ[65] ਮਿਲੇ[66] ਸੇ[67] ਸੂਚਾਚਾਰੀ[68] ਸਾਚੀ ਦਰਗਹ[69] ਮਾਨੇ[70] ॥

They[67] alone, who are blessed[66] with the Guru's word[65] are immaculate[68] and are approved[70] in the True court[69].

ਕੇਵਲ ਉਹ[67] ਹੀ ਜੋ ਗੁਰਾਂ ਦੀ ਬਾਣੀ[65] ਨੂੰ ਪ੍ਰਾਪਤ[66] ਹੋਏ ਹਨ, ਪਵਿੱਤਰ[68] ਹਨ ਅਤੇ ਸੱਚੇ ਦਰਬਾਰ[69] ਅੰਦਰ ਪ੍ਰਮਾਣੀਕ[70] ਹੁੰਦੇ ਹਨ ।

ਅਨਦਿਨੁ[71] ਨਾਮਿ ਰਤਨਿ[72] ਲਿਵਲਾਗੇ[73] ਜੁਗਿ ਜੁਗਿ[74] ਸਾਚਿ[75] ਸਮਾਨੇ[76] ॥੩॥

Night[71] and day, they remain attuued[73] to the jewel[72] of the Name and remain merged[76] in the True Lord[75] all the ages through[74].

ਰੈਣ[71] ਅਤੇ ਦਿਹੁੰ ਉਨ੍ਹਾਂ ਦੀ ਨਾਮ ਦੇ ਹੀਰੇ[72] ਨਾਲ ਪ੍ਰੀਤ[73] ਲੱਗੀ ਰਹਿੰਦੀ ਹੈ ਅਤੇ ਉਹ ਸਾਰਿਆਂ ਯੁਗਾਂ[74] ਅੰਦਰ ਸੱਚੇ[75] ਸਾਂਈਂ ਵਿਚ ਲੀਨ[76] ਹੋਏ ਰਹਿੰਦੇ ਹਨ ।

ਸਗਲੇ[77] ਕਰਮ[78] ਧਰਮ[79] ਸੁਚਿ[80] ਸੰਜਮ[81] ਜਪ[82] ਤਪ[83] ਤੀਰਥ[84] ਸਬਦਿ[85] ਵਸੇ[86] ॥

All[77] the virtuous deeds[78], religious[79], acts,purifications[80],self-mortifications[81], devotions[82], austerities[83] and pilgrimages to the holies[84] abide[86] in the Lord's Name[85].

ਸਾਰੇ[77] ਨੇਕ ਅਮਲ[78], ਮਜ਼ਹਬ[79], ਸੁਚਤਾਈਆਂ[80], ਸਵੈ-ਰਿਆਜ਼ਤਾਂ[81], ਅਨੁਰਾਗ[82], ਤਪਸਿਆਵਾਂ[83] ਤੇ ਧਰਮ[84] ਅਸਥਾਨਾਂ ਦੀਆਂ ਯਾਤ੍ਰਾਵਾਂ, ਪ੍ਰਭੂ ਦੇ ਨਾਮ[85] ਅੰਦਰ ਨਿਵਾਸ[86] ਰਖਦੇ ਹਨ ।

ਨਾਨਕ ਸਤਿਗੁਰ ਮਿਲੈ[87] ਮਿਲਾਇਆ[88] ਦੂਖ[89] ਪਰਾਛਤ[90] ਕਾਲ[91] ਨਸੇ[92] ॥੪॥੧੬॥

Nanak, if the True Guru is met[87], he unites[88] man with the Lord and then sorrow[89], sin[90] and death[91] flee away[92].

ਨਾਨਕ ਜੇ ਸੱਚੇ ਗੁਰੂ ਜੀ ਮਿਲ[87] ਪੈਣ, ਉਹ ਬੰਦੇ ਨੂੰ ਹਰੀ ਨਾਲ ਮਿਲਾ[88] ਦਿੰਦੇ ਹਨ ਅਤੇ ਫਿਰ ਪੀੜ[89], ਪਾਪ[90], ਤੇ ਮੌਤ[91] ਦੌੜ[92] ਜਾਂਦੇ ਹਨ ।

ਪ੍ਰਭਾਤੀ ਮਹਲਾ ੧ ॥

Parbhati Ist Guru.

ਪ੍ਰਭਾਤੀ ਪਹਿਲੀ ਪਾਤਿਸ਼ਾਹੀ ।

ਸੰਤਾ ਕੀ ਰੇਣੂ[93] ਸਾਧ ਜਨ[94] ਸੰਗਤਿ[95] ਹਰਿ ਕੀਰਤਿ[96] ਤਰੁ[97] ਤਾਰੀ[98] ॥

The dust[93] of the saints' feet, the association[95] of the pious persons[94] and the Lord's praises[96], are a boat[98] to cross[97] the world stream.

ਸਾਧੂਆਂ ਦੇ ਪੈਰਾਂ ਦੀ ਧੂੜ[93], ਪਵਿੱਤਰ[94] ਪੁਰਸ਼ਾਂ ਦਾ ਮੇਲ-ਮਿਲਾਪ[95] ਅਤੇ ਸੁਆਮੀ ਦੀ ਸਿਫ਼ਤਸਨਾ[96], ਸੰਸਾਰ ਦੀ ਨਦੀ ਤੋਂ ਪਾਰ[97] ਹੋਣ ਲਈ ਇਕ ਬੇੜੀ[98] ਹਨ ।

ਕਹਾ[99] ਕਰੈ[100] ਬਪੁਰਾ[2] ਜਮੁ[3] ਡਰਪੈ[4] ਗੁਰਮੁਖਿ[5] ਰਿਦੈ[6] ਮੁਰਾਰੀ[8] ॥੧॥

What[99] can the poor[2] and awe-stricken[4] Yama[3] do[100] unto the Guru-ward[5], within whose mind[6], God, the Enemy[8] of ego[7], abides ?

ਗ਼ਰੀਬੜਾ[2]ਅਤੇ ਡਰਿਆ[4] ਹੋਇਆ ਯਮ[3] ਗੁਰੂ[5]-ਅਨੁਸਾਰੀ ਨੂੰ ਕੀ[99] ਕਰ[100] ਸਕਦਾ ਹੈ, ਜਿਸ ਦੇ ਮਨ[6] ਅੰਦਰ ਹੰਕਾਰ[7] ਦਾ ਵੈਰੀ[8] ਵਾਹਿਗੁਰੂ ਵਸਦਾ ਹੈ ?

ਜਲਿ[9] ਜਾਉ ਜੀਵਨੁ[10] ਨਾਮ ਬਿਨਾ[12] ॥

May the life[10], bereft[12] of the Lord's Name, be burnt down[9].

ਰੱਬ ਕਰੇ ਸੁਆਮੀ ਦੇ ਨਾਮ ਤੋਂ ਸੱਖਣੀ[12] ਜ਼ਿੰਦਗੀ[10] ਸੜ[9] ਬਲ ਜਾਵੇ ।

ਹਰਿ ਜਪਿ[13] ਜਾਪੁ[14] ਜਪਉ[15] ਜਪਮਾਲੀ[16]

By the Guru's grace[17], contemplate[13] and remember[14] I my God, and tell[15]

ਗੁਰਾਂ ਦੀ ਦਇਆ[17] ਦੁਆਰਾ, ਮੈਂ ਆਪਣੇ ਵਾਹਿਗੁਰੂ ਨੂੰ ਅਰਾਧਦਾ[13] ਤੇ ਸਿਮਰਦਾ[14] ਹਾਂ ਅਤੇ ਉਸ ਦੇ ਨਾਮ ਦੀ

ਗੁਰਮੁਖਿ[17] ਆਵੈ[18] ਸਾਦੁ[19] ਮਨਾ[20] ॥੧॥ਰਹਾਉ॥	the beads of the rosary[16] of His Name and my mind[20] enjoys[18] His flavour[19]. Pause.	ਮਾਲ[16] ਫੇਰਦਾ[15] ਹਾਂ ਅਤੇ ਮੇਰਾ ਮਨੂਆ[20] ਉਸ ਦੇ ਸੁਆਦ[19] ਨੂੰ ਮਾਣਦਾ[18] ਹੈ । ਠਹਿਰਾਉ ।
ਗੁਰ ਉਪਦੇਸ[21] ਸਾਚੁ[22] ਸੁਖੁ ਜਾਕਉ[23] ਕਿਆ[24] ਤਿਸੁ[27] ਉਪਮਾ[25] ਕਹੀਐ[26] ॥	Whosoever[23], by the Guru's instructions[21], is blessed with True bliss[22], how[34] can I narrate[26] his[27] glory[25] ?	ਜਿਸ[24] ਕਿਸੇ ਨੂੰ ਗੁਰਾਂ ਦੀ ਸਿਖਿਆ[21] ਦੁਆਰਾ ਸੱਚੀ[22] ਖ਼ੁਸ਼ੀ ਪ੍ਰਾਪਤ ਹੋਈ ਹੈ, ਉਸ[27] ਦੀ ਪ੍ਰਭਤਾ[25] ਮੈਂ ਕੀ[24] ਵਰਣਨ[26] ਕਰ ਸਕਦਾ ਹਾਂ ?
ਲਾਲ[28] ਜਵੇਹਰ[29] ਰਤਨ[30] ਪਦਾਰਥ[31] ਖੋਜਤ[32] ਗੁਰਮੁਖਿ[33] ਲਹੀਐ[34] ॥੨॥	Searching[32] by the Guru's grace[33], one finds[34] the ruby[28], jewel[29] and emerald[30] like wealth[31] of the Lord's Name.	ਗੁਰਾਂ ਦੀ ਦਇਆ[33] ਦੁਆਰਾ ਖੋਜਭਾਲ[32] ਕਰਕੇ ਜੀਵ[29] ਹੀਰੇ, ਜੁਵੇਹਰ[29] ਅਤੇ ਮਾਣਕ[30] ਵਰਗੀ ਸਾਂਈਂ ਦੇ ਨਾਮ ਦੀ ਦੌਲਤ[31] ਨੂੰ ਲੱਭ[34] ਲੈਂਦਾ ਹੈ ।
ਚੀਨੈ[35] ਗਿਆਨੁ[36] ਧਿਆਨੁ[37] ਧਨੁ[38] ਸਾਚੋ ਏਕ ਸਬਦਿ[39] ਲਿਵ ਲਾਵੈ[40] ॥	The mortal should rest his mind[35] on the treasures[38] of true gnosis[36] and meditation[37] and ought to remain attuned[40] to the One Lord's holy word[39].	ਪ੍ਰਾਣੀ ਨੂੰ ਬ੍ਰਹਮ ਵੀਚਾਰ[36] ਅਤੇ ਸਿਮਰਨ[37] ਦੇ ਖ਼ਜ਼ਾਨੇ[38] ਨਾਲ ਆਪਣਾ ਮਨ[35] ਲਾਉਣਾ ਅਤੇ ਇਕ ਪ੍ਰਭੂ ਦੀ ਗੁਰਬਾਣੀ[39] ਨਾਲ ਪਿਆਰ[40] ਪਾਉਣਾ ਉਚਿਤ ਹੈ ।
ਨਿਰਾਲੰਬੁ[41] ਨਿਰਹਾਰੁ[42] ਨਿਹਕੇਵਲੁ[43] ਨਿਰਭਉ[44] ਤਾੜੀ[45] ਲਾਵੈ ॥੩॥	He should remain tranced[45] in the immaculate[43] Lord, who is self-dependent[41] and sans any hunger[42] and fear[44].	ਉਸ ਨੂੰ ਖ਼ੁਦ-ਮੁਮਤਿਆਰ[41], ਖ਼ੁਧਿਆ-ਰਹਿਤ[42], ਪਾਵਨ[43] ਪੁਨੀਤ ਅਤੇ ਡਰ[44]-ਵਿਹੂਣ ਪ੍ਰਭੂ ਅੰਦਰ ਸਮਾਧੀ[45] ਲਾਉਣੀ ਚਾਹੀਦੀ ਹੈ ।
ਸਾਇਰ[46] ਸਪਤ[47] ਭਰੇ[48] ਜਲ[49] ਨਿਰਮਲਿ[50] ਉਲਟੀ[51] ਨਾਵ[52] ਤਰਾਵੈ[53]॥	His seven[47] seas[46] are then filled[48] with the immaculate[50] water[49] of the Name and the inverted[51] boat[52] of his mind upturns and floats across[53].	ਉਸ ਦੇ ਸੱਤੇ[47] ਸਮੁੰਦਰ[46], ਤਦ ਨਾਮ ਦੇ ਪਵਿੱਤਰ[50] ਪਾਣੀ[49] ਨਾਲ ਪਰੀਪੂਰਨ[48] ਹੋ ਜਾਂਦੇ ਹਨ ਅਤੇ ਉਸ ਦੇ ਮਨ ਦੀ ਮੂਧੀ[51] ਹੋਈ ਹੋਈ ਬੇੜੀ[52] ਸਿੱਧੀ ਹੋ ਪਾਰ[53] ਲੱਗ ਜਾਂਦੀ ਹੈ ।
ਬਾਹਰਿ[54] ਜਾਤੋ ਠਾਕਿ ਰਹਾਵੈ[55] ਗੁਰਮੁਖਿ[56] ਸਹਜਿ[57] ਸਮਾਵੈ[58] ॥੪॥	His outgoing[64] mind, he stops and stays[55] and by the Guru's grace[56], merges[58] he in the Lord[57].	ਆਪਣੇ ਬਾਹਰ ਜਾਂਦੇ[54] ਹੋਏ ਮਨ ਨੂੰ ਉਹ ਰੋਕ ਕੇ ਰਖਦਾ ਹੈ ਤੇ ਗੁਰਾਂ ਦੀ ਦਇਆ[56] ਦੁਆਰਾ ਉਹ ਸਾਂਈਂ[57] ਅੰਦਰ ਲੀਨ[58] ਹੋ ਜਾਂਦਾ ਹੈ ।
ਸੋ[59] ਗਿਰਹੀ[60] ਸੋ ਦਾਸੁ[61] ਉਦਾਸੀ[62] ਜਿਨਿ ਗੁਰਮੁਖਿ[63] ਆਪੁ[64] ਪਛਾਨਿਆ[65] ॥	He[59] alone is the householder[60] and he alone the Lord's slave[61] and an ascetic[62], who, through the Guru[63], knows[65] his-self[64].	ਕੇਵਲ ਉਹ[59] ਹੀ ਘਰਬਾਰੀ[60] ਹੈ ਅਤੇ ਕੇਵਲ ਉਹ ਹੀ ਪ੍ਰਭੂ ਦਾ ਗੋਲਾ[61] ਅਤੇ ਵਿਰਕਤ[62] ਜੋ ਗੁਰਾਂ ਦੇ ਰਾਹੀਂ[63] ਆਪਣੇ[64] ਆਪ ਨੂੰ ਜਾਣ[65] ਲੈਂਦਾ ਹੈ ।
ਨਾਨਕ ਕਹੈ ਅਵਰੁ ਨਹੀ ਦੂਜਾ ਸਾਚ ਸਬਦਿ[66] ਮਨੁ[67] ਮਾਨਿਆ[68] ॥੫॥ ੧੭॥	Says Nanak, he, whose mind[67] is propitiated[68] with the True Name[66], sees not another but the Lord.	ਗੁਰੂ ਜੀ ਆਖਦੇ ਹਨ, ਜਿਸ ਦਾ ਚਿਤ[67] ਸੱਚੇ ਨਾਮ[66] ਨਾਲ ਤ੍ਰਿਪਤ[68] ਥੀ ਗਿਆ ਹੈ, ਉਹ ਸੁਆਮੀ ਦੇ ਬਗ਼ੈਰ ਹੋਰ ਕਿਸੇ ਨੂੰ ਨਹੀਂ ਦੇਖਦਾ ।

ਰਾਗੁ ਪ੍ਰਭਾਤੀ ਮਹਲਾ ੩ ਚਉਪਦੇ	Rag Parbhati 3rd Guru Chaupadas	ਰਾਗੁ ਪ੍ਰਭਾਤੀ ਤੀਜੀ ਪਾਤਿਸ਼ਾਹੀ ਚਉਪਦੁ
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, is He obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਗੁਰਮੁਖਿ[69] ਵਿਰਲਾ[70] ਕੋਈ ਬੂਝੈ[71] ਸਬਦੇ[72] ਰਹਿਆ ਸਮਾਈ[73] ॥	Some rare one[70] realise[71], by the Guru's grace[69], that the Lord is contained[73] in the Guru's word[72].	ਗੁਰਾਂ ਦੀ ਰਹਿਮਤ[69] ਸਦਕਾ ਕੋਈ ਟਾਵਾਂਟੱਲਾ[70] ਹੀ ਅਨੁਭਵ[71] ਕਰਦਾ ਹੈ ਕਿ ਪ੍ਰਭੂ ਗੁਰਬਾਣੀ[72] ਅੰਦਰ ਰਮਿਆ[73] ਹੋਇਆ ਹੈ।
ਨਾਮਿ ਰਤੇ[74] ਸਦਾ[75] ਸੁਖੁ ਪਾਵੈ ਸਾਚਿ[76] ਰਹੈ ਲਿਵ ਲਾਈ[77] ॥੧॥	They, who are imbued[74] with the Name, ever[75] obtain peace and remain attuned[77] to the True Lord[76].	ਜੋ ਨਾਮ ਨਾਲ ਰੰਗੀਜੇ[74] ਹਨ, ਉਹ ਹਮੇਸ਼ਾ[75] ਹੀ ਆਰਾਮ ਪਾਉਂਦੇ ਹਨ ਅਤੇ ਸੱਚੇ[76] ਸਾਈਂ ਨਾਲ ਪਿਰਹੜੀ[77] ਪਾਈ ਰਖਦੇ ਹਨ।
੧੩੩੩		
ਹਰਿ[78] ਹਰਿ ਨਾਮੁ ਜਪਹੁ[79] ਜਨ ਭਾਈ[80] ॥	O my fellow brethren[80], utter[79] ye the Name of my Lord God[78].	ਹੇ ਮੇਰੇ ਸਾਥੀ[80] ਭਰਾਉ ! ਤੁਸੀਂ ਮੇਰੇ ਸੁਆਮੀ ਵਾਹਿਗੁਰੂ[78] ਦੇ ਨਾਮ ਦਾ ਉਚਾਰਨ[79] ਕਰੋ।
ਗੁਰ ਪ੍ਰਸਾਦਿ[81] ਮਨੁ ਅਸਥਿਰੁ[82] ਹੋਵੈ ਅਨਦਿਨੁ[83] ਹਰਿ ਰਸਿ[84] ਰਹਿਆ ਅਘਾਈ[85] ॥੧॥ਰਹਾਉ॥	By the Guru's grace[81], the mind becomes equipoised[82] and night[83] and day remains satiated[85] with the Lord's elixir[84]. Pause.	ਗੁਰਾਂ ਦੀ ਦਇਆ[81] ਦੁਆਰਾ ਮਨੂਆ ਅਹਿੱਲ[82] ਹੋ ਜਾਂਦਾ ਹੈ ਅਤੇ ਰੈਣ[83] ਤੇ ਦਿਹੁੰ ਪ੍ਰਭੂ ਦੇ ਅੰਮ੍ਰਿਤ[84] ਨਾਲ ਰਜਿਆ[85] ਰਹਿੰਦਾ ਹੈ। ਠਹਿਰਾਉ।
ਅਨਦਿਨੁ[86] ਭਗਤਿ[87] ਕਰਹੁ[88] ਦਿਨੁ ਰਾਤੀ ਇਸੁ ਜੁਗ ਕਾ ਲਾਹਾ[89] ਭਾਈ[90] ॥	Day and night, ever[86] perform[88] thou thy Lord's devotional service[87]. This is the only profit[89] of this age, O brother[90].	ਦਿਹੁੰ ਅਤੇ ਰੈਣ ਤੂੰ ਸਦਾ[86] ਹੀ ਆਪਣੇ ਪ੍ਰਭੂ ਦੀ ਪ੍ਰੇਮ ਮਈ[87] ਸੇਵਾ ਕਮਾ[88], ਏਸ ਯੁਗ ਦਾ ਕੇਵਲ ਇਹ ਹੀ ਲਾਭ[89] ਹੈ, ਹੇ ਵੀਰ[90] !
ਸਦਾ[91] ਜਨ[92] ਨਿਰਮਲ[93] ਮੈਲੁ[94] ਨ ਲਾਗੈ[95] ਸਚਿ ਨਾਮਿ ਚਿਤੁ[96] ਲਾਈ[97] ॥ ੨॥	The persons[92], who attune[97] their attenion[96] to the True Name are ever[91] immaculate[93] and no filth[94] attaches[96] to them.	ਜਿਹੜੇ-ਪੁਰਸ਼[92] ਸੱਚੇ ਨਾਮ ਨਾਲ ਆਪਣੀ ਬਿਰਤੀ[96] ਜੋੜਦੇ[97] ਹਨ, ਉਹ ਸਦੀਵ[91] ਹੀ ਪਵਿੱਤਰ-ਪਾਵਨ[93] ਹਨ ਅਤੇ ਉਨ੍ਹਾਂ ਨੂੰ ਕੋਈ ਗੰਦਗੀ[94] ਨਹੀਂ ਚਿਮੜਦੀ[95]।
ਸੁਖੁ[98] ਸੀਗਾਰੁ[99] ਸਤਿਗੁਰੂ ਦਿਖਾਇਆ ਨਾਮਿ ਵਡੀ[100] ਵਡਿਆਈ ॥	The peacegiving[98] ornamentation[99], the True Guru has shown to me. Great[100] is the greatness of the Lord's Name.	ਆਰਾਮ[98] ਦੇਣ ਵਾਲਾ ਹਾਰਸ਼ਿੰਗਾਰ[99] ਸੱਚੇ ਗੁਰਾਂ ਨੇ ਮੈਨੂੰ ਵਿਖਾਲ ਦਿੱਤਾ ਹੈ। ਵਿਸ਼ਾਲ[100] ਹੈ ਵਿਸ਼ਾਲਤਾ ਸੁਆਮੀ ਦੇ ਨਾਮ ਦੀ।
ਅਖੁਟ[2] ਭੰਡਾਰ[3] ਭਰੇ[4] ਕਦੇ[5] ਤੋਟਿ[6] ਨ ਆਵੈ ਸਦਾ ਹਰਿ ਸੇਵਹੁ[7] ਭਾਈ[8] ॥੩॥	O brother[8], ever serve[7] thou thy God, brimful[4] are whose inexhaustible[2] treasures[3], which run not short[6] ever.	ਹੇ ਵੀਰ[8] ! ਤੂੰ ਸਦੀਵ ਹੀ ਆਪਣੇ ਵਾਹਿਗੁਰੂ ਦੀ ਸੇਵਾ[7] ਕਰ। ਪਰੀਪੂਰਨ[4] ਹਨ ਜਿਸ ਦੇ ਅਮਰ[2] ਖ਼ਜ਼ਾਨੇ[3] ਜੋ ਕਦਾਚਿਤ[5] ਖੁਟਦੇ[6] ਨਹੀਂ[4]।
ਆਪੇ ਕਰਤਾ[9] ਜਿਸ ਨੋ	Whosoever the Creator[9]-Lord	ਜਿਸ ਕਿਸੇ ਨੂੰ ਸਿਰਜਣਹਾਰ[9] ਸੁਆਮੀ ਇਹ ਖ਼ਜ਼ਾਨੇ

ਦੇਵੈ[10] ਤਿਸੁ[12] ਵਸੈ[13] ਮਨਿ ਆਈ ॥
ਨਾਨਕ ਨਾਮੁ ਧਿਆਇ[14] ਸਦਾ[16] ਤੂ ਸਤਿਗੁਰਿ ਦੀਆ ਦਿਖਾਈ[15] ॥੪॥ ੧॥

blesses[10] with these treasures, into his[12] mind, He comes to abide[13].
O Nanak, contemplate[14] thou ever[16] the Name, which the Lord has made manifest[15] unto me.

ਬਖ਼ਸ਼ਦਾ[10] ਹੈ, ਉਸ[12] ਦੇ ਹਿਰਦੇ ਅੰਦਰ, ਉਹ ਆ ਕੇ ਟਿਕ ਜਾਂਦਾ[13] ਹੈ ।
ਹੇ ਨਾਨਕ ! ਤੂੰ ਹਮੇਸ਼ਾ[16] ਹੀ ਨਾਮ ਦਾ ਸਿਮਰਨ ਕਰ[14], ਜਿਸ ਨੂੰ ਕਿ ਸਚੇ ਗੁਰਾਂ ਨੇ ਮੇਰੇ ਤੇ ਪਰਗਟ[15] ਕਰ ਦਿਤਾ ਹੈ ।

ਪ੍ਰਭਾਤੀ ਮਹਲਾ ੩ ॥

Parbhati 3rd Guru.

ਪਰਭਾਤੀ ਤੀਜੀ ਪਾਤਿਸ਼ਾਹੀ ।

ਨਿਰਗੁਣੀਆਰੇ[17] ਕਉ ਬਖਸਿ[18] ਲੈ ਸੁਆਮੀ ਆਪੇ[19] ਲੈਹੁ ਮਿਲਾਈ ॥
ਤੂ ਬਿਅੰਤੁ[20] ਤੇਰਾ ਅੰਤੁ[21] ਨ ਪਾਇਆ[22] ਸਬਦੇ[23] ਦੇਹੁ ਬੁਝਾਈ[24] ॥੧॥

O my Lord, bless Thou me, the meritless[17] one, with Thy forgiveness[18] and unite me with Thyself[19].
Infinite[20] art Thou and none has ever found[22] Thy limit[21]. By the Guru's instructions[23], Thou makest Thyself manifest[24] unto one.

ਹੇ ਮੇਰੇ ਸਾਹਿਬ ! ਤੂੰ ਮੈਂ ਅਉਗੁਣਿਆਰੇ[17] ਨੂੰ ਆਪਣੀ ਮੁਆਫ਼ੀ[18] ਦੇ ਕੇ, ਮੈਨੂੰ ਆਪਣੇ ਨਾਲ[19] ਮਿਲਾ ਲੈ ।
ਅਨੰਤ[20] ਹੈਂ ਤੂੰ ਅਤੇ ਕਦੇ ਭੀ ਕਿਸੇ ਨੂੰ ਤੇਰੇ ਓੜਕ[21] ਦਾ ਪਤਾ[22] ਨਹੀਂ ਲੱਗਾ । ਗੁਰਾਂ ਦੇ ਉਪਦੇਸ਼[23] ਦੁਆਰਾ ਤੂੰ ਆਪਣੇ ਆਪ ਨੂੰ ਪ੍ਰਾਣੀ ਤੇ ਪਰਗਟ ਕਰਦਾ[24] ਹੈਂ ।

ਹਰਿ ਜੀਉ[25] ਤੁਧੁ[26] ਵਿਟਹੁ[27] ਬਲਿ ਜਾਈ[28] ॥
ਤਨੁ[29] ਮਨੁ[30] ਅਰਪੀ[31] ਤੁਧੁ ਆਗੈ[32] ਰਾਖਉ ਸਦਾ ਰਹਾਂ[33] ਸਰਣਾਈ[34] ॥੧॥ ਰਹਾਉ ॥

My Sire Master[25] unto[27] Thee[26] I am a sacrifice[28].
Surrendering[31] my body[29] and soul[30], I place them before[32] Thee, O my Lord and ever abide[33] I in Thine refuge[34]. Pause.

ਮੈਂ ਤੇਰੇ ਮਹਾਰਾਜ ਮਾਲਕ[25] ਤੇਰੇ[26] ਉਤੋਂ[27] ਮੈਂ ਘੋਲੀ ਵੰਞਦਾ[28] ਹਾਂ ।
ਆਪਣੀ ਦੇਹ[29] ਅਤੇ ਜਿੰਦੜੀ[30] ਸਮਰਪਨ[31] ਕਰ, ਮੈਂ ਉਨ੍ਹਾਂ ਨੂੰ ਤੇਰੇ ਮੂਹਰੇ[32] ਰਖਦਾ ਹਾਂ, ਹੇ ਮੇਰੇ ਸੁਆਮੀ, ਅਤੇ ਸਦੀਵ ਹੀ ਤੇਰੀ ਸ਼ਰਣਾਗਤ[34] ਅੰਦਰ ਵਸਦਾ[33] ਹਾਂ । ਠਹਿਰਾਉ ।

ਆਪਣੇ ਭਾਣੇ[35] ਵਿਚਿ ਸਦਾ ਰਖੁ ਸੁਆਮੀ ਹਰਿ ਨਾਮੋ ਦੇਹਿ[36] ਵਡਿਆਈ[37] ॥
ਪੂਰੇ[38] ਗੁਰ ਤੇ[39] ਭਾਣਾ ਜਾਪੈ[40] ਅਨਦਿਨੁ[41] ਸਹਜਿ[42] ਸਮਾਈ[43] ॥੨॥

O Lord God, keep Thou me ever in Thy will[35] and bless[36] me with the glory[37] of Thy Name.
Through[39] the Perfect[38] Guru, the Lord's will is known[40] and one ever[41] remains merged[43] in equipoise[42].

ਹੇ ਸਾਂਈਂ ਹਰੀ ! ਤੂੰ ਮੈਨੂੰ ਹਮੇਸ਼ਾ ਆਪਣੀ ਰਜ਼ਾ[35] ਅੰਦਰ ਰੱਖ ਅਤੇ ਮੈਨੂੰ ਆਪਣੇ ਨਾਮ ਦੀ ਪ੍ਰਭਤਾ[37] ਪਰਦਾਨ[36] ਕਰ ।
ਪੂਰਨ[38] ਗੁਰਾਂ ਦੇ ਰਾਹੀਂ[39], ਸਾਹਿਬ ਦੀ ਰਜ਼ਾ ਜਾਣੀ ਜਾਂਦੀ[40] ਹੈ ਅਤੇ ਪ੍ਰਾਣੀ ਸਦਾ[41] ਹੀ ਅਡੋਲਤਾ[42] ਅੰਦਰ ਲੀਨ[43] ਰਹਿੰਦਾ ਹੈ ।

ਤੇਰੈ ਭਾਣੈ[44] ਭਗਤਿ[45] ਜੋ[46] ਤੁਧੁ ਭਾਵੈ[47] ਆਪੇ[48] ਬਖਸਿ[49] ਮਿਲਾਈ ॥

The saints[45], who[46] walk in Thy will[44], art pleasing[47] to Thee, O Lord. Thou forgivest[49] them and unitest them with Thyself[48].

ਸਾਧੂ[45], ਜੋ[46] ਤੇਰੀ ਰਜ਼ਾ[44] ਅੰਦਰ ਟੁਰਦੇ ਹਨ, ਉਹ ਤੈਨੂੰ ਚੰਗੇ ਲਗਦੇ[47] ਹਨ, ਹੇ ਸੁਆਮੀ ! ਤੂੰ ਉਨ੍ਹਾਂ ਨੂੰ ਮੁਆਫ਼[49] ਕਰ ਆਪਣੇ[48] ਨਾਲ ਮਿਲਾ ਲੈਂਦਾ ਹੈਂ ।

ਤੇਰੈ ਭਾਣੈ ਸਦਾ[50] ਸੁਖੁ ਪਾਇਆ ਗੁਰਿ ਤ੍ਰਿਸਨਾ[51] ਅਗਨਿ[52] ਬੁਝਾਈ[53] ॥੩॥

Walking in Thy will, I have obtained everlasting[50] peace and the Guru has quenched[53] the fire[52] of my desire[51].

ਤੇਰੀ ਰਜ਼ਾ ਅੰਦਰ ਟੁਰ ਕੇ, ਮੈਂ ਸਦੀਵੀ[50] ਆਰਾਮ ਪਾ ਲਿਆ ਹੈ ਤੇ ਗੁਰਾਂ ਨੇ ਮੇਰੀ ਖ਼ਾਹਿਸ਼[51] ਦੀ ਅੱਗ[52] ਬੁਝਾ ਦਿਤੀ[53] ਹੈ ।

ਜੋ[54] ਤੂ ਕਰਹਿ ਸੁ[55] ਹੋਵੈ

Whatever[54] Thou doest, O Creator[56]

ਜਿਹੜਾ ਕੁਛ[54] ਤੂੰ ਕਰਦਾ ਹੈਂ, ਹੇ ਸਿਰਜਣਹਾਰ[56]–

ਕਰਤੇ[56] ਅਵਰੁ[57] ਨ ਕਰਣਾ ਜਾਈ ॥

Lord, that[55] alone comes to pass, naught else[57] can be done.

ਸੁਆਮੀ ! ਕੇਵਲ ਉਹ[55] ਹੀ ਹੁੰਦਾ ਹੈ, ਹੋਰ ਕੁਝ[57] ਭੀ ਕੀਤਾ ਨਹੀਂ ਜਾ ਸਕਦਾ ।

ਨਾਨਕ ਨਾਵੈ ਜੇਵਡੁ[58] ਅਵਰੁ[59] ਨ ਦਾਤਾ[60] ਪੂਰੇ[61] ਗੁਰ ਤੇ[62] ਪਾਈ[63] ॥੪॥ ੨॥

Out of the bounties[60], no other[59] bounty is as great[58] as the Name and one attains[63] unto it, through[62] the perfect[61] Guru.

ਬਖਸ਼ੀਸ਼ਾਂ[60] ਵਿਚੋਂ ਹੋਰ[59] ਕੋਈ ਬਖਸ਼ੀਸ਼ ਨਾਮ ਜਿਡੀ ਵਡੀ[58] ਨਹੀਂ ਅਤੇ ਇਹ ਇਨਸਾਨ ਨੂੰ ਪੂਰਨ[61] ਗੁਰਾਂ ਦੇ ਰਾਹੀਂ[62] ਪਰਾਪਤ ਹੁੰਦੀ[63] ਹੈ ।

ਪ੍ਰਭਾਤੀ ਮਹਲਾ ੩ ॥

Parbhati 3rd Guru.

ਪਰਭਾਤੀ ਤੀਜੀ ਪਾਤਿਸ਼ਾਹੀ ।

ਗੁਰਮੁਖਿ[64] ਹਰਿ ਸਾਲਾਹਿਆ[65] ਜਿੰਨਾ ਤਿਨ[66] ਸਲਾਹਿ ਹਰਿ ਜਾਤਾ[67] ॥

They, who praise[65] their Lord by the Guru's grace[64], by so praising, they[66] come to know[67] the Lord.

ਜੋ ਗੁਰਾਂ ਦੀ ਦਇਆ[64] ਦੁਆਰਾ ਆਪਣੇ ਪ੍ਰਭੂ ਦਾ ਜੱਸ[65] ਕਰਦੇ ਹਨ; ਇਸ ਤਰ੍ਹਾਂ ਜੱਸ ਕਰਨ ਦੁਆਰਾ ਉਹ[66] ਪ੍ਰਭੂ ਨੂੰ ਜਾਣ ਲੈਂਦੇ[67] ਹਨ ।

ਵਿਚਹੁ[68] ਭਰਮੁ[69] ਗਇਆ[70] ਹੈ ਦੂਜਾ[71] ਗੁਰ ਕੈ ਸਬਦਿ[72] ਪਛਾਤਾ[73] ॥ ੧॥

From within[68] them, doubt[69] and duality[71] are dispelled[70] and through the Guru's word[72], they realise[73] their God.

ਉਨ੍ਹਾਂ ਦੇ ਅੰਦਰੋਂ[68] ਸੰਦੇਹ[69] ਅਤੇ ਦਵੈਤ-ਭਾਵ[71] ਦੂਰ ਹੋ ਜਾਂਦੇ[70] ਹਨ ਅਤੇ ਗੁਰਾਂ ਦੀ ਬਾਣੀ[72] ਰਾਹੀਂ, ਉਹ ਆਪਣੇ ਵਾਹਿਗੁਰੂ ਨੂੰ ਅਨੁਭਵ ਕਰ ਲੈਂਦੇ[73] ਹਨ ।

ਹਰਿ ਜੀਉ[74] ਤੂ ਮੇਰਾ ਇਕੁ[75] ਸੋਈ[76] ॥

My Sire[74] God, Thou alone[75] art my Sublime[76] Lord.

ਮੇਰੇ ਮਹਾਰਾਜ[74] ਵਾਹਿਗੁਰੂ, ਕੇਵਲ[75] ਤੂੰ ਹੀ ਮੇਰਾ ਸ੍ਰੇਸ਼ਟ[76] ਸੁਆਮੀ ਹੈਂ ।

ਤੁਧੁ ਜਪੀ[77] ਤੁਧੈ ਸਾਲਾਹੀ[78] ਗਤਿ[79] ਮਤਿ[80] ਤੁਝ ਤੇ[81] ਹੋਈ ॥੧॥ ਰਹਾਉ॥

Thee, I contemplate[77], Thee, I praise[78] and from[81] Thee gather I salvation[79] and wisdom[80]. Pause.

ਤੈਨੂੰ ਹੀ ਮੈਂ ਸਿਮਰਦਾ[77] ਹਾਂ, ਤੇਰਾ ਹੀ ਮੈਂ ਜੱਸ ਕਰਦਾ[78] ਹਾਂ ਅਤੇ ਤੇਰੇ ਪਾਸੋਂ[81] ਹੀ ਮੈਂ ਮੁਕਤੀ[79] ਤੇ ਸਿਖਮਤ[80] ਪਰਾਪਤ ਕਰਦਾ ਹਾਂ । ਠਹਿਰਾਉ ।

ਗੁਰਮੁਖਿ[82] ਸਾਲਾਹਨਿ[83] ਸੇ[84] ਸਾਦੁ[85] ਪਾਇਨਿ[86] ਮੀਠਾ[87] ਅੰਮ੍ਰਿਤੁ[88] ਸਾਰੁ[89] ॥

They, who, by the Guru's grace[82], praise[83] the Lord, they[84] are blessed[86] with the relish[85] of the sweet[87] and sublime[89] Name-Nectar[88].

ਜੋ ਗੁਰਾਂ ਦੀ ਦਇਆ[82] ਦੁਆਰਾ, ਸਾਂਈਂ ਦੀ ਸਿਫ਼ਤ ਕਰਦੇ[83] ਹਨ, ਉਨ੍ਹਾਂ[84] ਨੂੰ ਮਿਠਤੇ[87] ਤੇ ਸ੍ਰੇਸ਼ਟ[89] ਨਾਮ-ਸੁਧਾਰਸ[88] ਦੇ ਸੁਆਦ[85] ਦੀ ਦਾਤ ਪਰਾਪਤ ਹੋ ਜਾਂਦੀ[86] ਹੈ ।

ਸਦਾ ਮੀਠਾ ਕਦੇ ਨ ਫੀਕਾ[90] ਗੁਰ ਸਬਦੀ[91] ਵੀਚਾਰੁ[92] ॥੨॥

ਆਠ ਪਹਰ ਪਾਰਬ੍ਰਹਮੁ[56] ਧਿਆਈ[57] ਸਦਾ ਸਦਾ ਗੁਨ[58] ਗਾਇਆ[59] ॥	Throughout the eight watches of the day, meditate[57] I on the Transcedent Lord[56] and sing[59] His praises[58], ever and forever.	ਦਿਨ ਦੇ ਅਠੇ ਪਹਿਰ ਹੀ ਮੈਂ ਪ੍ਰਭੂ[56] ਦਾ ਆਰਾਧਨ[57] ਕਰਦਾ ਹਾਂ ਅਤੇ ਹਮੇਸ਼ਾ ਹੀ ਉਸ ਦੀਆਂ ਸਿਫ਼ਤ-ਸ਼ਲਾਘਾ[58] ਗਾਉਂਦਾ[59] ਹਾਂ।
ਕਹੁ ਨਾਨਕ ਮੇਰੇ ਪੂਰੇ[60] ਮਨੋਰਥ[51] ਪਾਰਬ੍ਰਹਮੁ[62] ਗੁਰੁ ਪਾਇਆ ॥੪॥੪॥	Says Nanak, my heart-desires[61] have been fulfilled[60] and I have attained to my Guru-God[62].	ਗੁਰੂ ਜੀ ਫਰਮਾਉਂਦੇ ਹਨ, ਮੇਰੇ ਦਿਲ ਦੀਆਂ ਖ਼ਾਹਿਸ਼ਾਂ[61] ਪੂਰੀਆਂ ਹੋ ਗਈਆਂ[60] ਹਨ ਅਤੇ ਮੈਂ ਆਪਣੇ ਗੁਰੂ-ਪ੍ਰਮੇਸ਼ਰ[62] ਨੂੰ ਪਾ ਲਿਆ ਹੈ।
ਪ੍ਰਭਾਤੀ ਮਹਲਾ ੫ ॥	Parbhati 5th Guru.	ਪ੍ਰਭਾਤੀ ਪੰਜਵੀਂ ਪਾਤਿਸ਼ਾਹੀ।
ਸਿਮਰਤ[63] ਨਾਮੁ ਕਿਲਬਿਖ[64] ਸਭ ਨਾਸੇ[65] ॥ ਸਚੁ[66] ਨਾਮੁ ਗੁਰਿ ਦੀਨੀ[67] ਰਾਸੇ[68] ॥	Remembering[63] the Name, all my sins[64] are effaced[65] and the True Guru has blessed[67] me with the capital[68] of the True Name[66].	ਨਾਮ ਦਾ ਚਿੰਤਨ[63] ਕਰਨ ਦੁਆਰਾ, ਮੇਰੇ ਪਾਪ[64] ਮਿਟ ਗਏ[65] ਹਨ ਅਤੇ ਸਚੇ ਗੁਰਾਂ ਨੇ ਮੈਨੂੰ ਸਤਿਨਾਮ[66] ਦੀ ਪੂੰਜੀ[68] ਬਖ਼ਸ਼ ਦਿਤੀ[67] ਹੈ।
ਪ੍ਰਭ ਕੀ ਦਰਗਹ[69] ਸੋਭਾਵੰਤੇ[70] ॥ ਸੇਵਕ[71] ਸੇਵਿ[72] ਸਦਾ[73] ਸੋਹੰਤੇ[74] ॥ ੧॥	Embellished[70] are the Lord's slaves in His court[69] and serving[72] Him, the Lord's slaves[71] ever[73] look beauteous[74].	ਸੁਭਾਇਮਾਨ[70] ਲਗਦੇ ਹਨ, ਸਾਹਿਬ ਦੇ ਗੋਲੇ ਉਸ ਦੇ ਦਰਬਾਰ[69] ਅੰਦਰ ਅਤੇ ਉਸ ਦੀ ਘਾਲ ਕਮਾ[72], ਸਾਹਿਬ ਦੇ ਗੋਲੇ[71] ਸਦੀਵ[73] ਹੀ ਸੁੰਦਰ[74] ਦਿਸਦੇ ਹਨ।
ਹਰਿ ਹਰਿ[75] ਨਾਮੁ ਜਪਹੁ[76] ਮੇਰੇ ਭਾਈ[77] ॥	Utter[76] thou, thy Lord God's[75] Name, O my brother[77].	ਤੂੰ ਆਪਣੇ ਸੁਆਮੀ[75] ਵਾਹਿਗੁਰੂ ਦੇ ਨਾਮ ਦਾ ਉਚਾਰਨ[76] ਕਰ, ਹੇ ਮੇਰੇ ਵੀਰ[77]!
ਸਗਲੇ ਰੋਗ[78] ਦੋਖ[79] ਸਭਿ ਬਿਨਸਹਿ[80] ਅਗਿਆਨੁ[81] ਅੰਧੇਰਾ[82] ਮਨ[83] ਤੇ ਜਾਈ[85] ॥੧॥ਰਹਾਉ॥	This-wise all thine maladies[78] and sins[79] shall be destroyed[80] and thy mind[83] shall be delivered[85] of the darkness of spiritual[82] ignorance[81]. Pause.	ਇਸ ਤਰ੍ਹਾਂ ਤੇਰੀਆਂ ਸਾਰੀਆਂ ਬੀਮਾਰੀਆਂ[78] ਅਤੇ ਸਾਰੇ ਪਾਪ[79] ਨਸ਼ਟ ਹੋ ਜਾਣਗੇ[80] ਅਤੇ ਤੇਰੇ ਚਿਤ[83] ਤੋਂ ਆਤਮਕ[82] ਬੇਸਮਝੀ[81] ਦਾ ਅਨ੍ਹੇਰਾ ਦੂਰ[85] ਹੋ ਜਾਵੇਗਾ। ਠਹਿਰਾਉ।
ਜਨਮ ਮਰਨ ਗੁਰਿ ਰਾਖੇ[86] ਮੀਤ[87] ॥ ਹਰਿ ਕੇ ਨਾਮ ਸਿਉ ਲਾਗੀ ਪ੍ਰੀਤਿ[88] ॥	O my friend[87], the Guru has saved[86] me from birth and death and I am attuned[88] to the God's Name.	ਹੇ ਮੇਰੇ ਮਿੱਤਰ[87]! ਗੁਰਾਂ ਨੇ ਮੈਨੂੰ ਜੰਮਣ ਤੇ ਮਰਨ ਤੋਂ ਬਚਾ ਲਿਆ[86] ਹੈ ਅਤੇ ਰੱਬ ਦੇ ਨਾਮ ਨਾਲ ਮੇਰੀ ਪਿਰਹੜੀ[88] ਪੈ ਗਈ ਹੈ।
ਕੋਟਿ[91] ਜਨਮ ਕੇ ਗਏ[89] ਕਲੇਸ[90] ਜੋ[96] ਤਿਸੁ[92] ਭਾਵੈ[94] ਸੋ[93] ਭਲ[95] ਹੋਸ ॥੨॥	The sufferings[90] of my millions[91] of births are over[89]. Whatever[96] pleases[94] Him[92], that[93] alone is good[95].	ਮੇਰੇ ਕ੍ਰੋੜਾਂ[91] ਹੀ ਜਨਮਾਂ ਦੇ ਦੁਖੜੇ[90] ਦੂਰ ਹੋ ਗਏ ਹਨ[89]। ਜਿਹੜਾ ਕੁਛ[96] ਉਸ[92] ਨੂੰ ਚੰਗਾ ਲਗਦਾ[94] ਹੈ, ਕੇਵਲ ਉਹ[93] ਹੀ ਭਲਾ[95] ਹੈ।

ਤਿਸੁ ਗੁਰ ਕਉ ਹਉ ਸਦ ਬਲਿ[97] ਜਾਈ ॥ ਜਿਸੁ ਪ੍ਰਸਾਦਿ[98] ਹਰਿ ਨਾਮੁ ਧਿਆਈ[99] ॥

I am ever a sacrifice[97] unto the Guru, by whose grace[98], I contemplate[99] the the Lord's Name.

ਮੈਂ ਹਮੇਸ਼ਾ ਉਨ੍ਹਾਂ ਗੁਰਾਂ ਉਤੋਂ ਕੁਰਬਾਨ[97] ਜਾਂਦਾ ਹਾਂ, ਜਿਨ੍ਹਾਂ ਦੀ ਦਇਆ[98] ਦੁਆਰ, ਮੈਂ ਸ੍ਵਾਂਈਂ ਦੇ ਨਾਮ ਦਾ ਸਿਮਰਨ[99] ਕਰਦਾ ਹਾਂ ।

ਐਸਾ[100] ਗੁਰੁ ਪਾਈਐ [2]ਵਡਭਾਗੀ[3] ॥ ਜਿਸੁ ਮਿਲਤੇ ਰਾਮ[4] ਲਿਵ[5] ਲਾਗੀ ॥੩॥

Through the greatest[2] good fortune[3] is found such[100] a Guru, meeting with whom, one is attuned[5] to the Lord[4].

ਭਾਰੇ[2] ਚੰਗੇ ਭਾਗਾਂ[3] ਰਾਹੀਂ ਐਹੋ ਜੇਹੇ[100] ਗੁਰੂ ਜੀ ਪਰਾਪਤ ਹੁੰਦੇ ਹਨ, ਜਿੰਨ੍ਹਾਂ ਨਾਲ ਮਿਲਣ ਦੁਆਰਾ, ਜੀਵ ਦੀ ਪਿਰਹੜੀ[5] ਪ੍ਰਭੂ[4] ਨਾਲ ਪੈ ਜਾਂਦੀ ਹੈ ।

ਕਰਿ[6] ਕਿਰਪਾ[7] ਪਾਰਬ੍ਰਹਮ[8] ਸੁਆਮੀ[9] ॥ ਸਗਲ[10] ਘਟਾ[12] ਕੇ ਅੰਤਰਜਾਮੀ[13] ॥

O my Supreme Lord[8] Master[9], the Inner-knower[13] of all[10] hearts[12], show[6] Thou mercy[7] unto me.

ਹੇ ਸਾਰਿਆਂ[10] ਦਿਲਾਂ[12] ਦੀਆਂ ਜਾਨਣਹਾਰ[13], ਮੇਰੇ ਸ੍ਰੇਸ਼ਟੀ[8] ਸਾਂਈਂ ਮਾਲਕ[9] ! ਤੂੰ ਮੇਰੇ ਉਤੇ ਮਿਹਰ[7] ਧਾਰ[6] ।

ਆਠ ਪਹਰ[14] ਅਪੁਨੀ ਲਿਵ[15] ਲਾਇ ॥

All the eight watches[14] through, let me be attuned[15] to Thyself.

ਅਠੇ ਪਹਿਰ[14] ਮੈਨੂੰ ਆਪਣੇ ਪਿਆਰ[15] ਨਾਲ ਜੋੜੀ ਰੱਖ ।

ਜਨੁ[16] ਨਾਨਕੁ ਪ੍ਰਭ ਕੀ ਸਰਨਾਇ[17] ॥੪॥੫॥

Serf[16] Nanak, seeks Thy refuge[17], O my Lord.

ਨਫ਼ਰ[16] ਨਾਨਕ, ਤੇਰੀ ਪਨਾਹ[17] ਲੋੜਦਾ ਹੈ, ਹੇ ਮੇਰੇ ਸੁਆਮੀ !

ਪ੍ਰਭਾਤੀ ਮਹਲਾ ੫ ॥

Parbhati 5th Guru.

ਪ੍ਰਭਾਤੀ ਪੰਜਵੀਂ ਪਾਤਿਸ਼ਾਹੀ ।

ਕਰਿ ਕਿਰਪਾ ਅਪੁਨੇ[18] ਪ੍ਰਭਿ ਕੀਏ ॥ ਹਰਿ ਕਾ ਨਾਮੁ ਜਪਨ[19] ਕਉ ਦੀਏ[20] ॥

Showering His benediction, the Lord God, has made me His own[18] and has blessed[20] me with the meditation[19] of His Name.

ਆਪਣੀ ਰਹਿਮਤ ਧਾਰ ਕੇ, ਸੁਆਮੀ ਵਾਹਿਗੁਰੂ ਨੇ ਮੈਨੂੰ ਆਪਣਾ ਨਿਜ[18] ਦਾ ਬਣਾ ਲਿਆ ਹੈ ਅਤੇ ਸਿਮਰਨ[19] ਕਰਨ ਲਈ ਮੈਨੂੰ ਆਪਣਾ ਨਾਮ ਬਖ਼ਸ਼ਿਆ[20] ਹੈ ।

ਆਠ ਪਹਰ[21] ਗੁਨ[22] ਗਾਇ[23] ਗੁਬਿੰਦ[24] ॥ ਭੈ[25] ਬਿਨਸੇ[26] ਉਤਰੀ[27] ਸਭ ਚਿੰਦ[28] ॥੧॥

Singing the World[23]-Lord's[24] praises[22], the whole day long[21], my fears[25] are dispelled[26] and all anxiety[28] is eliminated[27].

ਹਰ ਸਮੇਂ[21] ਹੀ ਸੰਸਾਰ[23] ਦੇ ਸੁਆਮੀ[24] ਦੀ ਕੀਰਤੀ[22] ਗਾਇਨ ਕਰਨ ਦੁਆਰਾ, ਮੇਰੇ ਡਰ[25] ਦੂਰ ਹੋ ਗਏ ਹਨ[26] ਤੇ ਸਾਰੀ ਚਿੰਤਾ[28] ਲਹਿ ਗਈ[27] ਹੈ ।

ਉਬਰੇ[29] ਸਤਿਗੁਰ ਚਰਨੀ[30] ਲਾਗਿ[31] ॥

I am saved[29] by repairing[31] to the True Guru's feet[30].

ਸਚੇ ਗੁਰਾਂ ਦੇ ਪੈਰੀਂ[30] ਪੈਣ[31] ਦੁਆਰਾ, ਮੈਂ ਬੱਚ ਗਿਆ[29] ਹਾਂ ।

ਜੋ ਗੁਰੁ ਕਹੈ ਸੋਈ[32] ਭਲ[33] ਮੀਠਾ[34] ਮਨ ਕੀ ਮਤਿ[35] ਤਿਆਗਿ[36] ॥੧॥ ਰਹਾਉ॥

Whatever the Guru says, that[32] alone is good[33] and sweet[34] unto me. I have forsaken[36] my mind's wisdom[35]. Pause.

ਜਿਹੜਾ ਕੁਛ ਗੁਰੂ ਜੀ ਆਖਦੇ ਹਨ, ਮੇਰੇ ਲਈ ਕੇਵਲ ਉਹੀ[32] ਚੰਗਾ[33] ਤੇ ਮਿੱਠਾ[34] ਹੈ । ਮੈਂ ਆਪਣੇ ਚਿਤ ਦੀ ਸਿਆਣਪ[35] ਛੱਡ ਦਿਤੀ[36] ਹੈ ।

ਮਨਿ[37] ਤਨਿ[38] ਵਸਿਆ[39] ਹਰਿ[40] ਪ੍ਰਭੁ ਸੋਈ[41] ॥

Within my mind and body[38], abides[39] that[41] Lord[40] God.

ਮੇਰੇ ਚਿਤ[37] ਤੇ ਦੇਹ[38] ਅੰਦਰ ਉਹ[41] ਹਰੀ ਸਾਂਈ[40] ਵੱਸਦਾ[39] ਹੈ ।

ਕਲਿ[42] ਕਲੇਸ[43] ਕਿਛੁ ਬਿਘਨੁ[44] ਨ ਹੋਈ[45] ॥

No strifes[42], sufferings[43] and obstacles[44], now, befall[45] me.

ਮੈਨੂੰ ਹੁਣ ਕੋਈ ਝਗੜੇ[42], ਦੁਖੜੇ[43] ਅਤੇ ਔਕੜਾਂ[44] ਨਹੀਂ ਵਿਆਪਦੀਆਂ[45] ।

ਸਦਾ[48] ਸਦਾ ਪ੍ਰਭੂ ਜੀਅ[46] ਕੈ ਸੰਗਿ[47] ॥

The Lord, now, abides within[47] my soul[46], ever[49] and forever.

ਸਾਂਈਂ, ਹੁਣ, ਸਦੀਵ[48] ਅਤੇ ਹਮੇਸ਼ਾਂ ਹੀ ਮੇਰੀ ਜਿੰਦੜੀ[46] ਨਾਲ[47] ਵੱਸਦਾ ਹੈ।

ਉਤਰੀ[49] ਮੈਲੁ[50] ਨਾਮ ਕੈ ਰੰਗਿ[51] ॥੨॥

With the love[51] of the Name, the filth[50] of sins is washed off[49].

ਨਾਮ ਦੇ ਪਿਆਰ[51] ਨਾਲ, ਪਾਪਾਂ ਦੀ ਗੰਦਗੀ[50] ਧੋਤੀ ਜਾਂਦੀ[49] ਹੈ।

ਚਰਨ[52] ਕਮਲ[53] ਸਿਉ ਲਾਗੋ[54] ਪਿਆਰੁ[55] ॥ ਬਿਨਸੇ[56] ਕਾਮ[57] ਕ੍ਰੋਧ[58] ਅਹੰਕਾਰ[59] ॥

Embracing[54] love[55] for the Lord's lotus[53] feet[52], man is rid[56] of lust[57], wrath[58] and ego[59].

ਪ੍ਰਭੂ ਦੇ ਕੰਵਲ ਪੈਰਾਂ[52]ਨਾਲ ਪ੍ਰੀਤ[55] ਲਾਉਣ[54] ਦੁਆਰਾ, ਬੰਦਾ ਵਿਸ਼ੇ ਭੋਗ[57], ਗੁੱਸੇ[58] ਤੇ ਹੰਕਾਰ[59] ਤੋਂ ਛੁਟਕਾਰਾ[56] ਪਾ ਜਾਂਦਾ ਹੈ।

ਪ੍ਰਭ ਮਿਲਨ ਕਾ ਮਾਰਗੁ[60] ਜਾਨਾਂ[61] ॥

I have now, known[61] the way[60] to meet my Lord.

ਮੈਂ ਹੁਣ, ਆਪਣੇ ਸਾਂਈਂ ਦੇ ਮਿਲਣ ਦੇ ਰਾਹ[60] ਨੂੰ ਜਾਣ ਲਿਆ[61] ਹੈ।

ਭਾਇ[62] ਭਗਤਿ[63] ਹਰਿ ਸਿਉ[64] ਮਨੁ ਮਾਨਾਂ[65] ॥ ੩॥

Through loving[62]-adoration[63], my mind, is now, pleased[65]with[64] my God.

ਪਿਆਰੀ[62]-ਉਪਾਸ਼ਨਾ[63] ਦੇ ਰਾਹੀਂ, ਮੇਰਾ ਚਿਤ ਹੁਣ, ਆਪਣੇ ਵਾਹਿਗੁਰੂ ਨਾਲ[64] ਪ੍ਰਸੰਨ[65] ਹੋ ਗਿਆ ਹੈ।

ਸੁਣਿ ਸਜਣ[66] ਸੰਤ ਮੀਤ[67] ਸੁਹੇਲੇ[68] ॥

Hear thou me, O friend[66], O saint, O my illustrious[68] intimate[67].

ਹੇ ਮਿੱਤਰ[66]! ਹੇ ਸਾਧੂ! ਹੇ ਮੇਰੇ ਕੀਰਤੀਮਾਨ[68] ਯਾਰ[67]! ਤੂੰ ਮੇਰੀ ਗੱਲ ਸੁਣ।

ਨਾਮੁ ਰਤਨੁ[69] ਹਰਿ ਅਗਹ[70] ਅਤੋਲੇ[71] ॥

Unfathomable[70] and Unweighable[71] is the jewel[69] of the Lord's Name.

ਬੇਥਾਹ[70] ਅਤੇ ਅਜੋਖ[71] ਹੈ ਸੁਆਮੀ ਦੇ ਨਾਮ ਦਾ ਜਵੇਹਰ[69]।

ਸਦਾ ਸਦਾ ਪ੍ਰਭੁ ਗੁਣ[72] ਨਿਧਿ[73] ਗਾਈਐ[74] ॥ ਕਹੁ ਨਾਨਕ ਵਡ[75] ਭਾਗੀ[76] ਪਾਈਐ ॥੪॥੬॥

Ever and forever, sing[74] thou, the praise of thy Lord, the Treasure[73] of virtues[72]. Says Nanak, it is only through the supreme[75] good fortune[76] that the Lord is attained.

ਸਦੀਵ ਅਤੇ ਹਮੇਸ਼ਾ ਹੀ, ਤੂੰ, ਨੇਕੀਆਂ[72] ਦੇ ਖ਼ਜ਼ਾਨੇ[73], ਆਪਣੇ ਵਾਹਿਗੁਰੂ ਦੀ ਉਸਤਤੀ ਗਾਇਨ[74] ਕਰ। ਗੁਰੂ ਜੀ ਫਰਮਾਉਂਦੇ ਹਨ, ਸੁਆਮੀ ਪਰਮ[75] ਚੰਗੇ ਕਰਮਾਂ[76] ਰਾਹੀਂ ਹੀ ਪਾਇਆ ਜਾਂਦਾ ਹੈ।

ਪ੍ਰਭਾਤੀ ਮਹਲਾ ੫ ॥

Parbhati 5th Guru.

ਪ੍ਰਭਾਤੀ ਪੰਜਵੀਂ ਪਾਤਿਸ਼ਾਹੀ।

ਸੇ[77] ਧਨਵੰਤ[78] ਸੇਈ ਸਚੁ ਸਾਹਾ[79] ॥ ਹਰਿ ਕੀ ਦਰਗਹ[80] ਨਾਮੁ ਵਿਸਾਹਾ[81] ॥੧॥

They[77] alone are rich[78], and they alone true Merchants[79], who have established their credit[81] in the Lord's court[80].

ਕੇਵਲ ਉਹ[77] ਹੀ ਧਨਾਢ[78] ਹਨ ਅਤੇ ਉਹ ਹੀ ਸੱਚੇ ਸ਼ਾਹੂਕਾਰ[79], ਜਿਨ੍ਹਾਂ ਨੇ ਪ੍ਰਮਾਤਮਾ ਦੇ ਦਰਬਾਰ[80] ਵਿਚ ਆਪਣਾ ਇਤਬਾਰ[81] ਜਮਾ ਲਿਆ ਹੈ।

ਹਰਿ ਹਰਿ ਨਾਮੁ ਜਪਹੁ[82] ਮਨ[83] ਮੀਤ[84] ॥

O my friend[84], in thy mind[83], contemplate[82] thou, thy Lord God's Name.

ਹੇ ਮੇਰੇ ਮਿੱਤਰ[84]! ਆਪਣੇ ਹਿਰਦੇ[83] ਅੰਦਰ ਤੂੰ ਆਪਣੇ ਸੁਆਮੀ ਵਾਹਿਗੁਰੂ ਦੇ ਨਾਮ ਦਾ ਸਿਮਰਨ[82] ਕਰ।

ਗੁਰੁ ਪੂਰਾ ਪਾਈਐ [85]ਵਡਭਾਗੀ[86] ਨਿਰਮਲ[87] ਪੂਰਨ[88] ਰੀਤਿ[89] ॥੧॥ ਰਹਾਉ॥

By good[85] fortune[86] alone, the perfect Guru is attained and then pure[87] and perfect[88] becomes the man's way of life[89]. Pause.

ਕੇਵਲ ਚੰਗੇ[85] ਕਰਮਾਂ[86] ਦੁਆਰਾ ਹੀ ਪੂਰਨ ਸਚੇ ਗੁਰੂ ਜੀ ਪਰਾਪਤ ਹੁੰਦੇ ਹਨ ਅਤੇ ਤਦ ਪਵਿੱਤਰ[87] ਤੇ ਮੁਕੰਮਲ[88] ਹੋ ਜਾਂਦੀ ਹੈ ਜੀਵ ਦੀ ਜੀਵਨ ਰਹੁ-ਰੀਤੀ[89]। ਠਹਿਰਾਉ।

ਪਾਇਆ ਲਾਭੁ[90] ਵਜੀ

When man earns the profit[90] of the

ਜਦ ਪ੍ਰਾਣੀ ਨਾਮ ਦਾ ਨਫ਼ਾ[90] ਕਮਾ ਲੈਂਦਾ ਹੈ, ਉਸ ਨੂੰ

ਵਾਧਾਈ[91] ॥ ਸੰਤ ਪ੍ਰਸਾਦਿ[92] ਹਰਿ ਕੇ ਗੁਨ[93] ਗਾਈ ॥ ੨॥

Name, he is acclaimed[91] and, by the saints' grace[92], sings he, the Lord's praises[93].

ਸਾਬਾਸ਼[91] ਮਿਲਦੀ ਹੈ ਅਤੇ ਸਾਧੂਆਂ ਦੀ ਦਇਆ[92] ਦੁਆਰਾ ਉਹ ਸੁਆਮੀ ਦੀਆਂ ਸਿਫ਼ਤਾਂ[93] ਗਾਇਨ ਕਰਦਾ ਹੈ।

ਸਫਲ[94] ਜਨਮੁ[95] ਜੀਵਨ[96] ਪਰਵਾਣੁ[97] ॥ ਗੁਰ ਪਰਸਾਦੀ[98] ਹਰਿ ਰੰਗੁ[99] ਮਾਣੁ[100] ॥੩॥

Fruitful[94] is the advent[95] and approved[97] the life[96] of him, who, by Guru's grace[98], enjoys[100] his Lord's love[99].

ਫਲਦਾਇਕ[94] ਹੈ ਆਗਮਨ[95] ਅਤੇ ਪ੍ਰਮਾਣੀਕ[97] ਹੈ ਉਸ ਦੀ ਜ਼ਿੰਦਗੀ[96], ਜੋ ਗੁਰਾਂ ਦੀ ਦਇਆ[98] ਦੁਆਰਾ, ਆਪਣੇ ਪ੍ਰਭੂ ਦੇ ਪ੍ਰੇਮ[99] ਦਾ ਆਨੰਦ ਲੈਂਦਾ[100] ਹੈ।

ਬਿਨਸੇ[2] ਕਾਮ[3] ਕ੍ਰੋਧ[4] ਅਹੰਕਾਰ[5] ॥ ਨਾਨਕ ਗੁਰਮੁਖਿ[6] ਉਤਰਹਿ ਪਾਰਿ[7] ॥੪॥੭॥

His lust[3], wrath[4] and ego[5] are wiped off[2] and, by the Guru's grace[6], he is ferried across[7], O Nanak.

ਉਸ ਦਾ ਭੋਗ ਬਿਲਾਸ[3], ਗੁੱਸਾ[4] ਅਤੇ ਹੰਕਾਰ[5] ਨਾਸ[2] ਹੋ ਜਾਂਦੇ ਹਨ ਅਤੇ ਗੁਰਾਂ ਦੀ ਦਇਆ[6] ਦੁਆਰਾ, ਉਸ ਦਾ ਪਾਰ ਉਤਾਰਾ ਹੋ ਜਾਂਦਾ[7] ਹੈ, ਹੇ ਨਾਨਕ !

ਪ੍ਰਭਾਤੀ ਮਹਲਾ ੫ ॥

Parbhati 5th Guru.

ਪ੍ਰਭਾਤੀ ਪੰਜਵੀਂ ਪਾਤਿਸ਼ਾਹੀ।

ਗੁਰੁ ਪੂਰਾ[8] ਪੂਰੀ ਤਾਕੀ[9] ਕਲਾ[10] ॥

Perfect[8] is the Guru and perfect is his[9] power[10].

ਪੂਰਨ[8] ਹਨ ਗੁਰੂ ਜੀ ਅਤੇ ਪੂਰਨ ਹੈ ਉਨ੍ਹਾਂ[9] ਦੀ ਸ਼ਕਤੀ[10]।

ਗੁਰ ਕਾ ਸਬਦੁ[12] ਸਦਾ[13] ਸਦ ਅਟਲਾ[14] ॥

Immutable[14] for ever and aye[13] is the Guru's word[12].

ਹਮੇਸ਼ਾ ਤੇ ਸਦੀਵ[13] ਲਈ ਅਮਿੱਟ[14] ਹੈ ਗੁਰਾਂ ਦਾ ਬਚਨ[12]।

ਗੁਰ ਕੀ ਬਾਣੀ ਜਿਸੁ ਮਨਿ ਵਸੈ[15] ॥ ਦੂਖੁ[16] ਦਰਦੁ[17] ਸਭੁ ਤਾ ਕਾ[18] ਨਸੈ[19] ॥੧॥

He, within whose mind abides[15] the Guru's word, all his[18] pangs[16] and pains[17] flee away[19].

ਜਿਸ ਦੇ ਹਿਰਦੇ ਅੰਦਰ ਗੁਰਾਂ ਦੀ ਬਾਣੀ ਨਿਵਾਸ[15] ਰਖਦੀ ਹੈ; ਉਸ ਦੀਆਂ[18] ਸਾਰੀਆਂ ਬੀਮਾਰੀਆਂ[16] ਅਤੇ ਪੀੜਾਂ[17] ਦੌੜ ਜਾਂਦੀਆਂ[19] ਹਨ।

੧੩੪੦

ਹਰਿ ਰੰਗਿ[20] ਰਾਤਾ[21] ਮਨੁ[22] ਰਾਮ ਗੁਨ[23] ਗਾਵੈ ॥ ਮੁਕਤੋ[24] ਸਾਧੂ ਧੂਰੀ[25] ਨਾਵੈ[26] ॥੧॥ ਰਹਾਉ॥

Imbued[21] with God's love[20], his mind[22] sings the Lord praises[23] and, bathing[26] in the dust[25] of the saints' feet, he is emancipated[24]. Pause.

ਹਰੀ ਦੇ ਪਿਆਰ[20] ਨਾਲ ਰੰਗਿਆ ਹੋਇਆ[21], ਉਸ ਦਾ ਮਨੂਆ[22] ਸਾਂਈਂ ਦੀ ਕੀਰਤੀ[23] ਗਾਇਨ ਕਰਦਾ ਹੈ ਅਤੇ ਸੰਤਾਂ ਦੇ ਪੈਰਾਂ ਦੀ ਧੂੜ[25] ਵਿਚ ਨਹਾ[26] ਕੇ, ਉਹ ਮੁਕਤ[24] ਹੋ ਜਾਂਦਾ ਹੈ। ਠਹਿਰਾਉ।

ਗੁਰ ਪਰਸਾਦੀ[27] ਉਤਰੇ ਪਾਰਿ ॥ ਭਉ[28] ਭਰਮੁ[29] ਬਿਨਸੇ[30] ਬਿਕਾਰ[31] ॥

By the Guru's grace[27], he is ferried across and is rid[30] of his fears[28], doubts[29] and sins[31].

ਗੁਰਾਂ ਦੀ ਮਿਹਰ[27] ਸਦਕਾ, ਉਹ ਪਾਰ ਉਤਰ ਜਾਂਦਾ ਹੈ ਅਤੇ ਉਸ ਦੇ ਡਰ[28], ਸੰਦੇਹ[29] ਅਤੇ ਪਾਪ[31] ਨਾਸ[30] ਹੋ ਜਾਂਦੇ ਹਨ।

ਮਨ[32] ਤਨ[33] ਅੰਤਰਿ[34] ਬਸੇ[36] ਗੁਰ ਚਰਨਾ[35] ॥

Within[34] his mind[32] and body[33] abide[36] the Guru's feet[35].

ਉਸ ਦੇ ਚਿਤ[32] ਤੇ ਸਰੀਰ[33] ਅੰਦਰ[34] ਗੁਰਾਂ ਦੇ ਪੈਰ[35] ਵੱਸਦੇ[36] ਹਨ।

ਨਿਰਭੈ[37] ਸਾਧ ਪਰੇ[38] ਹਰਿ ਸਰਨਾ[39] ॥੨॥

Sans any fear[37], the saint repairs[38] to the Lord's refuge[39].

ਨਿਡਰ[37] ਹੋ, ਸੰਤ ਪ੍ਰਭੂ ਦੀ ਪਨਾਹ[39] ਵਿਚ ਪਹੁੰਚ ਜਾਂਦਾ[38] ਹੈ।

ਅਨਦ[40] ਸਹਜ[41] ਰਸ[42] ਸੂਖ[43] ਘਨੇਰੇ[44] ॥

Joy[40], poise[41], pleasure[42] and peace[43], he has in plenty[44].

ਖ਼ੁਸ਼ੀ[40], ਅਡੋਲਤਾ[41], ਮੌਜ-ਬਹਾਰ[42] ਅਤੇ ਆਰਾਮ[43] ਉਸ ਦੇ ਕੋਲ ਬਹੁਤ[44] ਹੀ ਹੈ।

ਦੂਸਮਨੁ[45] ਦੂਖੁ[46] ਨ ਆਵੈ[47] ਨੇਰੈ[48] ॥	Enemy[45] and pain[46] come[47] not near[48] him.	ਵੈਰੀ[45] ਅਤੇ ਪੀੜ[46] ਉਸ ਦੇ ਲਾਗੇ[48] ਨਹੀਂ ਲਗਦੇ[47]।
ਗੁਰਿ ਪੂਰੈ[49] ਅਪੁਨੇ[50] ਕਰਿ[51] ਰਾਖੈ[52] ॥	Deeming[51] him as his own[50], the Perfect[49] Guru saves[52] him.	ਉਸ ਨੂੰ ਆਪਣਾ ਨਿਜ[50] ਦਾ ਜਾਣ[51], ਪੂਰਨ[49] ਗੁਰੂ ਉਸ ਦੀ ਰੱਖਿਆ ਕਰਦਾ[52] ਹੈ।
ਹਰਿ ਨਾਮੁ ਜਪਤ[53] ਕਿਲਬਿਖ[54] ਸਭਿ ਲਾਥੇ[55]॥ ੩॥	Contemplating[53] the God's Name, he is rid of[55] all his sins[54].	ਵਾਹਿਗੁਰੂ ਦੇ ਨਾਮ ਦਾ ਸਿਮਰਨ[53] ਕਰਨ ਦੁਆਰਾ, ਉਸ ਦੇ ਸਾਰੇ ਪਾਪ[54] ਨਸ਼ਟ ਹੋ ਜਾਂਦੇ[55] ਹਨ।
ਸੰਤ ਸਾਜਨ[56] ਸਿਖ[57] ਭਏ ਸੁਹੇਲੇ[58] ॥ ਗੁਰਿ ਪੂਰੈ[59] ਪ੍ਰਭ ਸਿਉ[60] ਲੈ ਮੇਲੇ[61] ॥	Illustrious[58] are the saints, friends[56] and the disciples[57] of the Guru. The Perfect[59] Guru, makes them meet[61] with[60] the Lord.	ਕੀਰਤੀਮਾਨ[58] ਹਨ ਗੁਰਾਂ ਦੇ ਸਾਧੂ, ਮਿੱਤਰ[56] ਅਤੇ ਮੁਰੀਦ[57]। ਪੂਰਨ[59] ਗੁਰਦੇਵ ਜੀ ਉਨ੍ਹਾਂ ਨੂੰ ਮਾਲਕ ਨਾਲ[60] ਮਿਲਾ[61] ਦਿੰਦੇ ਹਨ।
ਜਨਮ ਮਰਨ ਦੂਖ[62] ਫਾਹਾ[63] ਕਾਟਿਆ[64] ॥	The painful[62] noose[63] of their birth and death is snapped[64].	ਉਨ੍ਹਾਂ ਦੀ ਜੰਮਣ ਤੇ ਮਰਨ ਦੀ ਦੁਖਦਾਈ[62] ਫਾਂਸੀ[63] ਕੱਟੀ ਜਾਂਦੀ[64] ਹੈ।
ਕਹੁ ਨਾਨਕ ਗੁਰਿ ਪੜਦਾ[65] ਢਾਕਿਆ[66] ॥੪॥੮॥	Says Nanak, the Guru screens[66] their sins[65].	ਗੁਰੂ ਜੀ ਆਖਦੇ ਹਨ, ਗੁਰਦੇਵ ਉਨ੍ਹਾਂ ਦੇ ਪਾਪਾਂ[65] ਨੂੰ ਕਜ ਦਿੰਦਾ[66] ਹੈ।
ਪ੍ਰਭਾਤੀ ਮਹਲਾ ੫ ॥	Parbhati 5th Guru.	ਪ੍ਰਭਾਤੀ ਪੰਜਵੀਂ ਪਾਤਿਸ਼ਾਹੀ।
ਸਤਿਗੁਰਿ ਪੂਰੈ[67] ਨਾਮੁ ਦੀਆ[68] ॥ ਅਨਦ[69] ਮੰਗਲ[70] ਕਲਿਆਣ[71] ਸਦਾ[72] ਸੁਖੁ[73] ਕਾਰਜੁ[74] ਸਗਲਾ ਰਾਸਿ[75] ਥੀਆ ॥ ੧॥ਰਹਾਉ॥	The Perfect[67] True Guru has blessed[68] me with the Name and I have obtained joy[69], bliss[70], emancipation[71] and eternal[72] peace[73] and all my affairs[74] have been adjusted[75]. Pause.	ਪੂਰਨ[67] ਸਚੇ ਗੁਰਾਂ ਨੇ ਮੈਨੂੰ ਨਾਮ ਬਖ਼ਸ਼ਿਆ[68] ਹੈ ਅਤੇ ਮੈਂ ਖ਼ੁਸ਼ੀ[69], ਪ੍ਰਸੰਨਤਾ[70], ਮੁਕਤੀ[71] ਤੇ ਸਦੀਵੀ[72] ਆਰਾਮ[73] ਨੂੰ ਪਰਾਪਤ ਹੋ ਗਿਆ ਹਾਂ ਅਤੇ ਮੇਰੇ ਸਾਰੇ ਕੰਮ[74] ਦਰੁਸਤ[75] ਹੋ ਗਏ[75] ਹਨ। ਠਹਿਰਾਉ।
ਚਰਨ[76] ਕਮਲ[77] ਗੁਰ ਕੇ ਮਨਿ[83] ਵੂਠੇ[78] ॥ ਦੂਖ[79] ਦਰਦ[80] ਭ੍ਰਮ[81] ਬਿਨਸੇ[82] ਝੂਠੇ[83*] ॥੧॥	The Guru's lotus[77] feet[76] abide[78] in my mind[83], and as such, I am rid[82] of sufferings[79], pains[80] and false[83*] illusions[81].	ਗੁਰਾਂ ਦੇ ਕੰਵਲ[77] ਪੈਰ[76] ਮੇਰੇ ਹਿਰਦੇ[83] ਅੰਦਰ ਵਸਦੇ[78] ਹਨ, ਇਸ ਲਈ ਮੈਂ ਦੁਖੜਿਆਂ[79], ਪੀੜਾਂ[80] ਅਤੇ ਕੂੜੇ[83*] ਵਹਿਮਾਂ[81] ਤੋਂ ਖ਼ਲਾਸੀ[82] ਪਾ ਗਿਆ ਹਾਂ।
ਨਿਤ[84] ਉਠਿ[85] ਗਾਵਹੁ ਪ੍ਰਭ[86] ਕੀ ਬਾਣੀ ॥ ਆਠ ਪਹਰ[87] ਹਰਿ ਸਿਮਰਹੁ[88] ਪ੍ਰਾਣੀ[89] ॥੨॥	Rising[85] early, ever[84] sing, thou, the Lord's[86] holy word and, all the eight watches[87] through, contemplate[88] thy God, O mortal[89].	ਸਾਜਰੇ ਉਠ[85] ਕੇ, ਤੂੰ ਸਦਾ[84] ਹੀ ਗੁਰੂ-ਪ੍ਰਮੇਸ਼ਰ[86] ਦੀ ਬਾਣੀ ਗਾਇਨ ਕਰ ਅਤੇ ਸਮੂਹ ਦਿਨ ਤੇ ਰੈਣ[87] ਆਪਣੇ ਹਰੀ ਦਾ ਆਰਾਧਨ[88] ਕਰ, ਹੇ ਫ਼ਾਨੀ ਬੰਦੇ[89]!
ਘਰਿ[90] ਬਾਹਰਿ[91] ਪ੍ਰਭੁ ਸਭਨੀ ਥਾਈ[92] ॥	Within[90] and without[91], the Lord is in all the places[92].	ਅੰਦਰ[90] ਤੇ ਬਾਹਰ[91], ਸਾਈਂ ਸਾਰਿਆਂ ਥਾਵਾਂ[92] ਵਿਚ ਹੈ।
ਸੰਗਿ[93] ਸਹਾਈ[94] ਜਹ[95] ਹਉ[96] ਜਾਈ ॥੩॥	Wherever[95] I[96] go, God, my succourer[94], is always with[93] me.	ਜਿਥੇ[95] ਕਿਤੇ ਮੈਂ[96] ਜਾਂਦਾ ਹਾਂ, ਹਰੀ, ਮੇਰਾ ਸਹਾਇਕ[94] ਸਦਾ ਮੇਰੇ ਨਾਲ[93] ਹੁੰਦਾ ਹੈ।

ਦੁਇ[98] ਕਰ[99] ਜੋੜਿ[100] ਕਰੀ ਅਰਦਾਸਿ[2] ॥ ਸਦਾ[6] ਜਪੇ[3] ਨਾਨਕੁ [4]ਗੁਣ ਤਾਸੁ[5] ॥੪॥੯॥	Joining[100] both[98] my hands[99], I pray[2] to my God, that I, Nanak, may ever[6] meditate[3] on Him, the Treasure[5] of virtues[4].	ਆਪਣੇ ਦੋਨੋਂ[98] ਹੱਥ[99] ਬੰਨ੍ਹ[100] ਕੇ, ਮੈਂ ਆਪਣੇ ਵਾਹਿਗੁਰੂ ਅਗੇ ਬੇਨਤੀ ਕਰਦਾ[2] ਹਾਂ, ਕਿ ਮੈਂ, ਨਾਨਕ, ਸਦੀਵ[6] ਹੀ ਉਸ ਨੇਕੀਆਂ[4] ਦੇ ਖ਼ਜ਼ਾਨੇ[5] ਦਾ ਸਿਮਰਨ[3] ਕਰਦਾ ਰਹਾਂ।
ਪ੍ਰਭਾਤੀ ਮਹਲਾ ੫ ॥	Parbhati 5th Guru.	ਪ੍ਰਭਾਤੀ ਪੰਜਵੀਂ ਪਾਤਿਸ਼ਾਹੀ।
ਪਾਰਬ੍ਰਹਮੁ[6*] ਪ੍ਰਭੁ[7] ਸੁਘੜੁ[8] ਸੁਜਾਣੁ[9] ॥	All-wise[8] and Omniscient[9] is my Supreme Lord[6*] Master[7].	ਸਰਬ-ਸਿਆਣਾ[8] ਅਤੇ ਸਵਰਗ[9] ਹੈ ਮੇਰਾ ਸ੍ਰੇਸ਼ਟੀ ਸਾਹਿਬ[6*] ਮਾਲਕ[7]।
ਗੁਰੁ ਪੂਰਾ[10] ਪਾਈਐ [12]ਵਡਭਾਗੀ[13] ਦਰਸਨ[14] ਕਉ ਜਾਈਐ ਕੁਰਬਾਣੁ[15] ॥ ੧॥ਰਹਾਉ॥	Through the greatest[12] good fortune[13], the perfect[10] Guru is attained; unto his vision[14], I am a sacrifice[15]. Pause.	ਭਾਰੇ[12] ਚੰਗੇ ਨਸੀਬਾਂ[13] ਰਾਹੀਂ, ਪੂਰਨ[10] ਗੁਰਦੇਵ ਜੀ ਪ੍ਰਾਪਤ ਹੁੰਦੇ ਹਨ। ਉਨ੍ਹਾਂ ਦੇ ਦੀਦਾਰ[14] ਉਤੋਂ, ਮੈਂ ਘੋਲੀ ਵੰਞਦਾ[15] ਹਾਂ। ਠਹਿਰਾਉ।
ਕਿਲਬਿਖ[16] ਮੇਟੇ[20] ਸਬਦਿ[21] ਸੰਤੋਖੁ[22] ॥ ਨਾਮੁ ਅਰਾਧਨ[23] ਹੋਆ ਜੋਗੁ[24] ॥	Through the Guru's holy word[21], my sins[16] are effaced[20] and becoming worthy[24] of contemplating[23] the Name, I feel contented[22].	ਗੁਰਾਂ ਦੀ ਬਾਣੀ[21] ਰਾਹੀਂ ਮੇਰੇ ਪਾਪ[16] ਮਿਟ ਗਏ[20] ਹਨ ਅਤੇ ਨਾਮ ਦਾ ਸਿਮਰਨ[23] ਕਰਨ ਦੇ ਲਾਇਕ[24] ਹੋ, ਮੈਂ ਸੰਤੁਸ਼ਟ[22] ਹੋ ਗਿਆ ਹਾਂ।
ਸਾਧਸੰਗਿ ਹੋਆ ਪਰਗਾਸੁ[25] ॥ ਚਰਨ[26] ਕਮਲ ਮਨ ਮਾਹਿ ਨਿਵਾਸੁ[27] ॥੧॥	By the saints' society, my mind is illumined[25] and the Lord's lotus feet[26] abide[27] within my mind.	ਸਤਿਸੰਗਤ ਦੁਆਰਾ, ਮੇਰਾ ਚਿੱਤ ਰੋਸ਼ਨ ਹੋ ਗਿਆ[25] ਹੈ ਅਤੇ ਪ੍ਰਭੂ ਦੇ ਪਵਿੱਤ੍ਰ ਚਰਨ[26] ਮੇਰੇ ਚਿੱਤ ਅੰਦਰ ਵਸਦੇ[27] ਹਨ।
ਜਿਨਿ ਕੀਆ[28] ਤਿਨਿ[29] ਲੀਆ ਰਾਖਿ[30] ॥	He[29], who has created[28] me, has saved[30] me too.	ਜਿਸ ਨੇ ਮੈਨੂੰ ਰਚਿਆ[28] ਹੈ, ਉਸ[29] ਨੇ ਮੇਰੀ ਰੱਖਿਆ[30] ਭੀਕੀਤੀ ਹੈ।
ਪ੍ਰਭੁ ਪੂਰਾ[31] ਅਨਾਥ[32] ਕਾ ਨਾਥੁ[33] ॥	The perfect[31] Lord is the Master[33] of the Masterless[32].	ਪੂਰਨ[31] ਪ੍ਰਭੂ ਨਿਖਸਮਿ[32] ਦਾ ਖ਼ਸਮ[33] ਹੈ।
ਜਿਸਹਿ ਨਿਵਾਜੇ[34] ਕਿਰਪਾ[35] ਧਾਰਿ ॥ ਪੂਰਨ[36] ਕਰਮ[37] ਤਾ ਕੇ[38] ਆਚਾਰ[39] ॥੨॥	Whomsoever, the Lord mercifully[35] glorifies[34], perfect[36] become his[38] deeds[37] and conduct[39].	ਜਿਸ ਕਿਸੇ ਨੂੰ ਮਿਹਰ ਕਰਕੇ[35] ਸਾਂਈਂ ਵਡਿਆਉਂਦਾ[34] ਹੈ; ਮੁਕੰਮਲ[36] ਥੀ ਵੰਞਦੇ ਹਨ ਉਸ ਦੇ[38] ਅਮਲ[37] ਅਤੇ ਚਾਲ-ਚਲਨ[39]।
ਗੁਣ[40] ਗਾਵੈ ਨਿਤ[41] ਨਿਤ[42] ਨਿਤ ਨਵੇ[43] ॥	He ever[41] sings the ever[42]-new[43] praises[40] of the Lord.	ਉਹ ਹਮੇਸ਼ਾ[41] ਹੀ ਸੁਆਮੀ ਦੀਆਂ ਸਦੀਵੀ[42] ਨਵੀਆਂ[43] ਸਿਫ਼ਤਾਂ[40] ਗਾਉਂਦਾ ਹੈ।
ਲਖ ਚਉਰਾਸੀਹ ਜੋਨਿ[44] ਨ ਭਵੇ[45] ॥	He wanders[45] not in eighty four lakhs of existences[44] then.	ਫਿਰ ਉਹ ਚੁਰਾਸੀ ਲੱਖ ਜੂਨੀਆਂ[44] ਅੰਦਰ ਨਹੀਂ ਭਟਕਦਾ[45]।
ਈਹਾਂ[46] ਊਹਾਂ[47] ਚਰਣ[48] ਪੂਜਾਰੇ[49] ॥	Here[46] and hereafter[47], he adores[49] the Lord's feet[48].	ਏਥੇ[46] ਅਤੇ ਓਥੇ[47] ਉਹ, ਪ੍ਰਭੂ ਦੇ ਪੈਰਾਂ[48] ਦੀ ਉਪਾਸ਼ਨਾ ਕਰਦਾ[49] ਹੈ।
ਮੁਖੁ[50] ਊਜਲ[51] ਸਾਚੇ ਦਰਬਾਰੇ[52] ॥੩॥॥	Bright[51] becomes his face[50], in the True court[52]. (He is honoured).	ਰੋਸ਼ਨ[51] ਹੋ ਜਾਂਦਾ ਹੈ ਉਸ ਦਾ ਚਿਹਰਾ[50], ਸੱਚੀ ਦਰਗਾਹ[52] ਅੰਦਰ (ਉਨ੍ਹਾਂ ਨੂੰ ਇੱਜ਼ਤ ਮਾਣ ਮਿਲਦਾ ਹੈ)।

ਜਿਸੁ ਮਸਤਕਿ[53] ਗੁਰਿ ਧਰਿਆ[54] ਹਾਥੁ ॥ ਕੋਟਿ[55] ਮਧੇ[56] ਕੋ ਵਿਰਲਾ[57] ਦਾਸੁ[58] ॥

He, on whose forehead[53], the Guru places[54] his hand, rare[57], out of[56] millions[55], is such a slave[58], indeed.

ਜਿਸ ਦੇ ਮੱਥੇ[53] ਉਤੇ ਗੁਰੂ ਜੀ ਆਪਣਾ ਹੱਥ ਰਖਦੇ[54] ਹਨ; ਕ੍ਰੋੜਾਂ[55] ਵਿਚੋਂ[56] ਕੋਈ ਟਾਂਵਾ ਜਨਾ[57] ਹੀ ਉਸ ਦਾ ਐਹੋ ਜਿਹਾ ਗੋਲਾ[58] ਹੈ ।

ਜਲਿ[59] ਥਲਿ[60] ਮਹੀਅਲਿ[61] ਪੇਖੈ[62] ਭਰਪੂਰਿ[63] ॥

He sees[62] the Lord pervading[63] the Water[59], the Earth[60] and the inter-space[61].

ਉਹ ਸੁਆਮੀ ਨੂੰ ਸਮੁੰਦਰ[59], ਜ਼ਮੀਨ[60] ਤੇ ਅਸਮਾਨ[61] ਨੂੰ ਪਰੀਪੂਰਨ[63] ਕਰ ਰਿਹਾ ਵੇਖਦਾ[62] ਹੈ ।

ਨਾਨਕ ਉਧਰਸਿ[64] ਤਿਸੁ[65] ਜਨ[66] ਕੀ ਧੂਰਿ[67] ॥੪॥ ੧੦॥

One is emancipated[64] with the dust[67] of that[65] slave's[68] feet, says Nanak.

ਗੁਰੂ ਨਾਨਕ ਦੇਵ ਅਨੁਸਾਰ ਉਸ[65] ਗੋਲੇ[66] ਦੇ ਪੈਰਾਂ ਦੀ ਧੂੜ[67] ਨਾਲ ਬੰਦੇ ਦਾ ਪਾਰ ਉਤਾਰਾ[64] ਹੋ ਗਿਆ ਹੈ ।

ਪ੍ਰਭਾਤੀ ਮਹਲਾ ੫ ॥

Parbhati 5th Guru.

ਪ੍ਰਭਾਤੀ ਪੰਜਵੀਂ ਪਾਤਿਸ਼ਾਹੀ ।

ਕੁਰਬਾਣੁ[68] ਜਾਈ ਗੁਰ ਪੂਰੇ[69] ਅਪਨੇ ॥ ਜਿਸੁ ਪ੍ਰਸਾਦਿ[70] ਹਰਿ ਹਰਿ[71] ਜਪੁ[72] ਜਪਨੇ[73] ॥੧॥ ਰਹਾਉ॥

A sacrifice[68] am I unto my Perfect[69] Guru, by whose grace[70], I utter[73] the Name[72] of my Lord God[71]. Pause.

ਬਲਿਹਾਰ[68] ਵੰਞਦਾ ਹਾਂ, ਮੈਂ ਆਪਣੇ ਪੂਰਨ[69] ਗੁਰਦੇਵ ਜੀ ਤੋਂ, ਜਿਨ੍ਹਾਂ ਦੀ ਮਿਹਰ[70] ਸਦਕਾ, ਮੈਂ ਆਪਣੇ ਸੁਆਮੀ[71] ਵਾਹਿਗੁਰੂ ਦੇ ਨਾਮ[72] ਨੂੰ ਉਚਾਰਦਾ[73] ਹਾਂ । ਠਹਿਰਾਉ ।

ਅੰਮ੍ਰਿਤ[74] ਬਾਣੀ ਸੁਣਤ ਨਿਹਾਲ[75] ॥ ਬਿਨਸਿ[76] ਗਏ ਬਿਖਿਆ[77] ਜੰਜਾਲ[78] ॥ ੧॥

Hearing the Guru's holy words[74], I have been enraptured[75] and all my involvements[78] of the poisonous[77] sins are past[76].

ਗੁਰਾਂ ਦੀ ਸੁਧਾ ਸਰੂਪ ਬਾਣੀ[74] ਨੂੰ ਸੁਣਨ ਦੁਆਰਾ, ਮੈਂ ਪਰਮ ਪ੍ਰਸੰਨ ਥੀ ਗਿਆ[75] ਹਾਂ ਅਤੇ ਜ਼ਹਿਰੀਲੇ[77] ਪਾਪਾਂ ਦੇ ਮੇਰੇ ਸਾਰੇ ਪੁਆੜੇ[78] ਮੁਕ ਗਏ[76] ਹਨ ।

ਸਾਚ ਸਬਦ[79] ਸਿਉ ਲਾਗੀ ਪ੍ਰੀਤਿ[80] ॥ ਹਰਿ ਪ੍ਰਭੁ ਅਪੁਨਾ ਆਇਆ[81] ਚੀਤਿ ॥੨॥

I am now in love[80] with the True Name[79] and meditate[81] on my Lord, the God.

ਮੇਰਾ ਹੁਣ ਸੱਚੇ ਨਾਮ[79] ਨਾਲ ਪਿਆਰ[80] ਪੈ ਗਿਆ ਹੈ ਅਤੇ ਮੈਂ ਆਪਣੇ ਵਾਹਿਗੁਰੂ ਸੁਆਮੀ ਨੂੰ ਸਿਮਰਦਾ[81]ਹਾਂ ।

ਨਾਮੁ ਜਪਤ[82] ਹੋਆ ਪਰਗਾਸੁ[83] ॥ ਗੁਰ ਸਬਦੇ[84] ਕੀਨਾ ਰਿਦੈ ਨਿਵਾਸੁ[85] ॥ ੩॥

Contemplating[82] the Name, my heart is illumined[83] and the Guru's word[84] has come to abide[85] within my mind.

ਨਾਮ ਦਾ ਆਰਾਧਨ ਕਰਨ ਦੁਆਰਾ[82], ਮੇਰਾ ਦਿਲ ਰੋਸ਼ਨ ਹੋ ਗਿਆ[83] ਹੈ ਅਤੇ ਗੁਰਾਂ ਦੀ ਬਾਣੀ[84] ਮੇਰੇ ਹਿਰਦੇ ਵਿਚ ਟਿਕ ਗਈ[85] ਹੈ ।

੧੩੪੧

ਗੁਰ ਸਮਰਥ[86] ਸਦਾ ਦਇਆਲ[87] ॥

My Guru is all-powerful[86] and ever merciful[87].

ਮੇਰੇ ਗੁਰੂ ਜੀ ਸਰਬ-ਸ਼ਕਤੀਵਾਨ[86] ਤੇ ਹਮੇਸ਼ਾਮਿਹਰਬਾਨ[87] ਹਨ ।

ਹਰਿ ਜਪਿ[88] ਜਪਿ ਨਾਨਕ ਭਏ ਨਿਹਾਲ[89] ॥੪॥੧੧॥

Contemplating[88] and remembering the Lord, I attain to perfect happiness[85], says Nanak.

ਸੁਆਮੀ ਦਾ ਸਿਮਰਨ[88] ਤੇ ਆਰਾਧਨ ਕਰਕੇ, ਮੈਂ ਪਰਮ ਪ੍ਰਸੰਨ[89] ਥੀ ਗਿਆ ਹਾਂ, ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ ।

ਪ੍ਰਭਾਤੀ ਮਹਲਾ ੫ ॥

Parbhati 5th Guru.

ਪ੍ਰਭਾਤੀ ਪੰਜਵੀਂ ਪਾਤਿਸ਼ਾਹੀ ।

ਗੁਰੁ[90] ਗੁਰੁ ਕਰਤ[91]

Uttering[91] ever the Guru's Name[90], I

ਵੱਡੇ ਗੁਰਾਂ[90] ਦਾ ਸਿਮਰਨ ਕਰਨ ਦੁਆਰਾ[91], ਮੈਨੂੰ

ਸਦਾ[92] ਸੁਖੁ[93] ਪਾਇਆ[94] ॥
ਦੀਨ[95] ਦਇਆਲ[96] ਭਏ[98] ਕਿਰਪਾਲਾ[97] ਅਪਣਾ ਨਾਮੁ ਆਪਿ[99] ਜਪਾਇਆ[100] ॥ ੧॥ਰਹਾਉ॥
ਸੰਤਸੰਗਤਿ ਮਿਲਿ[2] ਭਇਆ ਪ੍ਰਗਾਸ[3] ॥
ਹਰਿ[4] ਹਰਿ ਜਪਤ[5] ਪੂਰਨ[6] ਭਈ ਆਸ[7] ॥੧॥
ਸਰਬ[8] ਕਲਿਆਣ[9] ਸੂਖ ਮਨਿ ਵੂਠੇ[10] ॥
ਹਰਿ ਗੁਣ[12] ਗਾਏ[13] ਗੁਰ ਨਾਨਕ ਤੂਠੇ[14] ॥੨॥੧੨॥

am blessed with[94] eternal[92] peace[93].
The Master, merciful[96] to the meek[95], has become[98] compassionate[97] unto me and He, of Himself[99], has made me utter[100] His Name. Pause.
Associating[2] with the saints' society, my mind is illumined[3].
Uttering[5] the Lord's Name[4], my hope[7] is fulfilled[6].
I am blessed with all[8] the salvations[9] and peace has entered[10] my mind.
Guru Nanak has become merciful[14] unto me and I now sing[13] my God's praises[12].

ਸਦੀਵੀ[92] ਆਰਾਮ[93] ਪ੍ਰਾਪਤ ਹੋ ਗਿਆ[94] ਹੈ ।
ਮਸਕੀਨਾਂ[95] ਤੇ ਮਿਹਰਬਾਨ[96] ਮਾਲਕ, ਮੇਰੇ ਉਤੇ ਮਿਹਰਬਾਨ[97] ਹੋ ਗਿਆ[98] ਹੈ ਅਤੇ ਉਸ ਨੇ, ਆਪ[99] ਹੀ, ਆਪਣੇ ਨਾਮ ਦਾ ਉਚਾਰਨ[100] ਮੇਰੇ ਪਾਸੋਂ ਕਰਵਾਇਆ ਹੈ । ਠਹਿਰਾਉ ।
ਸਾਧ ਸੰਗਤ ਨਾਲ ਜੁੜਨ ਦੁਆਰਾ[2], ਮੇਰਾ ਮਨ ਰੌਸ਼ਨ ਹੋ ਗਿਆ[3] ਹੈ ।
ਸੁਆਮੀ ਦੇ ਨਾਮ[4] ਦਾ ਉਚਾਰਨ ਕਰਨ ਦੁਆਰਾ[5], ਮੇਰੀ ਉਮੈਦ[7] ਪੂਰੀ ਹੋ ਗਈ[6] ਹੈ ।
ਮੈਨੂੰ ਸਾਰੀਆਂ[8] ਮੁਕਤੀਆਂ[9] ਪ੍ਰਾਪਤ ਹੋ ਗਈਆਂ ਹਨ ਅਤੇ ਆਰਾਮ ਮੇਰੇ ਚਿੱਤ ਅੰਦਰ ਪ੍ਰਵੇਸ਼ ਕਰ ਗਿਆ[10] ਹੈ ।
ਗੁਰੂ ਨਾਨਕ ਦੇਵ ਮੇਰੇ ਉਤੇ ਮਿਹਰਬਾਨ[14] ਹੋ ਗਏ ਹਨ ਅਤੇ ਮੈਂ ਹੁਣ ਆਪਣੇ ਵਾਹਿਗੁਰੂ ਦੀਆਂ ਸਿਫ਼ਤਾਂ[12] ਗਾਇਨ ਕਰਦਾ[13] ਹਾਂ ।

ਪ੍ਰਭਾਤੀ ਮਹਲਾ ੫
ਘਰੁ ੨ ਬਿਭਾਸ

Parbhati 5th Guru
Bibhas

ਪ੍ਰਭਾਤੀ ਪੰਜਵੀਂ ਪਾਤਿਸ਼ਾਹੀ
ਬਿਭਾਸ

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, is He obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਅਵਰੁ[15] ਨ ਦੂਜਾ[16] ਠਾਉ[27] ॥ ਨਾਹੀ ਬਿਨੁ[28] ਹਰਿ ਨਾਉ ॥
ਸਰਬ[29] ਸਿਧਿ[30] ਕਲਿਆਨ[31] ॥ ਪੂਰਨ[32] ਹੋਹਿ ਸਗਲ ਕਾਮ[33] ॥੧॥
ਹਰਿ ਕੋ ਨਾਮੁ ਜਪੀਐ ਨੀਤ[34] ॥
ਕਾਮ[35] ਕ੍ਰੋਧ[36] ਅਹੰਕਾਰੁ[37] ਬਿਨਸੈ[38] ਲਗੈ ਏਕੈ ਪ੍ਰੀਤਿ[39] ॥੧॥ਰਹਾਉ॥
ਨਾਮਿ ਲਾਗੈ[40] ਦੂਖੁ[41] ਭਾਗੈ[42] ਸਰਨਿ[43] ਪਾਲਨ[44] ਜੋਗੁ ॥
ਸਤਿਗੁਰੁ ਭੇਟੈ[45] ਜਮੁ[46]

Without[28] the God's Name, there is no other[15] second[16] place[27] of rest.
Thiswise, man is blessed with all[29] the successes[30] and salvation[31] and all his affairs[33] are fulfilled[32].
Ever[34] utter thou, the Lord's Name.
Through it, thou shalt be rid of[38] lust[35], wrath[36] and ego[37] and shalt be attuned[39] to the One Lord. Pause.
Attached[40] to the Name, distress[41] departs[42] and whosoever seeks God's refuge[43], him, He sustains[44].
He, who is so pre[48]-destined[49], meets[45]

ਵਾਹਿਗੁਰੂ ਦੇ ਨਾਮ ਦੇ ਬਗੈਰ[28], ਹੋਰ ਕੋਈ[15] ਦੂਸਰੀ[16] ਜਗ੍ਹਾ[27] ਆਰਾਮ ਦੀ ਨਹੀਂ ।
ਇਸ ਤਰ੍ਹਾਂ, ਜੀਵ ਨੂੰ ਸਾਰੀਆਂ[29] ਕਾਮਯਾਬੀਆਂ[30] ਤੇ ਮੁਕਤੀ[31] ਪ੍ਰਾਪਤ ਹੋ ਜਾਂਦੀ ਹੈ ਅਤੇ ਉਸ ਦੇ ਸਾਰੇ ਕਾਰਜ[33] ਪੂਰੇ ਬੀ ਵੰਝਦੇ[32] ਹਨ ।
ਤੂੰ ਸਦਾ[34] ਸੁਆਮੀ ਦੇ ਨਾਮ ਦਾ ਉਚਾਰਨ ਕਰ ।
ਇਸ ਦੇ ਰਾਹੀਂ, ਤੂੰ ਵਿਸ਼ੇ ਭੋਗ[35], ਗੁੱਸੇ[36] ਅਤੇ ਹੰਕਾਰ[37] ਤੋਂ ਖ਼ਲਾਸੀ ਪਾ ਜਾਵੇਂਗਾ[38] ਅਤੇ ਇਕ ਪ੍ਰਭੂ ਨਾਲ ਤੇਰੀ ਪਿਰਹੜੀ[39] ਪੈ ਜਾਵੇਗੀ । ਠਹਿਰਾਉ ।
ਨਾਮ ਨਾਲ ਜੁੜਨ ਦੁਆਰਾ[40], ਦੁਖੜਾ[41] ਦੂਰ ਹੋ ਜਾਂਦਾ[42] ਹੈ ਅਤੇ ਜੋ ਕੋਈ ਭੀ ਹਰੀ ਦੀ ਪਨਾਹ[43] ਲੈਂਦਾ ਹੈ, ਉਸ ਦੀ ਉਹ ਪ੍ਰਵਰਸ਼ ਕਰਦਾ[44] ਹੈ ।
ਜਿਸ ਦੀ ਮੁੱਢਲੀ[48] ਐਹੋ ਜੇਹੀ ਲਿਖਤਾਕਾਰ[49] ਹੈ, ਉਹ

ਨ ਤੇਟੈ[47] ਜਿਸੁ ਧੁਰਿ[46] ਹੋਵੈ ਸੰਜੋਗੁ[49] ॥੨॥

with the True Guru and falls not in the clutches[47] of death's courier[46].

ਸੱਚੇ ਗੁਰਾਂ ਨੂੰ ਮਿਲ ਪੈਂਦਾ[45] ਹੈ ਤੇ ਜਮਦੂਤ[46] ਦੇ ਪੰਜੇ[47] ਵਿਚ ਨਹੀਂ ਫਸਦਾ।

ਰੈਨਿ[50] ਦਿਨਸੁ[51] ਧਿਆਇ[52] ਹਰਿ ਹਰਿ ਤਜਹੁ[53] ਮਨ ਕੇ ਭਰਮ[54] ॥

Night[50] and day[51], meditate[52] thou on the Lord God, by shedding[53] your mind's illusions[54].

ਆਪਣੇ ਚਿੱਤ ਦੇ ਵਹਿਮਾਂ[54] ਨੂੰ ਛੱਡ[53] ਕੇ, ਤੂੰ ਰਾਤ੍ਰੀ[50] ਤੇ ਦਿਹੁੰ[51] ਆਪਣੇ ਵਾਹਿਗੁਰੂ ਸੁਆਮੀ ਦਾ ਸਿਮਰਨ[52] ਕਰ।

ਸਾਧਸੰਗਤਿ ਹਰਿ ਮਿਲੈ ਜਿਸਹਿ ਪੂਰਨ[55] ਕਰਮ[56] ॥ ੩॥

He, who is blessed with perfect[55] good fortune[56], meets the Lord, through the saints' society.

ਜਿਸ ਦੀ ਪ੍ਰਾਲਭਧ[56] ਐਨ ਪੂਰੀ[55] ਹੈ; ਸਤਿਸੰਗਤ ਰਾਹੀਂ ਉਸ ਨੂੰ ਸੁਆਮੀ ਮਿਲ ਪੈਂਦਾ ਹੈ।

ਜਨਮ[57] ਜਨਮ ਬਿਖਾਦ[58] ਬਿਨਸੇ[59] ਰਾਖਿ[60] ਲੀਨੇ ਆਪਿ[61] ॥

Whomsoever, the Lord, of Himself[61], protects[60], his sins[58] of myriads of births[57] are destroyed[59].

ਜਿਸ ਕਿਸੇ ਦੀ ਪ੍ਰਭੂ ਖ਼ੁਦ[61] ਰੱਖਿਆ ਕਰਦਾ[60] ਹੈ, ਉਸ ਦੇ ਕ੍ਰੋੜਾਂ ਜਨਮਾਂ[57] ਦੇ ਪਾਪ[58] ਨਾਸ ਹੋ ਜਾਂਦੇ[59] ਹਨ।

ਮਾਤ[62] ਪਿਤਾ[63] ਮੀਤ[64] ਭਾਈ[65] ਜਨ[66] ਨਾਨਕ ਹਰਿ ਹਰਿ ਜਾਪ[67] ॥੪॥ ੧॥੧੩॥

O slave[66] Nanak, the Lord alone is thy mother[62], father[63], friend[64] and brother[65], so, ever contemplate[67] thou, thy Lord God.

ਹੇ ਗੋਲੇ[66] ਨਾਨਕ ! ਕੇਵਲ ਸੁਆਮੀ ਹੀ ਤੇਰੀ ਅੰਮੜੀ[62], ਬਾਬਲ[63], ਮਿੱਤਰ[64] ਅਤੇ ਭਰਾ[65] ਹੈ, ਇਸ ਲਈ ਤੂੰ ਸਦਾ ਹੀ ਆਪਣੇ ਸੁਆਮੀ ਵਾਹਿਗੁਰੂ ਦਾ ਸਿਮਰਨ[67] ਕਰ।

ਪ੍ਰਭਾਤੀ ਮਹਲਾ ੫
ਬਿਭਾਸ ਪੜਤਾਲ

Parbhati 5th Guru
Bibhas Partal

ਪ੍ਰਭਾਤੀ ਪੰਜਵੀਂ ਪਾਤਿਸ਼ਾਹੀ
ਬਿਭਾਸ ਪੜਤਾਲ

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, is He obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਰਮ[68] ਰਾਮ ਰਾਮ[69] ਰਾਮ[70] ਜਾਪ[71] ॥

Utter[71] thou, thy beauteous[68] Lord Master's[69] Name[70].

ਤੂੰ ਆਪਣੇ ਸੁੰਦਰ[68] ਸੁਆਮੀ-ਮਾਲਕ[69] ਦੇ ਨਾਮ[70] ਦਾ ਉਚਾਰਨ[71] ਕਰ।

ਕਲਿ[72] ਕਲੇਸ[73] ਲੋਭ[74] ਮੋਹ[75] ਬਿਨਸਿ[76] ਜਾਇ [77]ਅਹੰਤਾਪ[78] ॥੧॥ਰਹਾਉ॥

Thus shalt thou be rid[76] of strifes[72], sufferings[73], avarice[74], worldly love[75] and the malady[78] of ego[77]. Pause.

ਇਸ ਤਰ੍ਹਾਂ ਤੂੰ ਝਗੜਿਆਂ[72], ਦੁਖੜਿਆਂ[73], ਲਾਲਚ[74], ਸੰਸਾਰੀ ਮਮਤਾ[75] ਤੇ ਹੰਕਾਰ[77] ਦੀ ਬੀਮਾਰੀ[78] ਤੋਂ ਖ਼ਲਾਸੀ ਪਾ ਜਾਵੇਂਗਾ[76]। ਠਹਿਰਾਉ।

ਆਪੁ[79] ਤਿਆਗਿ[80] ਸੰਤ ਚਰਨ[81] ਲਾਗਿ[82] ਮਨੁ[83] ਪਵਿਤੁ[84] ਜਾਹਿ[85] ਪਾਪ[86] ॥ ੧॥

Shedding[80] thy self-conceit[79] and repairing[82] to the saints' feet[81], thy soul[83] shall be sanctified[84] and thy sins[86] shall be washed off[85].

ਆਪਣੀ ਸਵੈ-ਹੰਗਤਾ[79] ਨੂੰ ਛੱਡਣ[80] ਅਤੇ ਸਾਧੂਆਂ ਦੇ ਪੈਰੀਂ[81] ਪੈਣ[82] ਦੁਆਰਾ, ਤੇਰੀ ਆਤਮਾ[83] ਪਾਵਨ ਪੁਨੀਤ[84] ਹੋ ਜਾਵੇਗੀ ਅਤੇ ਤੇਰੇ ਕਸਮਲ[86] ਧੋਤੇ ਜਾਣਗੇ[85]।

ਨਾਨਕੁ ਬਾਰਿਕੁ[87] ਕਛੂ ਨ ਜਾਨੈ ਰਾਖਨ[88] ਕਉ ਪ੍ਰਭੁ ਮਾਈ[89] ਬਾਪ[90] ॥੨॥੧॥ ੧੪॥

Nanak, Thy child[87], knows naught; protect[88] Thou me, O Lord, my Mother[89] as also my Father[90].

ਨਾਨਕ, ਤੇਰਾ ਬੱਚਾ[87], ਕੁਝ ਭੀ ਨਹੀਂ ਜਾਣਦਾ, ਮੇਰੀ ਰੱਖਿਆ[88] ਕਰ, ਹੇ ਮੇਰੇ ਸੁਆਮੀ ਕਿਉਂ ਜੋ ਤੂੰ ਮੇਰੀ ਮਾਤਾ[89] ਵੀ ਹੈ ਅਤੇ ਪਿਤਾ[90] ਵੀ।

ਪ੍ਰਭਾਤੀ ਮਹਲਾ ੫ ॥

Parbhati 5th Guru.

ਪ੍ਰਭਾਤੀ ਪੰਜਵੀਂ ਪਾਤਿਸ਼ਾਹੀ।

ਚਰਨ[91] ਕਮਲ[92] ਸਰਨਿ[93]

I am blessed with the protection[93] and

ਮੈਨੂੰ ਪ੍ਰਭੂ ਦੇ ਕੰਵਲ[92] ਪੈਰਾਂ[91] ਦੀ ਪਨਾਹ[93] ਅਤੇ

ਟੇਕ[94] ॥	support[94] of the Lord's lotus[82] feet[91].	ਆਸਰਾ[94] ਹੈ ।
ਊਚ[95] ਮੂਚ[96] ਬੇਅੰਤੁ[97] ਠਾਕੁਰੁ ਸਰਬ[98] ਊਪਰਿ[99] ਤੁਹੀ ਏਕ[100] ॥੧॥ਰਹਾਉ॥	Lofty[95], grand[96] and infinite[97] art Thou, O my Lord. Thou alone[100] art over and above[99] all[98]. Pause.	ਬੁਲੰਦ[95], ਵੱਡਾ[96] ਅਤੇ ਅਨੰਤ[97] ਹੈਂ ਤੂੰ, ਹੇ ਮੇਰੇ ਪ੍ਰਭੂ ! ਕੇਵਲ[100] ਤੂੰ ਹੀ ਸਾਰਿਆਂ[98] ਦੇ[99] ਉਤੋਂ ਦੀ ਹੈਂ । ਠਹਿਰਾਉ ।
ਪ੍ਰਾਨ[2] ਅਧਾਰ[3] ਦੁਖ[4] ਬਿਦਾਰ[5] ਦੈਨਹਾਰ[6] ਬੁਧਿ[7] ਬਿਬੇਕ[8] ॥੧॥	God is the prop[3] of life[2], the Destroyer[5] of distress[4] and the Giver[6] of discerning[8] intellect[7].	ਹਰ ਜ਼ਿੰਦਗੀ[2] ਦਾ ਆਸਰਾ[3], ਕਲੇਸ਼[4] ਕੱਟਣਹਾਰ[5] ਅਤੇ ਪ੍ਰਬੀਨ[8] ਅਕਲ[7] ਦੇਣ ਵਾਲਾ[6] ਹੈ, ਵਾਹਿਗੁਰੂ ।
ਨਮਸਕਾਰ ਰਖਨਹਾਰ ਮਨਿ ਅਰਾਧਿ ਪ੍ਰਭੂ ਮੇਕ[7]* ॥	Within Thy mind, contemplate thou, the one[7]* Lord, the Saviour, who is worthy of obeisance.	ਆਪਣੇ ਚਿੱਤ ਅੰਦਰ ਤੂੰ ਰੱਖਣਹਾਰ ਅਦੁੱਤੀ[7]* ਸੁਆਮੀ ਦਾ ਸਿਮਰਨ ਕਰ ਜੋ ਪ੍ਰਨਾਮ ਕਰਨ ਯੋਗ ਹੈ ।
ਸੰਤ ਰੇਨੁ[9] ਕਰਉ ਮਜਨੁ[10] ਨਾਨਕ ਪਾਵੈ[12] ਸੁਖ ਅਨੇਕ[13] ॥੨॥੨॥੧੫॥	Bathing[10] in the dust[9] of the saints' feet, Nanak is blessed[12] with good many[13] comforts.	ਸਾਧੂਆਂ ਦੇ ਪੈਰਾਂ ਦੀ ਧੂੜ[9] ਅੰਦਰ ਇਸ਼ਨਾਨ ਕਰਨ[10] ਦੁਆਰਾ, ਨਾਨਕ ਨੂੰ ਘਣੇਰੇ[13] ਹੀ ਆਰਾਮ ਪ੍ਰਾਪਤ ਹੋ ਗਏ[12] ਹਨ ।
੧੩੪੨		
ਪ੍ਰਭਾਤੀ ਅਸਟਪਦੀਆ ਮਹਲਾ ੧ ਬਿਭਾਸ	Parbhati Ashtpadis Ist Guru Bibhas	ਪ੍ਰਭਾਤੀ ਅਸ਼ਟਪਦੀਆਂ ਪਹਿਲੀ ਪਾਤਿਸ਼ਾਹੀ ਬਿਭਾਸ
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, is He obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।
ਦੁਬਿਧਾ[14] ਬਉਰੀ[15] ਮਨੁ ਬਉਰਾਇਆ[16] ॥	The mad[15] duality[14] has maddened[16] man's mind.	ਕਮਲੇ[15] ਦਵੈਤ-ਭਾਵ[14] ਨੇ ਮਨੁਸ਼ ਦੇ ਮਨੂਏ ਨੂੰ ਕਮਲਾ ਕਰ ਦਿੱਤਾ[16] ਹੈ ।
ਝੂਠੈ[17] ਲਾਲਚਿ[18] ਜਨਮੁ[19] ਗਵਾਇਆ[20] ॥	In false[17] avarice[18], he has wasted[20] his life[19].	ਕੂੜੇ[17] ਲਾਲਚ[18] ਅੰਦਰ ਉਸ ਨੇ ਆਪਣਾ ਜੀਵਨ[19] ਗੁਆ ਲਿਆ[20] ਹੈ ।
ਲਪਟਿ[21] ਰਹੀ ਫੂਨਿ[22] ਬੰਧੁ[23] ਨ ਪਾਇਆ ॥	Duality[22] has clung[21] to the mortals and no one has stemmed[23] the rot.	ਦਵੈਤ-ਭਾਵ[22] ਪ੍ਰਾਣੀਆਂ ਨੂੰ ਚਿਮੜੀ ਹੋਈ[21] ਹੈ ਅਤੇ ਕਿਸੇ ਨੇ ਭੀ ਇਸ ਨੂੰ ਠੱਲ੍ਹ ਨਹੀਂ ਪਾਈ[23] ।
ਸਤਿਗੁਰਿ ਰਾਖੇ[24] ਨਾਮੁ ਦ੍ਰਿੜਾਇਆ[25] ॥੧॥	Implanting[25] the Name within him, the True Guru alone saves[24] man from it.	ਉਸ ਦੇ ਹਿਰਦੇ ਅੰਦਰ ਨਾਮ ਦਾ ਵਾਸਾ[25] ਕਰਕੇ ਕੇਵਲ ਸੱਚੇ ਗੁਰੂ ਹੀ ਮਨੁਸ਼ ਨੂੰ ਇਸ ਤੋਂ ਬਚਾ ਲੈਂਦੇ[24] ਹਨ ।
ਨਾ ਮਨੁ ਮਰੈ[26] ਨ ਮਾਇਆ[27] ਮਰੈ ॥	Without controlling[26] mind's desires, mammon[27] is conquered not.	ਮਨੂਆ ਨੂੰ ਕਾਬੂ[26] ਕੀਤੇ ਬਿਨਾਂ ਮੋਹਨੀ[27] ਨਹੀਂ ਮਰਦੀ ।
ਜਿਨਿ ਕਿਛੁ[28] ਕੀਆ[29] ਸੋਈ[30] ਜਾਣੈ[31] ਸਬਦੁ[29] ਵੀਚਾਰਿ[33] ਭਉ[34] ਸਾਗਰੁ[35] ਤਰੈ[36] ॥੧॥ਰਹਾਉ॥	He, who has created[29] this all aught[28]; he alone[30] understands[31] its mystery. Contemplating[33] the Guru's word[32], one is ferried across[36] the dreadful[34] world ocean[35]. Pause.	ਜਿਸ ਨੇ ਇਹ ਸਾਰਾ ਕੁਛ[28] ਰਚਿਆ[29] ਹੈ; ਕੇਵਲ ਉਹ[30] ਹੀ ਇਸ ਦੇ ਭੇਤ ਨੂੰ ਸਮਝਦਾ[31] ਹੈ । ਗੁਰਾਂ ਦੀ ਬਾਣੀ[32] ਨੂੰ ਸੋਚਣ ਸਮਝਣ[33] ਦੁਆਰਾ, ਇਨਸਾਨ ਭਿਆਨਕ[34] ਸੰਸਾਰ[35] ਸਮੁੰਦਰ ਤੋਂ ਪਾਰ ਹੋ ਜਾਂਦਾ[36] ਹੈ । ਠਹਿਰਾਉ ।
ਮਾਇਆ[37] ਸੰਚਿ[38] ਰਾਜੇ[39]	Amassing[38] wealth[37], the kings[39]	ਧਨ[37] ਇਕੱਤਰ ਕਰਨ[38] ਦੁਆਰਾ, ਪਾਤਿਸ਼ਾਹ[39] ਮਗਰੂਰ[40]

ਅਹੰਕਾਰੀ[40] ॥	become proud[40].	ਹੋ ਜਾਂਦੇ ਹਨ ।
ਮਾਇਆ ਸਾਥ[41] ਨ ਚਲੈ ਪਿਆਰੀ[42] ॥	However, the prized[42] wealth goes not with[41] the mortal.	ਪ੍ਰੰਤੂ, ਮਿਠੜੀ[42] ਧਨ ਦੌਲਤ ਪ੍ਰਾਣੀ ਦੇ ਨਾਲ[41] ਨਹੀਂ ਜਾਂਦੀ ।
ਮਾਇਆ ਮਮਤਾ[43] ਹੈ ਬਹੁ[44] ਰੰਗੀ[45] ॥	Of many[44] a kind[45] is the love[43] of mammon.	ਘਣੇਰੀਆਂ[44] ਕਿਸਮਾਂ[45] ਦੀ ਹੈ, ਧਨ-ਦੌਲਤ ਦੀ ਪ੍ਰੀਤ[43]
ਬਿਨੁ ਨਾਵੈ ਕੋ ਸਾਥਿ[46] ਨ ਸੰਗੀ[47] ॥੨॥	Save the Name, no one is man's friend[46] and comrade[47].	ਨਾਮ ਦੇ ਬਗ਼ੈਰ, ਇਸ਼ਨਾਨ ਦਾ ਕੋਈ ਭੀ ਮਿੱਤਰ[46] ਅਤੇ ਸਾਥੀ[47] ਨਹੀਂ ।
ਜਿਉ[48] ਮਨੁ[52] ਦੇਖਹਿ[49] ਪਰ ਮਨੁ[50] ਤੈਸਾ[51] ॥	As[48] is man's own mind[52], so[51] sees[49] he, the mind of another[50].	ਜਿਸ ਤਰ੍ਹਾਂ[48] ਦਾ ਬੰਦੇ ਦਾ ਆਪਣਾ ਮਨੂਆ[52] ਹੈ, ਉਸੇ ਤਰ੍ਹਾਂ[51] ਦਾ ਹੀ ਉਹ ਹੋਰਸ[50] ਦੇ ਮਨੂਏ ਨੂੰ ਵੇਖਦਾ[49] ਹੈ ।
ਜੈਸੀ ਮਨਸਾ[53] ਤੈਸੀ ਦਸਾ[54] ॥	As is man's desire[53], so becomes his state[54] of mind.	ਜੇਹੋ ਜਿਹੀ ਬੰਦੇ ਦੀ ਖ਼ਾਹਿਸ਼[53] ਹੁੰਦੀ ਹੈ, ਉਹੋ ਜੇਹੀ ਹੀ ਹੋ ਜਾਂਦੀ ਹੈ, ਉਸ ਦੇ ਮਨ ਦੀ ਅਵਸਥਾ[54] ।
ਜੈਸਾ ਕਰਮੁ[55] ਤੈਸੀ ਲਿਵ ਲਾਵੈ[56] ॥	As are one's deeds[55], so is one attuned[56].	ਜੇਹੋ ਜੇਹੇ ਜੀਵ ਦੇ ਅਮਲ[55] ਹਨ, ਉਹੋ ਜੇਹਾ ਹੀ ਉਸ ਦਾ ਪ੍ਰੇਮ ਪੈਂਦਾ[56] ਹੈ ।
ਸਤਿਗੁਰੁ ਪੂਛਿ[57] ਸਹਜ[58] ਘਰੁ[59] ਪਾਵੈ[60] ॥੩॥	Seeking the True Guru's advice[57], man finds[60] the house[59] of peace[58].	ਸੱਚੇ ਗੁਰਾਂ ਦੀ ਸਿਖਮਤ[57] ਲੈਣ ਦੁਆਰਾ, ਪ੍ਰਾਣੀ ਆਰਾਮ[58] ਦੇ ਧਾਮ[59] ਨੂੰ ਪਾ ਲੈਂਦਾ[60] ਹੈ ।
ਰਾਗਿ[61] ਨਾਦਿ[62] ਮਨੁ ਦੂਜੈ ਭਾਇ[63] ॥	Singing[61] and hearing temporal music[62], man's mind is attached to duality[63].	ਸੰਸਾਰੀ[62] ਤਰਾਨੇ ਗਾਉਣ[61] ਅਤੇ ਸ੍ਰਵਣ ਕਰਨ ਦੁਆਰਾ, ਮਨੁਸ਼ ਦਾ ਮਨੂਆ ਦਵੈਤ ਭਾਵ[63] ਨਾਲ ਜੁੜ ਜਾਂਦਾ ਹੈ ।
ਅੰਤਰਿ[64] ਕਪਟੁ[65] ਮਹਾ[66] ਦੁਖੁ[67] ਪਾਇ[68] ॥	within[64] him is deceit[65] and he suffers[68] great[66] pain[67].	ਉਸ ਦੇ ਅੰਦਰ[64] ਵਲ ਛਲ[65] ਹੈ ਅਤੇ ਉਹ ਬਹੁਤ ਕਸ਼ਟ[67] ਉਠਾਉਂਦਾ[68] ਹੈ ।
ਸਤਿਗੁਰੁ ਭੇਟੈ[69] ਸੋਝੀ[70] ਪਾਇ[71] ॥ ਸਚੈ ਨਾਮਿ ਰਹੈ ਲਿਵ[72] ਲਾਇ[73] ॥੪॥	Meeting[69] with the true Guru, he is blessed with[71] the right understanding[70] and then he remains attached[73] to the love[72] of the True Name.	ਸੱਚੇ ਗੁਰਾਂ ਨੂੰ ਮਿਲਣ[69] ਦੁਆਰਾ, ਉਸ ਨੂੰ ਸਹੀ ਸਮਝ[70] ਪ੍ਰਾਪਤ ਹੋ ਜਾਂਦੀ[71] ਹੈ ਅਤੇ ਫਿਰ ਉਹ ਸਤਿਨਾਮ ਦੀ ਪ੍ਰੀਤ[72] ਅੰਦਰ ਲੀਨ[73] ਰਹਿੰਦਾ ਹੈ ।
ਸਚੈ ਸਬਦਿ[74] ਸਚੁ ਕਮਾਵੈ[75] ॥ ਸਚੀ ਬਾਣੀ ਹਰਿ ਗੁਣ[76] ਗਾਵੈ[77] ॥	Through the True Name[74], he practises[75] truth and sings[77] the Guru's holy true word and the Lord's praises[76].	ਸਤਿਨਾਮ[74] ਦੇ ਰਾਹੀਂ, ਉਹ ਸੱਚ ਦੀ ਕਮਾਈ ਕਰਦਾ[75] ਹੈ ਤੇ ਗੁਰਾਂ ਦੀ ਸੱਚੀ ਬਾਣੀ ਤੇ ਸਾਂਈਂ ਦਾ ਜੱਸ[76] ਗਾਇਨ ਕਰਦਾ[77] ਹੈ ।
ਨਿਜ[78] ਘਰਿ[79] ਵਾਸੁ[80] ਅਮਰ[81] ਪਦੁ[82] ਪਾਵੈ ॥ ਤਾ[83] ਦਰਿ[84] ਸਾਚੈ ਸੋਭਾ[85] ਪਾਵੈ[86] ॥੫॥	When, even while abiding[80] in his own[78] home[79], the mortal obtains the immortal[81] status[82], then[80] alone is he blest with[86] glory[85] in the True Court[84].	ਜਦ ਪ੍ਰਾਣੀ ਆਪਣੇ ਨਿਜ[78] ਦੇ ਧਾਮ[79] ਅੰਦਰ ਵਸਦਾ[80] ਹੋਇਆ ਵੀ ਅਬਿਨਾਸ਼ੀ[81] ਦਰਜੇ[82] ਨੂੰ ਪਾ ਲੈਂਦਾ ਹੈ, ਕੇਵਲ ਤਦ ਹੀ ਉਸ ਨੂੰ ਸੱਚੇ ਦਰਬਾਰ[84] ਅੰਦਰ ਪ੍ਰਭਤਾ[85] ਪ੍ਰਾਪਤ ਹੁੰਦੀ[86] ਹੈ ।
ਗੁਰ ਸੇਵਾ[87] ਬਿਨੁ ਭਗਤਿ[88] ਨ ਹੋਈ ॥ ਅਨੇਕ[89]	Without serving[87] the Guru, one can meditate[88] not on God, even[91] if one	ਗੁਰਾਂ ਦੀ ਘਾਲ ਕਮਾਉਣ[87] ਦੇ ਬਗ਼ੈਰ, ਬੰਦਾ ਹਰੀ ਦਾ ਸਿਮਰਨ[88] ਨਹੀਂ ਕਰ ਸਕਦਾ, ਭਾਵੇਂ[91] ਉਹ ਘਣੇਰੇ[89]

ਜਤਨ[90] ਕਰੈ[91] ਜੇ ਕੋਈ ॥	may make good many[89] efforts[90].	ਹੀ ਉਪਰਾਲੇ[90] ਕਿਉਂ ਨਾ ਪਿਆ ਕਰੇ ।
ਹਉਮੈ[92] ਮੇਰਾ[93] ਸਬਦੇ[94] ਖੋਈ[95] ॥ ਨਿਰਮਲ[96] ਨਾਮੁ[97] ਵਸੈ ਮਨਿ ਸੋਈ[98] ॥ ੬॥	If, through the Name[94], man rids[95] himself of his ego[92] and I-am-ness[93], then, the Immacutate[96] Name comes to abide[97] in his[98] mind.	ਜੇਕਰ ਨਾਮ[94] ਦੇ ਰਾਹੀਂ, ਬੰਦਾ ਆਪਣੀ ਹੰਗਤਾ[92] ਅਤੇ ਅਪਣਤ[93] ਨੂੰ ਗੁਆ ਦੇਵੇ[95] ਤਦ ਪਵਿੱਤਰ[96] ਨਾਮ ਆ ਕੇ ਉਸ[98] ਦੇ ਚਿੱਤ ਅੰਦਰ ਟਿਕ ਜਾਂਦਾ[97] ਹੈ ।
ਇਸੁ ਜਗ[99] ਮਹਿ[100] ਸਬਦੁ[2] ਕਰਣੀ[3] ਹੈ ਸਾਰੁ[4] ॥	In[100] this world[99], sublime[4] is the practice[3] of the Lord's Name[2].	ਏਸ ਜਹਾਨ[99] ਅੰਦਰ[100] ਸ੍ਰੇਸ਼ਟ[4] ਹੈ ਸੁਆਮੀ ਦੇ ਨਾਮ[2] ਦੀ ਕਿਰਤ[3] ।
ਬਿਨੁ ਸਬਦੈ[5] ਹੋਰੁ ਮੋਹੁ[6] ਗੁਬਾਰੁ[7] ॥	Without the Name[5], all else is the darkness[7] of worldly love[6].	ਨਾਮ[5] ਦੇ ਬਗੈਰ ਹੋਰ ਸਾਰਾ ਕੁਛ ਸੰਸਾਰੀ ਮਮਤਾ[6] ਦਾ ਅਨ੍ਹੇਰਾ[7] ਹੈ ।
ਸਬਦੇ[8] ਨਾਮੁ ਰਖੈ [9]ਉਰਿਧਾਰਿ[10] ॥	Through the Guru's holy word[8], man keeps the Name enshrined[10] in his mind[9].	ਗੁਰਾਂ ਦੀ ਪਵਿਤ੍ਰ ਬਾਣੀ[2] ਰਾਹੀਂ, ਇਨਸਾਨ ਨਾਮ ਨੂੰ ਆਪਣੇ ਅੰਤਰ ਆਤਮੇ[9] ਟਿਕਾਈ ਰਖਦਾ[10] ਹੈ ।
ਸਬਦੇ ਗਤਿ[12] ਮਤਿ[13] ਮੋਖ[14] ਦੁਆਰੁ[15] ॥੭॥	Through the Guru's holy word, man obtains[12] sublime understanding[13] and the door[15] of salvation[14].	ਗੁਰਾਂ ਦੀ ਪਵਿਤ੍ਰ ਬਾਣੀ ਰਾਹੀਂ, ਇਨਸਾਨ ਨੂੰ ਸ੍ਰੇਸ਼ਟ ਸਮਝ[13] ਅਤੇ ਮੁਕਤੀ[14] ਦਾ ਦਰਵਾਜ਼ਾ[15] ਪ੍ਰਾਪਤ ਹੋ ਜਾਂਦੇ[12] ਹਨ ।
ਅਵਰੁ[16] ਨਾਹੀ ਕਰਿ[17] ਦੇਖਣਹਾਰੋ[18] ॥	Without God, the Seer[18], there is no other[16] Creator[7].	ਵੇਖਣਹਾਰ[18] ਵਾਹਿਗੁਰੂ ਦੇ ਬਗੈਰ ਹੋਰ[16] ਕੋਈ ਸਿਰਜਣਹਾਰ[17] ਨਹੀਂ ।
ਸਾਚਾ ਆਪਿ[19] ਅਨੂਪੁ[20] ਅਪਾਰੋ[21] ॥	The True Lord, of Himself[19], is Supremely Pretty[20] and Infinite[21].	ਸੱਚਾ ਸੁਆਮੀ ਖ਼ੁਦ[19] ਹੀ ਪਰਮ[20] ਸੁੰਦਰ ਅਤੇ ਬੇਅੰਤ[21] ਹੈ ।
ਰਾਮ ਨਾਮ ਉਤਮ[22] ਗਤਿ[23] ਹੋਈ[24] ॥	Through the Lord's Name, one is blest[24] with the sublime[22] state[23] of bliss.	ਸੁਆਮੀ ਦੇ ਰਾਹੀਂ, ਪ੍ਰਾਣੀ ਨੂੰ ਪ੍ਰਸੰਨਤਾ ਦੀ ਸ੍ਰੇਸ਼ਟ[22] ਅਵਸਥਾ[23] ਪ੍ਰਾਪਤ ਹੋ ਜਾਂਦੀ[24] ਹੈ ।
ਨਾਨਕ ਖੋਜਿ[25] ਲਹੈ[26] ਜਨੁ[27] ਕੋਈ[28] ॥੮॥੧॥	Nanak, some rare[28] one[27] searches[25] and finds[26] the Lord.	ਨਾਨਕ, ਕੋਈ ਵਿਰਲਾ[28] ਪੁਰਸ਼[27] ਹੀ ਖੋਜ-ਭਾਲ[25] ਕੇ ਪ੍ਰਭੂ ਨੂੰ ਪ੍ਰਾਪਤ ਹੁੰਦਾ[26] ਹੈ ।
ਪ੍ਰਭਾਤੀ ਮਹਲਾ ੧ ॥	Parbhati 1st Guru.	ਪ੍ਰਭਾਤੀ ਪਹਿਲੀ ਪਾਤਿਸ਼ਾਹੀ ।
ਮਾਇਆ[29] ਮੋਹਿ[30] ਸਗਲ ਜਗੁ[31] ਛਾਇਆ[32] ॥	Over the whole world[31] is stretched[32] the love[30] of worldly valuables[26].	ਸਾਰੇ ਜਹਾਨ[31] ਉਤੇ ਸੰਸਾਰੀ ਪਦਾਰਥਾਂ[29] ਦੀ ਮਮਤਾ[30] ਫੈਲੀ ਹੋਈ[32] ਹੈ ।
ਕਾਮਣਿ[33] ਦੇਖਿ ਕਾਮਿ[34] ਲੋਭਾਇਆ[35] ॥	Seeing a beautiful woman[33], the man is overcome[35] with lust[34].	ਸੁੰਦਰ ਇਸਤ੍ਰੀ[33] ਨੂੰ ਵੇਖ, ਬੰਦਾ ਵਿਸ਼ੇ[34] ਦੇ ਅਸਰ ਹੇਠਾਂ[35] ਆ ਜਾਂਦਾ ਹੈ ।
ਸੁਤ[36] ਕੰਚਨ[37] ਸਿਉ[38] ਹੇਤੁ[39] ਵਧਾਇਆ[40] ॥	With[38] his sons[36] and gold[37], man increases[40] his love[39].	ਆਪਣੇ ਪੁੱਤਰਾਂ[36] ਤੇ ਸੋਨੇ[37] ਨਾਲ[38] ਜੀਵ ਆਪਣਾ ਪਿਆਰ[39] ਵਧਾ ਲੈਂਦਾ[40] ਹੈ ।
ਸਭੁ[41] ਕਿਛੁ ਅਪਨਾ[42] ਇਕੁ ਰਾਮੁ ਪਰਾਇਆ[43] ॥ ੧॥	Man deems everything[41] as his own[42], but, he owns[43] not the One Lord.	ਇਨਸਾਨ ਹਰ[41] ਸ਼ੈ ਨੂੰ ਆਪਣੀ ਨਿਜ[42] ਦੀ ਜਾਣਦਾ ਹੈ, ਪ੍ਰੰਤੂ, ਉਹ ਇਕ ਪ੍ਰਭੂ ਨੂੰ ਨਹੀਂ ਅਪਨਾਉਂਦਾ[43] ।
ਐਸਾ[44] ਜਾਪੁ[45] ਜਪਉ	I tell the beads[45] of such[44] a rosary[46]	ਮੈਂ ਵਾਹਿਗੁਰੂ ਦੀ ਐਹੋ ਜੇਹੀ[44] ਮਾਲਾ[46] ਫੇਰਦਾ[45] ਹਾਂ ਕਿ

ਜਪਮਾਲੀ[46] ॥ ਦੂਖ[47] ਸੂਖ[48] ਪਰਹਰਿ[49] ਭਗਤਿ[50] ਨਿਰਾਲੀ[51] ॥੧॥ਰਹਾਉ॥	of God, that, rising above[49] weal[48] and woe[47], practise I, the wondrous[51] service[50] of the Lord. Pause.	ਖ਼ੁਸ਼ੀ ਤੇ ਗ਼ਮੀ[47] ਤੋਂ ਉਚੇਰਾ[49] ਉਠ ਕੇ, ਮੈਂ ਸੁਆਮੀ ਦੀ ਅਦਭੁਤ[51] ਸੇਵਾ[58] ਕਮਾਉਂਦਾ ਹਾਂ। ਠਹਿਰਾਉ।
ਗੁਣ[52] ਨਿਧਾਨ[53] ਤੇਰਾ ਅੰਤੁ[54] ਨ ਪਾਇਆ[55] ॥	O Treasure[53] of virtues[52], I know[55] not Thy limit[54].	ਹੇ ਨੇਕੀਆਂ[52] ਦੇ ਖ਼ਜ਼ਾਨੇ[53]! ਮੈਂ ਤੇਰੇ ਓੜਕ[54] ਨੂੰ ਨਹੀਂ ਜਾਣਦਾ[55]।
ਸਾਚ ਸਬਦਿ[56] ਤੁਝ ਮਾਹਿ[57] ਸਮਾਇਆ[58] ॥	Through the True Name[56], I have merged[58] in[57] Thee.	ਸੱਚੇ ਨਾਮ[56] ਦੇ ਰਾਹੀਂ, ਮੈਂ ਤੇਰੇ ਵਿਚ[57] ਲੀਨ ਹੋ ਗਿਆ[58] ਹਾਂ।
ਆਵਾ[59] ਗਉਣੁ[60] ਤੁਧੁ ਆਪਿ[61] ਰਚਾਇਆ[62] ॥	Thou, of Thyself[61], hast created[62] coming[59] and going[60].	ਤੂੰ ਖ਼ੁਦ[61] ਹੀ ਆਉਣਾ[59] ਅਤੇ ਜਾਣਾ[60] ਰਚਿਆ[62] ਹੈ।
ਸੇਈ[63] ਭਗਤ[64] ਜਿਨ ਸਚਿ[65] ਚਿਤੁ[66] ਲਾਇਆ[67] ॥ ੨॥	They[63] alone are the true saints[64], who fix[67] their mind[66] on the True Lord[65].	ਕੇਵਲ ਉਹ[63] ਹੀ ਸਚੇ ਸੰਤ[64] ਹਨ, ਜੋ ਆਪਣੇ ਮਨ[66] ਨੂੰ ਸੱਚੇ ਸਾਂਈਂ[65] ਨਾਲ ਜੋੜਦੇ[67] ਹਨ।
ਗਿਆਨੁ[68] ਧਿਆਨੁ[69] [70]ਨਰ ਹਰਿ[71] ਨਿਰਬਾਣੀ[72] ॥ ਬਿਨੁ ਸਤਿਗੁਰ ਭੇਟੇ[73] ਕੋਇ ਨ ਜਾਣੀ ॥	Without meeting[73] the True Guru, no one can know the gnosis[68] and meditation[69] of the Detached[72] God[71] of men[70].	ਸੱਚੇ ਗੁਰਾਂ ਨੂੰ ਮਿਲਣ[73] ਦੇ ਬਗੈਰ, ਕੋਈ ਜਣਾ ਭੀ ਮਨੁਸ਼ਾਂ[70] ਦੇ ਨਿਰਲੇਪ[72] ਵਾਹਿਗੁਰੂ[71] ਦੀ ਗਿਆਤ[68] ਅਤੇ ਸਿਮਰਨ[29] ਨੂੰ ਨਹੀਂ ਜਾਣਦਾ।
ਸਗਲ[74] ਸਰੋਵਰ[75] ਜੋਤਿ[76] ਸਮਾਣੀ[77] ॥ ਆਨਦ[78] ਰੂਪ[79] ਵਿਟਹੁ[80] ਕੁਰਬਾਣੀ[81] ॥੩॥	Lord's Light[76] permeates[77] all[74] heart-pools[75]. I am a sacrifice[81] unto[80] God, the Embodiment[79] of bliss[78].	ਸਾਰਿਆਂ[74] ਦਿਲਾਂ ਦੇ ਤਾਲਬਾਂ[75] ਅੰਦਰ, ਪ੍ਰਭੂ ਦਾ ਪ੍ਰਕਾਸ਼[76] ਰਮਿਆ ਹੋਇਆ[77] ਹੈ। ਮੈਂ ਪ੍ਰਸੰਨਤਾ[78] ਦੇ ਸਰੂਪ ਵਾਹਿਗੁਰੂ ਉਤੇ[80] ਬਲਿਹਾਰ ਵੰਞਦਾ[81] ਹਾਂ।
ਭਾਉ[82] ਭਗਤਿ[83] ਗੁਰਮਤੀ[84] ਪਾਏ[85] ॥ ਹਉਮੈ[86] ਵਿਚਹੁ[87] ਸਬਦਿ[88] ਜਲਾਏ[90] ॥	By the Guru's instructions[84], man is blessed with[85] the Lord's love[82] and meditation[83] and, through the Name[88], ego[86] is burnt down[90] from within[87] him.	ਗੁਰਾਂ ਦੇ ਉਪਦੇਸ਼[84] ਦੁਆਰਾ, ਬੰਦੇ ਨੂੰ ਪ੍ਰਭੂ ਦਾ ਪ੍ਰੇਮ[82] ਅਤੇ ਸਿਮਰਨ[83] ਪ੍ਰਾਪਤ ਹੋ ਜਾਂਦੇ[85] ਹਨ ਅਤੇ ਨਾਮ ਦੇ ਰਾਹੀਂ, ਉਸ ਅੰਦਰੋਂ[87], ਹੰਗਤਾ[86] ਸੜ ਬਲ ਜਾਂਦੀ[90] ਹੈ।
ਧਾਵਤੁ[91] ਰਾਖੈ[91*] ਠਾਕਿ ਰਹਾਏ[92] ॥ ਸਚਾ ਨਾਮੁ ਮੰਨਿ[93] ਵਸਾਏ[94] ॥੪॥	Enshrining[94] the Name in the heart[93], the wandering[91] mind is restrained[91*] and kept in its place[93].	ਨਾਮ ਨੂੰ ਦਿਲ[93] ਅੰਦਰ ਟਿਕਾਉਣ[94] ਦੁਆਰਾ, ਭਟਕਦਾ ਫਿਰਦਾ[91] ਮਨੂਆ ਰੁਕ ਕੇ[91] ਆਪਣੇ ਥਾਂ[93] ਤੇ ਟਿਕ ਜਾਂਦਾ[91*] ਹੈ।
ਬਿਸਮ[95] ਬਿਨੋਦ[96] ਰਹੇ[97] ਪਰਮਾਦੀ[98] ॥ ਗੁਰਮਤਿ[99] ਮਾਨਿਆ[100] ਏਕ ਲਿਵ ਲਾਗੀ[2] ॥	They, who accept[100] the Guru's teachings[99] and are attuned[2] to the One Lord, their intoxicating[98] wondrous[95] plays[96] come to an end[97].	ਜੋ ਗੁਰਾਂ ਦੀ ਸਿਖਮਤ[99] ਨੂੰ ਕਬੂਲ ਕਰ ਲੈਂਦੇ[100] ਹਨ ਅਤੇ ਜਿਨ੍ਹਾਂ ਦੀ ਇਕ ਸੁਆਮੀ ਨਾਲ ਪਿਰਹੜੀ ਪਈ ਹੋਈ[2] ਹੈ, ਉਨ੍ਹਾਂ ਦੀਆਂ ਮਸਤ ਕਰਨ ਵਾਲੀਆਂ[98] ਅਦਭੁਤ[95] ਖੇਡਾਂ[96] ਮੁਕ ਜਾਂਦੀਆਂ[97] ਹਨ।
੧੩੪੩		
ਦੇਖਿ[3] ਨਿਵਾਰਿਆ[4] ਜਲ[5] ਮਹਿ[6] ਆਗੀ[7] ॥ ਸੋ[8]	Seeing[3] the Lord contained in[6] the water[5] and fire[7], I have stilled[4] my	ਪਾਣੀ[5] ਅਤੇ ਅੱਗ[7] ਅੰਦਰ[6] ਸੁਆਮੀ ਨੂੰ ਰਮਿਆ ਵੇਖ ਕੇ[3], ਮੈਂ ਆਪਣੀ ਹੰਗਤਾ ਮਾਰ ਲਈ[4] ਹੈ। ਕੇਵਲ ਉਹ[8] ਹੀ

ਬੂਝੈ[9] ਹੋਵੈ ਵਡਭਾਗੀ[10] ॥ ੫॥

ego. He[8] alone realises[9] the Lord, who is very fortunate[10].

ਸਾਂਈਂ ਨੂੰ ਅਨੁਭਵ ਕਰਦਾ[9] ਹੈ, ਜੋ ਵੱਡੇ ਭਾਗਾਂ ਵਾਲਾ[10] ਹੈ।

ਸਤਿਗੁਰੁ ਸੇਵੇ[12] ਭਰਮੁ[13] ਚੁਕਾਏ[14] ॥

Serving[12] the True Guru, doubt[13] is dispelled[14].

ਸੱਚੇ ਗੁਰਾਂ ਦੀ ਸੇਵਾ ਕਰਨ[12] ਦੁਆਰਾ, ਸੰਦੇਹ[13] ਦੂਰ ਹੋ ਜਾਂਦਾ[14] ਹੈ।

ਅਨਦਿਨੁ[15] ਜਾਗੈ[16] ਸਚਿ[71] ਲਿਵ[18] ਲਾਏ ॥

Attuned[18] to the True Lord[17], man remains awake[16] night[15] and day.

ਸੱਚੇ ਸੁਆਮੀ[17] ਨਾਲ ਪ੍ਰੀਤ ਪਾਉਣ[18] ਦੁਆਰਾ, ਇਨਸਾਨ ਰੈਣ[15] ਅਤੇ ਦਿਹੁੰ ਜਾਗਦਾ ਰਹਿੰਦਾ ਹੈ।

ਏਕੋ[9] ਜਾਣੈ ਅਵਰੁ[20] ਨ ਕੋਇ ॥

He knows the Lord alone[19] and not any other[20].

ਉਹ ਕੇਵਲ[19] ਇਕ ਸਾਂਈਂ ਨੂੰ ਹੀ ਜਾਣਦਾ ਹੈ, ਹੋਰ[20] ਕਿਸੇ ਨੂੰ ਨਹੀਂ।

ਸੁਖਦਾਤਾ[21] ਸੇਵੇ ਨਿਰਮਲੁ[22] ਹੋਇ ॥੬॥

Serving the Peace-giving[21] Lord, one is rendered immaculate[22].

ਆਰਾਮ[21]-ਬਖ਼ਸ਼ਣਹਾਰ ਸੁਆਮੀ ਦੀ ਟਹਿਲ ਕਮਾਉਣ ਦੁਆਰਾ ਪ੍ਰਾਣੀ ਪਵਿੱਤਰ[22] ਹੋ ਜਾਂਦਾ ਹੈ।

ਸੇਵਾ[23] ਸੁਰਤਿ[24] ਸਬਦਿ[25] ਵੀਚਾਰਿ[26] ॥

Reflecting[26] on the Name[25], man's mind[24] is accustomed to serve[23] others.

ਨਾਮ[25] ਦਾ ਚਿੰਤਨ ਕਰਨ[26] ਦੁਆਰਾ, ਬੰਦੇ ਦਾ ਮਨ[24] ਹੋਰ ਦੀ ਟਹਿਲ ਸੇਵਾ ਕਰਨ[23] ਦਾ ਆਦੀ ਬੀ ਵੰਝਦਾ ਹੈ।

ਜਪੁ[27] ਤਪੁ[28] ਸੰਜਮੁ[29] ਹਉਮੈ[30] ਮਾਰਿ[31] ॥

Stilling[31] one's ego[30], one is deemed to have practised worship[27], penance[28] and self-mortification[29].

ਆਪਣੀ ਹੰਗਤਾ[30] ਨੂੰ ਮਾਰਨ[31] ਦੁਆਰਾ, ਬੰਦੇ ਦੀ ਉਪਾਸ਼ਨ[27], ਤਪੱਸਿਆ[29] ਅਤੇ ਸੰਜਮ-ਰਿਆਜ਼ਤ[29] ਕੀਤੀ ਹੋਈ ਜਾਣ ਲਈ ਜਾਂਦੀ ਹੈ।

ਜੀਵਨ[32] ਮੁਕਤੁ[33] ਜਾ[34] ਸਬਦੁ[35] ਸੁਣਾਏ ॥

When[34] man hears the Lord's Name[35], he becomes emancipated[33] in life[32].

ਜਦ[34] ਇਨਸਾਨ ਸੁਆਮੀ ਦੇ ਨਾਮ[35] ਨੂੰ ਸੁਣਦਾ ਹੈ ਤਾਂ ਉਹ ਜੀਉਂਦਾ[32] ਹੀ ਬੰਦ-ਖ਼ਲਾਸ ਹੋ ਜਾਂਦਾ[33] ਹੈ।

ਸਚੀ ਰਹਤ[36] ਸਚਾ[37] ਸੁਖੁ[38] ਪਾਏ[39] ॥੭॥

Through such a true way of life[36], he is blessed with[39] eternal[37] peace[38].

ਐਹੋ ਜੇਹੀ ਸੱਚੀ ਜੀਵਨ ਰਹੁ ਰੀਤੀ[36] ਰਾਹੀਂ, ਉਹ ਸਦੀਵੀ[37] ਆਰਾਮਾ[38] ਨੂੰ ਪਰਾਪਤ ਕਰ ਲੈਂਦਾ[39] ਹੈ।

ਸੁਖਦਾਤਾ[40] ਦੁਖ ਮੇਟਣਹਾਰਾ[41] ॥

The Bliss-giving[40] Lord is the Dispeller[41] of sorrow.

ਖ਼ੁਸ਼ੀ-ਬਖ਼ਸ਼ਨਹਾਰ[40] ਪ੍ਰਭੂ ਗ਼ਮ ਦੂਰ ਕਰਨ ਵਾਲਾ[41] ਹੈ।

ਅਵਰੁ[42] ਨ ਸੂਝਸਿ[43] ਬੀਜੀ[44] ਕਾਰਾ[45] ॥

I can think[43] not of serving[45] any[42] other[44].

ਮੈਂ ਕਿਸੇ[42] ਹੋਰਸ[44] ਦੀ ਸੇਵਾ ਕਰਨ[45] ਦਾ ਖ਼ਿਆਲ[43] ਵੀ ਨਹੀਂ ਕਰ ਸਕਦਾ।

ਤਨੁ[46] ਮਨੁ[47] ਧਨੁ[48] ਹਰਿ ਆਗੈ ਰਾਖਿਆ ॥ ਨਾਨਕੁ ਕਹੈ ਮਹਾ[49] ਰਸੁ[50] ਚਾਖਿਆ[51] ॥੮॥੨॥

Placing before God my body[46], mind[47] and wealth[48], says Nanak, I have partaken[51] of the supreme[49] elixir[50] of the Lord.

ਆਪਣੀ ਦੇਹ[46], ਮਨ[47] ਅਤੇ ਦੌਲਤ[48] ਵਾਹਿਗੁਰੂ ਅੱਗੇ ਰਖ ਕੇ, ਗੁਰੂ ਜੀ ਆਖਦੇ ਹਨ, ਮੈਂ ਸੁਆਮੀ ਦੇ ਪਰਮ[49] ਅੰਮ੍ਰਿਤ[50] ਨੂੰ ਪਾਨ ਕਰ ਲਿਆ[51] ਹੈ।

ਪ੍ਰਭਾਤੀ ਮਹਲਾ ੧ ॥

Parbhati 1st Guru.

ਪ੍ਰਭਾਤੀ ਪਹਿਲੀ ਪਾਤਿਸ਼ਾਹੀ।

ਨਿਵਲੀ ਕਰਮ[52] ਭੁਅੰਗਮ[53] ਭਾਠੀ[54] ਰੇਚਕ[55] ਪੂਰਕ[56] ਕੁੰਭੁ[57] ਕਰੈ[58] ॥

Making the still[54] of the circuitous chord[53], whosoever practises[55] the inly-washing[52], inhalation[55], exhalation[56] and suspension[57] of breath;

ਕੁੰਡਲੀਦਾਰ ਨਾੜੀ[53] ਦੀ ਭੱਠੀ[54] ਬਣਾ ਕੇ; ਜੋ ਕੋਈ ਭੀ ਅੰਦਰ-ਧੋਣ[52], ਸੁਆਸ ਅੰਦਰ ਖਿੱਚਣਾ[55], ਬਾਹਰ ਕੱਢਣ[56], ਅਤੇ ਰੋਕਣ[57] ਦੀ ਕ੍ਰਿਆ ਕਰਦਾ[58] ਹੈ;

ਬਿਨੁ ਸਤਿਗੁਰ ਕਿਛੁ ਸੋਝੀ[59] ਨਾਹੀ ਭਰਮੇ[60]

Without the True Guru, he obtains not right understanding[59] and

ਸੱਚੇ ਗੁਰਾਂ ਦੇ ਬਗ਼ੈਰ, ਉਸ ਨੂੰ ਯਥਾਰਥ ਸਮਝ[59] ਪਰਾਪਤ ਨਹੀਂ ਹੁੰਦੀ ਅਤੇ ਸੰਦੇਹ[69] ਅੰਦਰ ਭਟਕ[61]ਉਹ ਡੁਬ[62]ਕੇ

ਭੂਲਾ[61] ਬੂਡਿ[62] ਮਰੈ ॥	straying[61] in doubt[60], he is drowned[62] to death.	ਮਰ ਜਾਂਦਾ ਹੈ ।
ਅੰਧਾ[63] ਭਰਿਆ[64] ਭਰਿ[65] ਭਰਿ[66] ਧੋਵੈ[67] ਅੰਤਰ[68] ਕੀ ਮਲੁ[69] ਕਦੇ[70] ਨ ਲਹੈ[71] ॥	The blind one[63] is soiled[64], yea, so soiled[65] and defiled[66], that howsoever he washes[67] himself,his mind's[68] filth[69] departs[71] not ever[70].	ਅੰਨ੍ਹਾ ਇਨਸਾਨ[63] ਲਿਬੜਿਆ ਹੋਇਆ ਹੈ, ਇਸ ਤਰ੍ਹਾਂ ਲਿਬੜਿਆ[65] ਤੇ ਪਲੀਤ[66] ਹੋਇਆ ਹੋਇਆ ਹੈ, ਕਿ ਉਹ ਭਾਂਵੇਂ ਆਪਣੇ ਆਪ ਨੂੰ ਕਿਤਨਾ ਵੀ ਧੋਵੇ[67], ਉਸ ਦੇ ਮਨ[68] ਦੀ ਗੰਦਗੀ[69] ਕਦਾਚਿਤ[70] ਨਹੀਂ ਉਤਰਦੀ[71] ।
ਨਾਮ ਬਿਨਾ ਫੋਕਟ[72] ਸਭਿ ਕਰਮਾ[73] ਜਿਉ[74] ਬਾਜੀਗਰੁ[75] ਭਰਮਿ[76] ਭੁਲੈ[77] ॥੧॥	Without the Name, vain[72] are all deeds[73], like[74] those of the conjurer[75], who deceives[77] men through illusion[76].	ਨਾਮ ਦੇ ਬਗੈਰ, ਵਿਅਰਥ[72] ਹਨ ਸਾਰੇ ਕੰਮ[73] ਉਸ ਮਦਾਰੀ[75] ਦੀ ਮਾਨੰਦ[74], ਜੋ ਸੰਦੇਹ[76] ਰਾਹੀਂ ਲੋਕਾਂ ਨੂੰ ਧੋਖਾ ਦਿੰਦਾ[77] ਹੈ ।
ਖਟੁ[78] ਕਰਮ[79] ਨਾਮੁ ਨਿਰੰਜਨੁ[80] ਸੋਈ[81] ॥	The merit of six[78] religious rites[79] are contained in the Name of that[81] Immaculate[80] Lord.	ਛੇ[78] ਧਾਰਮਕ ਸੰਸਕਾਰ[78] ਦਾ ਲਾਹਾ, ਉਸ[81] ਪਵਿੱਤਰ[80] ਪ੍ਰਭੂ ਦੇ ਨਾਮ ਦੇ ਅੰਦਰ ਸਮਾਇਆ ਹੋਇਆ ਹੈ ।
ਤੂ ਗੁਣ[82] ਸਾਗਰੁ[83] ਅਵਗੁਣ[84] ਮੋਹੀ[85] ॥੧॥ ਰਹਾਉ॥	Thou, O Lord, art an ocean[83] of virtues[82] and in me[85] are the demerits[84] alone. Pause.	ਤੂੰ, ਹੇ ਸੁਆਮੀ ! ਨੇਕੀਆਂ[82] ਦਾ ਸਮੁੰਦਰ[83] ਹੈਂ ਅਤੇ ਮੇਰੇ[85] ਅੰਦਰ ਕੇਵਲ ਬਦੀਆਂ[84] ਹੀ ਹਨ । ਠਹਿਰਾਉ ।
ਮਾਇਆ[86] ਧੰਧਾ[87] ਧਾਵਣੀ[88] [89]ਦੁਰਮਤਿ[90] ਕਾਰ[91] ਬਿਕਾਰ[92] ॥	The pursuit[88] of worldly[86] affairs, is the sinful[92] act[91] of an evil-intellected[90] person.	ਸੰਸਾਰੀ[86] ਕਾਰਵਿਹਾਰ[87] ਦੀ ਦੌੜ ਭੱਜ[88], ਖੋਟੀ[89]-ਅਕਲ[90] ਵਾਲੇ ਪੁਰਸ਼ ਦਾ ਪਾਪ ਭਰਿਆ[92] ਕਰਮ[91] ਹੈ ।
ਮੂਰਖੁ[93] ਆਪੁ[94] ਗਣਾਇਦਾ[95] ਬੂਝਿ[96] ਨ ਸਕੈ ਕਾਰ[97] ॥	The unwise one[93] makes a show[95] of his self-conceit[94] and realises[96] not the Lord's service[97].	ਬੇਵਕੂਫ਼ ਬੰਦਾ[93] ਆਪਣੀ ਸਵੈ-ਹੰਗਤਾ[94] ਦਾ ਮੁਜ਼ਾਹਰਾ ਕਰਦਾ[95] ਹੈ ਅਤੇ ਸੁਆਮੀ ਦੀ ਸੇਵਾ[97] ਨੂੰ ਅਨੁਭਵ ਨਹੀਂ ਕਰ ਸਕਦਾ[96] ।
ਮਨਸਾ[98] ਮਾਇਆ[99] ਮੋਹਣੀ[100] ਮਨਮੁਖ[2] ਬੋਲ[3] ਖੁਆਰ[4] ॥	In the egocentric's[2] mind is the desire[98] of fascinating[100] riches[99] and wasteful[4] in his speech[3].	ਮਨਮਤੀਏ[2] ਦੇ ਮਨ ਅੰਦਰ ਫ਼ਰੇਫ਼ਤਾ ਕਰ ਲੈਣ ਵਾਲੀ[100] ਦੌਲਤ[99] ਦੀ ਖ਼ਾਹਿਸ਼[98] ਹੈ ਅਤੇ ਤਬਾਹਕੁਨ[4] ਹੈ ਉਸ ਦੀ ਬੋਲਬਾਣੀ[3] ।
ਮਜਨੁ[5] ਝੂਠਾ[6] ਚੰਡਾਲ[8] ਕਾ ਫੋਕਟ[9] ਚਾਰ[10] ਸੀਂਗਾਰ[12] ॥੨॥	False[6] is the ablution[5] of the sinner[8] and vain[9] are his religious rites[10] and decorations[12].	ਕੂੜਾ[6] ਹੈ ਇਸ਼ਨਾਨ[5] ਪਾਪੀ[8] ਦਾ ਅਤੇ ਵਿਅਰਥ[9] ਹਨ ਉਸ ਦੇ ਧਾਰਮਕ ਸੰਸਕਾਰ[10] ਅਤੇ ਹਾਰਸ਼ਿੰਗਾਰ[12] ।
ਝੂਠੀ ਮਨ ਕੀ ਮਤਿ[13] ਹੈ ਕਰਣੀ[14] ਬਾਦਿ[15] ਬਿਬਾਦੁ[16] ॥	False is the wisdom[13] of the mind and its deeds[14] give rise to useless[15] strifes[16].	ਕੂੜੀ ਹੈ ਮਨੂਏ ਦੀ ਸਿਆਣਪ[13] ਅਤੇ ਇਸ ਦੇ ਅਮਲ[14] ਫ਼ਜ਼ੂਲ[15] ਝਗੜੇ[16] ਖੜੇ ਕਰਦੇ ਹਨ ।
ਝੂਠੇ[17] ਵਿਚਿ ਅਹੰਕਰਣੁ[81] ਹੈ ਖਸਮ[19] ਨ ਪਾਵੈ ਸਾਦੁ[20] ॥	In the false one[17] is self-conceit[19] and he obtains not the relish[20] of the Lord's[19] Name.	ਕੂੜੇ[17] ਪ੍ਰਾਣੀ ਅੰਦਰ ਸਵੈ-ਹੰਗਤਾ[18] ਹੈ ਅਤੇ ਉਸ ਨੂੰ ਸੁਆਮੀ[19] ਦੇ ਨਾਮ ਦਾ ਸੁਆਦ[20] ਪਰਾਪਤ ਨਹੀਂ ਹੁੰਦਾ ।

ਬਿਨੁ[24] ਨਾਵੈ ਹੋਰੁ[21] ਕਮਾਵਣਾ[22] ਫਿਕਾ[23] ਆਵੈ ਸਾਦੁ ॥	Insipid[23] is the flavour of anything else[21] one may do[22], save[24] the practice of the Name.	ਨਾਮ ਦੇ ਬਗੈਰ[24] ਬਾਕੀ[21] ਜੋ ਕੁਛ ਭੀ ਬੰਦਾ ਕਰਦਾ[22] ਹੈ, ਫਿਕਲਾ[23] ਹੈ ਉਸ ਦਾ ਸੁਆਦ ।
ਦੁਸਟੀ[25] ਸਭਾ[26] ਵਿਗੁਚੀਐ[27] ਬਿਖੁ[28] ਵਾਤੀ[28] ਜੀਵਣੁ[30] ਬਾਦਿ[31] ॥੩॥	Associating[24] with the villains[25], man is ruined[27]. Poisonous[29] is their speech[28] and vain[31] their life[30].	ਪਾਂਬਰਾਂ[25] ਦੀ ਸੰਗਤ ਕਰਨ[26] ਦੁਆਰਾ, ਇਨਸਾਨ ਬਰਬਾਦ ਹੋ ਜਾਂਦਾ[27] ਹੈ । ਜ਼ਹਿਰੀਲੀ[29] ਹੈ ਉਨ੍ਹਾਂ ਦੀ ਬੋਲ ਬਾਣੀ[28] ਅਤੇ ਵਿਅਰਥ[31] ਉਨ੍ਹਾਂ ਦੀ ਜ਼ਿੰਦਗੀ[30] ।
ਏ[32] ਭ੍ਰਮਿ[33] ਭੂਲੇ[34] ਮਰਹੁ[35] ਨ ਕੋਈ ॥	O[32] men, stray[34] not in doubt[23] and invite not your death[35].	ਹੇ[32] ਬੰਦਿਓ ! ਤੁਸੀਂ ਵਹਿਮ[33] ਅੰਦਰ ਨਾ ਭੁਲੋ[34] ਅਤੇ ਆਪਣੀ ਮੌਤ[35] ਨੂੰ ਸੱਦਾ ਨਾ ਦਿਓ ।
ਸਤਿਗੁਰੁ ਸੇਵਿ[36] ਸਦਾ[37] ਸੁਖੁ[38] ਹੋਈ[39] ॥	Serving[36] the True Guru, ye shall ever[37] be[39] in bliss[38].	ਸੱਚੇ ਗੁਰਾਂ ਦੀ ਘਾਲ[36] ਕਮਾ, ਤਸੀਂ ਹਮੇਸ਼ਾ[37], ਖ਼ੁਸ਼ੀ[38] ਅੰਦਰ[39] ਵਸੋਗੇ ।
ਬਿਨੁ ਸਤਿਗੁਰ ਮੁਕਤਿ[40] ਕਿਨੈ ਨ ਪਾਈ ॥	Without the True Guru, no one is emancipated[40].	ਸੱਚੇ ਗੁਰਾਂ ਦੇ ਬਗੈਰ, ਕਿਸੇ ਨੂੰ ਭੀ ਕਲਿਆਣ ਪਰਾਪਤ[40] ਨਹੀਂ ਹੁੰਦੀ ।
ਆਵਹਿ ਜਾਂਹਿ ਮਰਹਿ ਮਰਿ[41] ਜਾਈ ॥੪॥	The man comes, goes and dies over and over again[41].	ਜੀਵ ਆਉਂਦਾ, ਜਾਂਦਾ ਤੇ ਮੁੜ ਮੁੜ[41] ਕੇ ਮਰਦਾ ਹੈ ।
ਏਹੁ ਸਰੀਰੁ[42] ਹੈ ਤ੍ਰੈ[43] ਗੁਣ[44] ਧਾਤੁ[45] ॥	This body[42] wanders[45] in three[43] dispositions[44].	ਇਹ ਦੇਹ[42] ਤਿਨ੍ਹਾਂ[43] ਸੁਭਾਵਾਂ[44] ਅੰਦਰ ਭਟਕਦੀ[45] ਹੈ ।
ਇਸ ਨੋ ਵਿਆਪੈ[46] ਸੋਗ[47] ਸੰਤਾਪ[48] ॥	It is afflicted[46] by sorrow[47] and suffering[48].	ਇਸ ਨੂੰ ਅਫ਼ਸੋਸ[47] ਅਤੇ ਕਲੇਸ਼[48] ਸਤਾਉਂਦੇ[46] ਹਨ ।
ਸੋ ਸੇਵਹੁ[49] ਜਿਸੁ ਮਾਈ[50] ਨ ਬਾਪੁ[51] ॥	Serve[49] thou Him, who has no mother[50] and father[51].	ਤੂੰ ਉਸ ਦੀ ਟਹਿਲ ਕਮਾ[49], ਜਿਸ ਦੀ ਮਾਤਾ[50] ਅਤੇ ਪਿਤਾ[51] ਨਹੀਂ ।
ਵਿਚਹੁ[52] ਚੂਕੈ[53] ਤ੍ਰਿਸਨਾ[54] ਅਰੁ[55] ਆਪੁ[56] ॥੫॥	This-wise, desire[54] and[55] self-conceit[56] shall depart[53] from within[52] thee.	ਇਸ ਤਰ੍ਹਾਂ ਖ਼ਾਹਿਸ਼ ਅਤੇ[55] ਸਵੈ-ਹੰਗਤਾ[56] ਤੇਰੇ ਅੰਦਰੋਂ[52] ਦੂਰ ਹੋ ਜਾਣਗੇ[53] ।
ਜਹ ਜਹ[57] ਦੇਖਾ ਤਹ ਤਹ[58] ਸੋਈ[59] ॥	Wheresoever[57] I see, there[58] I see that[59] Lord.	ਜਿਥੇ ਕਿਤੇ[57] ਭੀ ਮੈਂ ਵੇਖਦਾ ਹਾਂ, ਉਥੇ[58] ਹੀ ਉਸ[59] ਸਾਂਈਂ ਨੂੰ ਵੇਖਦਾ ਹਾਂ ।
ਬਿਨੁ ਸਤਿਗੁਰ ਭੇਟੇ[60] ਮੁਕਤਿ[61] ਨ ਹੋਈ ॥	Without meeting[60] with the True Guru, one is emancipated[61] not.	ਸੱਚੇ ਗੁਰਾਂ ਨਾਲ ਮਿਲਣ[60] ਦੇ ਬਗੈਰ, ਇਨਸਾਨ ਦਾ ਕਲਿਆਣ[61] ਨਹੀਂ ਹੁੰਦਾ ।
ਹਿਰਦੈ[62] ਸਚੁ[63] ਏਹ ਕਰਣੀ[64] ਸਾਰੁ[65] ॥	Enshrine thou the True Name[62] in thy mind[63]. This alone is the sublime[65] deed[64].	ਤੂੰ ਆਪਣੇ ਮਨ[62] ਅੰਦਰ ਸੱਚੇ ਨਾਮ[63] ਨੂੰ ਟਿਕਾ । ਕੇਵਲ ਇਹ ਹੀ ਸ੍ਰੇਸ਼ਟ[65] ਕਰਮ[64] ਹੈ ।
ਹੋਰੁ ਸਭੁ ਪਾਖੰਡੁ[66] ਪੂਜ[67] ਖੁਆਰੁ[68] ॥੬॥	Ruinous[69] are all other hypocrisies[66] and worships[67].	ਤਬਾਹ ਕਰਨ ਵਾਲੇ[68] ਹਨ ਹੋਰ ਸਾਰੇ ਧੰਦੇ[66] ਤੇ ਉਪਾਸ਼ਨਾਵਾਂ[67] ।
ਦੁਬਿਧਾ[69] ਚੂਕੈ[70] ਤਾਂ[71] ਸਬਦੁ[72] ਪਛਾਣੁ[73] ॥	When one is rid of[70] duality[69], then[71] alone one realises[73] the Name[72].	ਜਦ ਜੀਵ ਦੀ ਦਵੈਤ-ਭਾਵ[69] ਦੂਰ[70] ਹੋ ਜਾਂਦੀ ਹੈ, ਕੇਵਲ ਤਦ[71] ਹੀ ਉਹ ਨਾਮ[72] ਨੂੰ ਅਨੁਭਵ ਕਰਦਾ[73] ਹੈ ।

ਘਰਿ[74] ਬਾਹਰਿ ਏਕੋ[75] ਕਰਿ[76] ਜਾਣੂ ॥	And, within[74] and without, knows he the Lord as[76] but one[75].	ਅਤੇ ਅੰਦਰ[74] ਅਤੇ ਬਾਹਰ ਉਹ ਸੁਆਮੀ ਨੂੰ ਕੇਵਲ[75] ਇਕ ਕਰਕੇ[76] ਜਾਣਦਾ ਹੈ।
ਏਹਾ ਮਤਿ[77] ਸਬਦੁ[78] ਹੈ ਸਾਰੁ[79] ॥	This alone is the sublime[79] counsel[77] and instruction[78].	ਕੇਵਲ ਇਹ ਹੀ ਸ੍ਰੇਸ਼ਟ[79] ਸਿਖਮਤ[77] ਅਤੇ ਉਪਦੇਸ਼[78] ਹੈ।
ਵਿਚਿ[84] ਦੁਬਿਧਾ[80] ਮਾਥੈ[81] ਪਵੈ[82] ਛਾਰੁ[83] ॥੭॥	Being engrossed in[84] duality[80], ashes[83] fall[82] on one's (head) or (forehead[81]).	ਦਵੈਤ[80]-ਭਾਵ ਅੰਦਰ[84] ਖਚਤ ਹੋਣ ਦੁਆਰਾ, ਇਨਸਾਨ ਦੇ (ਸਿਰ) ਜਾਂ (ਮੱਥੇ[81]) ਤੇ ਸੁਆਹ[83] ਪੈਂਦੀ[82] ਹੈ।
ਕਰਣੀ[85] ਕੀਰਤਿ[86] ਗੁਰਮਤਿ[87] ਸਾਰੁ[88] ॥	To praise[86] the Lord, by the Guru's instruction[87], is the sublime[88] deed[85].	ਗੁਰਾਂ ਦੇ ਉਪਦੇਸ਼[87] ਦੁਆਰਾ, ਸੁਆਮੀ ਦਾ ਜੱਸ ਕਰਨਾ[86] ਸ੍ਰੇਸ਼ਟ[88] ਕੰਮ[85] ਹੈ।
ਸੰਤ[89] ਸਭਾ ਗੁਣ[90] ਗਿਆਨੁ[91] ਬੀਚਾਰੁ[92] ॥	In the saints' society[89], dwell[92] thou on the Lord's virtues[90] and Divine knowledge[91].	ਸਤਿਸੰਗਤ[89] ਅੰਦਰ ਤੂੰ ਪ੍ਰਭੂ ਦੀਆਂ ਨੇਕੀਆਂ[90] ਅਤੇ ਈਸ਼ਵਰੀ-ਗਿਆਤ[91] ਦਾ ਧਿਆਨ[92] ਧਾਰ।
ਮਨੁ[98] ਮਾਰੇ[93] ਜੀਵਤ[94] ਮਰਿ[95] ਜਾਣੂ[96] ॥	Whosoever disciplines[93] his mind[98], he realises[96] the secret of death[95] in life[94].	ਜਿਹੜਾ ਕੋਈ ਆਪਣੇ ਮਨੂਏ[98] ਨੂੰ ਕਾਬੂ ਕਰ[93] ਲੈਂਦਾ ਹੈ; ਉਹ ਜੀਉਂਦੇ[96] ਜੀ ਮੌਤ[95] ਦੇ ਭੇਦ ਨੂੰ ਜਾਣ ਲੈਂਦਾ[96] ਹੈ।
ਨਾਨਕ ਨਦਰੀ[97] ਨਦਰਿ[99] ਪਛਾਣੂ[100] ॥੮॥੩॥	Nanak, through His grace[99], the Gracious[97] Lord is recognised[100].	ਨਾਨਕ, ਉਸ ਦੀ ਦਇਆ[99] ਰਾਹੀਂ, ਦਇਆਲੂ[97] ਸੁਆਮੀ ਸਿਞਾਣਿਆ ਜਾਂਦਾ[100] ਹੈ।
ਪ੍ਰਭਾਤੀ ਮਹਲਾ ੧ ਦਖਣੀ ॥	Parbhati 1st Guru Dakhni.	ਪ੍ਰਭਾਤੀ ਪਹਿਲੀ ਪਾਤਿਸ਼ਾਹੀ ਦੱਖਣੀ।
ਗੋਤਮੁ ਤਪਾ[2] ਅਹਲਿਆ ਇਸਤ੍ਰੀ[3] ਤਿਸੁ[4] ਦੇਖਿ ਇੰਦ੍ਰੁ ਲੁਭਾਇਆ[5] ॥	Ahalya was the wife[3] of Gotam, the penitent[2]. Seeing her[4] Indra was fascinated[5]	ਅਹੱਲਿਆ, ਗੌਤਮ ਤਪੀਸ਼ਰ[2] ਦੀ ਪਤਨੀ[3] ਸੀ ਉਸ[4] ਨੂੰ ਵੇਖ ਕੇ ਇੰਦਰ ਮੋਹਤ ਹੋ ਗਿਆ[5] ਸੀ।
ਸਹਸ[6] ਸਰੀਰ[7] ਚਿਹਨ[9] ਭਗ[8] ਹੂਏ ਤਾ[10] ਮਨਿ ਪਛੋਤਾਇਆ[12] ॥੧॥	When he got a thousand[6] marks[8] of vulva[9] on his body[7], then[10] did he regret[12] in his mind.	ਜਦ ਉਸ ਦੀ ਦੇਹ[7] ਉਤੇ ਯੋਨੀ[9] ਦੇ ਹਜ਼ਾਰ[6] ਨਿਸ਼ਾਨ[8] ਪੈ ਗਏ, ਤਦ[10] ਉਸ ਨੇ ਆਪਣੇ ਚਿਤ ਵਿਚ ਅਫਸੋਸ[12] ਕੀਤਾ।
੧ਤਿਪਦੇ		
ਕੋਈ ਜਾਣਿ[13] ਨ ਭੂਲੈ[14] ਭਾਈ[15] ॥	O brother[15], no one knowingly[13] strays[14] from the path.	ਹੇ ਵੀਰ[15]! ਕੋਈ ਜਣਾ ਜਾਣ ਬੁਝ ਕੇ[13] ਕੁਰਾਹੇ[14] ਨਹੀਂ ਪੈਂਦਾ।
ਸੋ[16] ਭੂਲੈ ਜਿਸੁ ਆਪਿ[17] ਭੁਲਾਏ ਬੂਝੈ[18] ਜਿਸੈ ਬੁਝਾਈ ॥੧॥ਰਹਾਉ॥	He[16] alone strays, whom God, of Himself[17], misleads and he alone is entightened[18], whom He entightens Pause.	ਕੇਵਲ ਉਹ[16] ਹੀ ਕੁਰਾਹੇ ਪੈਂਦਾ ਹੈ, ਜਿਸ ਨੂੰ ਹਰੀ ਖੁਦ[17] ਭੁਲਾਉਂਦਾ ਹੈ ਅਤੇ ਕੇਵਲ ਉਹ ਹੀ ਸਮਝਦਾ[18] ਹੈ, ਜਿਸ ਨੂੰ ਉਹ ਸਮਝਾਉਂਦਾ ਹੈ। ਠਹਿਰਾਉ।
ਤਿਨਿ[19] ਹਰੀ ਚੰਦਿ ਪ੍ਰਿਥਮੀ[20] ਪਤਿ[21] ਰਾਜੈ[22] ਕਾਗਦਿ[23] ਕੀਮ[24] ਨ ਪਾਈ[25] ॥	King[22] Harichand, the lord[21] of land[20], knew[25] not, even he[19], the worth[24] of the writ[23] on his forehead.	ਧਰਤੀ[20] ਦਾ ਸੁਆਮੀ[21], ਹਰੀ ਚੰਦ ਪਾਤਿਸ਼ਾਹ[22] ਉਹ[19] ਵੀ ਆਪਣੇ ਮੱਥੇ ਉਪਰਲੀ ਲਿਖਤਾਕਾਰ[23] ਦੀ ਕੀਮਤ[24] ਨੂੰ ਨਹੀਂ ਸੀ ਜਾਣਦਾ[25]।
ਅਉਗਣੁ[26] ਜਾਣੈ ਤ ਪੁੰਨ[27]	Had he known, that it was an error[26],	ਜੇਕਰ ਉਹ ਜਾਣ ਲੈਂਦਾ ਕਿ ਇਹ ਇਕ ਗ਼ਲਤੀ[26] ਹੈ,

ਕਰੇ ਕਿਉ[28] ਕਿਉ ਨੇਖਾਸਿ[29] ਬਿਕਾਈ[30] ॥ ੨॥	why[28] should he have given alms[27] and why should he have been sold[30] in the market[29] ?	ਉਹ ਕਿਉਂ[28] ਦਾਨ ਪੁੰਨ[27] ਕਰਦਾ ਹੈ ਅਤੇ ਕਿਉਂ ਮੰਡੀ[29] ਵਿਚ ਜਾ ਕੇ ਵਿਕਦਾ[30] ?
ਕਰਉ[31] ਅਢਾਈ[32] ਧਰਤੀ[33] ਮਾਂਗੀ[35] ਬਾਵਨ[36] ਰੂਪਿ[37] ਬਹਾਨੈ[38] ॥	The Lord, in the form[57] of a dwarf[36], pretended[38] to ask for[35] two and half[32] 'karams[31]' of land[33].	ਪ੍ਰਭੂ ਨੇ ਇਕ ਬੌਣੇ[36] ਦੇ ਸਰੂਪ[37] ਵਿਚ, ਢਾਈ[32] 'ਕਰਮ[31]' ਜ਼ਮੀਨ[33] ਦੀ ਬਹਾਨੇ[38] ਨਾਲ ਮੰਗ ਕੀਤੀ[35] ।
ਕਿਉ ਪਇਆਲਿ[39] ਜਾਇ[40] ਕਿਉ ਛਲੀਐ[41] ਜੇ[42] ਬਲਿ ਰੂਪੁ ਪਛਾਨੈ[43] ॥੩॥	If[42] king Bal had recognised[42] the form, why should he have gone[40] to the underworld[39] and why should he have been deceived[41] ?	ਜੇਕਰ[42] ਬਲਰਾਜਾ ਸਰੂਪ ਨੂੰ ਸਿੰਞਾਨ ਲੈਂਦਾ[43], ਤਾਂ ਉਹ ਪਾਤਾਲ[39] ਨੂੰ ਕਿਉਂ ਜਾਂਦਾ[40] ਅਤੇ ਕਿਉਂ ਠੱਗਿਆ[41] ਜਾਂਦਾ ?
ਰਾਜਾ ਜਨਮੇਜਾ ਦੇ ਮਤੀ[44] ਬਰਜਿ[45] ਬਿਆਸਿ ਪੜ੍ਹਾਇਆ[46] ॥	Vyas instructed[44] and taught[46] Janmeja, the king, to refrain[65] from doing three things, riding a horse, bringing home a fairy and accepting her word.	ਵਿਆਸ ਨੇ ਰਾਜੇ ਜਨਮੇਜੇ ਨੂੰ ਸਿੱਖਮਤ ਦਿਤੀ[44] ਤੇ ਸਮਝਾਇਆ[46] ਅਤੇ ਤਿੰਨ ਗੱਲਾਂ ਕਰਨ, ਘੋੜੇ ਤੇ ਚੜ੍ਹਨ, ਪਰੀ ਨੂੰ ਘਰ ਲਿਆਉਣ ਤੇ ਉਸ ਦੇ ਆਖੇ ਲੱਗਣ ਤੋਂ ਮਨ੍ਹਾ ਕੀਤਾ[45] ।
ਤਿਨ੍ਹਿ[42] ਕਰਿ[48] ਜਗ[40] ਅਠਾਰਹ[50] ਘਾਏ[51] ਕਿਰਤੁ[52] ਨ ਚਲੈ[51] ਚਲਾਇਆ[53] ॥੪॥	He[47] performed[48] sacred feast[49] and put to death[51] the eighteen[50] Brahmans. By trying to erase[54] it, one can erase[53] not the writ of the past deeds[52].	ਉਸ[47] ਨੇ ਪਵਿੱਤਰ ਸਦਾ ਵਰਤ[49] ਲਾਏ[48] ਅਤੇ ਅਠਾਰਾਂ[50] ਬ੍ਰਾਹਮਣਾਂ ਨੂੰ ਮਰਵਾ ਦਿਤਾ[51] । ਪੂਰਬਲੇ ਕਰਮਾਂ[52]ਦੀ ਲਿਖਤਕਾਰ ਨੂੰ ਮੇਟਣ ਦੀ ਕੋਸ਼ਿਸ਼ ਦੁਆਰਾ[54] ਬੰਦਾ ਉਸ ਨੂੰ ਮੇਟ[53] ਨਹੀਂ ਸਕਦਾ ।
ਮਨੁ[38] ਨਾਨਕੁ[39] ਲਿਵ[40] ਤਤੁ[41] ਲੂਕਾਨਾ[42] ॥੨॥	The jewel[39] of my soul[38] is absorbed[42] in the love[40] of the Quintessence[41] of everything, the Lord.	ਮੇਰੀ ਆਤਮਾ[38] ਦਾ ਜਵੇਹਰ[39] ਪ੍ਰਭੂ ਜੌਹਰ[41] ਦੇ ਪਿਆਰ[40] ਅੰਦਰ ਲੀਨ ਹੋ ਗਿਆ[42] ਹੈ ।
ਜੋ[43] ਕਿਛੁ ਹੋਆ[44] ਸੁ[45] ਤੇਰਾ ਭਾਣਾ[46] ॥	Whatever[43] occurs[44], that[45] is in Thy will[46], O Lord.	ਜਿਹੜਾ ਕੁਝ[43] ਹੁੰਦਾ[44] ਹੈ, ਉਹ[45] ਤੇਰੀ ਰਜ਼ਾ[46] ਅੰਦਰ ਹੈ, ਹੇ ਪ੍ਰਭੂ !
ਜੋ[47] ਇਵ[48] ਬੂਝੈ[49] ਸੁ[50] ਸਹਜਿ[51] ਸਮਾਣਾ[52] ॥੩॥	Who-so-ever[47] understands[49] thiswise[48], he[50] merges[52] in the Lord[51].	ਜੋ ਕੋਈ[47] ਭੀ ਇਸ ਤਰ੍ਹਾਂ[48] ਸਮਝਦਾ[49] ਹੈ; ਉਹ[50] ਸੁਆਮੀ[51] ਅੰਦਰ ਲੀਨ ਹੋ ਜਾਂਦਾ[52] ਹੈ ।

ਕਹਤੁ ਕਬੀਰੁ ਕਿਲਬਿਖ[53] ਗਏ ਖੀਣਾ[54] ॥ ਮਨੁ[55] ਭਇਆ [56]ਜਗਜੀਵਨ[57] ਲੀਣਾ[58] ॥੪॥੧॥

Says Kabir, my sins[53] have been obliterated[54] and my soul[55] has merged[58] in God, the Life[57] of the world[56].

ਕਬੀਰ ਜੀ ਆਖਦੇ ਹਨ, ਮੇਰੇ ਪਾਪ[53] ਮਿਟ ਗਏ[54] ਹਨ ਅਤੇ ਮੇਰੀ ਜਿੰਦੜੀ[55] ਜਗਤ[56] ਦੀ ਜਿੰਦ-ਜਾਨ[57], ਵਾਹਿਗੁਰੂ ਅੰਦਰ ਲੀਨ ਹੋ ਗਈ[58] ਹੈ ।

ਪ੍ਰਭਾਤੀ ॥

Parbhati.

ਪ੍ਰਭਾਤੀ ।

ਅਲਹੁ[59] ਏਕੁ ਮਸੀਤਿ[60] ਬਸਤੁ[61] ਹੈ ਅਵਰੁ[62] ਮੁਲਖੁ[63] ਕਿਸੁ[64] ਕੇਰਾ ॥

If God[59] abides[61] only in the mosque[60], then to whom[64] else does the rest[62] of the country[63] belong ?

ਜੇਕਰ ਖ਼ੁਦਾ[59] ਕੇਵਲ ਮਸਜਦ[60] ਅੰਦਰ ਹੀ ਰਹਿੰਦਾ[61] ਹੈ, ਤਾਂ ਬਾਕੀ[62] ਦਾ ਮੁਲਖ[63] ਕੀਹਦੀ[64] ਮਲਕੀਅਤ ਹੈ ?

ਹਿੰਦੂ ਮੂਰਤਿ[65] ਨਾਮ ਨਿਵਾਸੀ[66] ਦੁਹ[67] ਮਹਿ[68] ਤਤੁ[69] ਨ ਹੇਰਾ[70] ॥੧॥

According to Hindus, the Lord's Name abides[66] in the idol[65], but, I see[70] not truth[69] in[68] both[67].

ਹਿੰਦੂਆਂ ਦੇ ਅਨੁਸਾਰ, ਪ੍ਰਭੂ ਦਾ ਨਾਮ ਬੁਤ[65] ਅੰਦਰ ਵਸਦਾ[66] ਹੈ, ਪਰ ਮੈਂਨੂੰ ਦੋਨਾਂ[67] ਵਿਚ[68] ਹੀ ਸੱਚ[69] ਨਹੀਂ ਦਿਸਦਾ[70] ।

ਅਲਹ ਰਾਮ[71] ਜੀਵਉ[72] ਤੇਰੇ ਨਾਈ[73] ॥

O my Lord[71] God, I live[72] by Thy Name[73].

ਹੇ ਮੇਰੇ ਵਾਹਿਗੁਰੂ ਸੁਆਮੀ[71] ! ਮੈਂ ਤੇਰੇ ਨਾਮ[73] ਦੁਆਰਾ ਹੀ ਜੀਉਂਦਾ[72] ਹਾਂ ।

ਤੂ ਕਰਿ ਮਿਹਰਾਮਤਿ[74] ਸਾਈ[75] ॥੧॥ਰਹਾਉ॥

O my Master[75], show Thou mercy[74] unto me. Pause.

ਹੇ ਮੇਰੇ ਮਾਲਕ[75] ! ਤੂੰ ਮੇਰੇ ਉਤੇ ਮਿਹਰਬਾਨੀ[74] ਕਰ । ਠਹਿਰਾਉ ।

ਦਖਨ[76] ਦੇਸ[77] ਹਰੀ[81] ਕਾ ਬਾਸਾ[78] ਪਛਿਮਿ[79] ਅਲਹ[82] ਮੁਕਾਮਾ[80] ॥

The God of Hindus[81] dwells[78] in the southern[76] land[77] and the God of Muslims[82] has His seat[80] in the west[79].

ਹਿੰਦੂਆਂ ਦੇ ਰੱਬ[81] ਦਾ ਨਿਵਾਸ[78] ਜਨੂਬ[76] ਦੇ ਮੁਲਕ[77] ਵਿਚ ਹੈ ਅਤੇ ਮੁਸਲਮਾਨਾਂ ਦੇ ਰੱਬ[82] ਦਾ ਟਿਕਾਣਾ[80] ਮਗਰਬ[79] ਵਿਚ ।

ਦਿਲ[83] ਮਹਿ[84] ਖੋਜਿ[85] ਦਿਲੈ ਦਿਲਿ ਖੋਜਹੁ ਏਹੀ[86] ਠਉਰ[87] ਮੁਕਾਮਾ[88] ॥੨॥

Search[85] thou in[84] thy mind[83], yea, search thou in the heart of thy mind, for this alone[86] is the only abode[87] and seat[88] of thy God.

ਤੂੰ ਆਪਣੇ ਮਨ[83] ਵਿਚ[84] ਭਾਲ ਕਰ[85], ਹਾਂ, ਤੂੰ ਆਪਣੇ ਮਨ ਦੇ ਦਿਲ ਵਿਚ ਭਾਲ ਕਰ, ਕਿਉਂ ਜੋ ਕੇਵਲ[86] ਇਹ ਹੀ ਤੇਰੇ ਵਾਹਿਗੁਰੂ ਦੀ ਥਾਂ[87] ਅਤੇ ਟਿਕਾਣਾ[88] ਹੈ ।

ਬ੍ਰਹਮਨ ਗਿਆਸ[89] ਕਰਹਿ[90] ਚਉਬੀਸਾ[91] ਕਾਜੀ ਮਹ[92] ਰਮਜਾਨਾ ॥

The Brahmans yearly perform[90] twentyfour[91] fastings, on the eleventh day[89] of the light and dark halves of the lunar month and the Qazis fast in the month[92] of Ramzan.

ਬ੍ਰਾਹਮਣ ਚੰਦ ਦੇ ਮਹੀਨੇ ਦੀ ਸੁਦੀ ਤੇ ਵਦੀ ਦੀ ਹਰ ਇਕ ਇਕਾਦਸ਼ੀ[89] ਨੂੰ ਸਾਲ ਵਿਚ ਚੌਵੀ[91] ਵਰਤ ਰਖਦੇ[90] ਹਨ ਅਤੇ ਕਾਜ਼ੀ ਰਮਜ਼ਾਨ ਦੇ ਮਹੀਨੇ[92] ਵਿਚ ਰੋਜ਼ੇ ਰਖਦੇ ਹਨ ।

ਗਿਆਰਹ[93] ਮਾਸ[94] ਪਾਸ[95] ਕੈ ਰਾਖੇ ਏਕੈ ਮਾਹਿ[96] ਨਿਧਾਨਾ[97] ॥੩॥

The Muslims put aside[95] eleven[93] months[94] and deem the treasure[97] to be in[96] one alone.

ਮੁਸਲਮਾਨ ਯਾਰਾਂ[93] ਮਹੀਨਿਆਂ[94] ਨੂੰ ਇਕਲਾਂਭੇ[95] ਰਖ ਦਿੰਦੇ ਹਨ ਅਤੇ ਕੇਵਲ ਇਕ ਅੰਦਰ[96] ਹੀ ਖ਼ਜ਼ਾਨੇ[97] ਨੂੰ ਖ਼ਿਆਲ ਕਰਦੇ ਹਨ ।

ਕਹਾ[98] ਉੜੀਸੇ[99] ਮਜਨੁ[100] ਕੀਆ ਕਿਆ ਮਸੀਤਿ[2] ਸਿਰੁ[3] ਨਾਂਏ[4] ॥

What[98] avails the Hindus to have bath[100] at Jagan Nath in Orissa[99] and how the Muslims gain by bowing[4] their heads[3] in mosque[2] ?

ਹਿੰਦੂਆਂ ਨੂੰ ਜਗਨ ਨਾਥ ਉੜੀਸੇ[99] ਵਿਚ ਇਸ਼ਨਾਨ[100] ਕਰਨ ਦਾ ਕੀ[98] ਲਾਭ ਹੈ ਅਤੇ ਮੁਸਲਮਾਨਾਂ ਨੂੰ ਮਸਜਿਦ[2] ਵਿਚ ਆਪਣੇ ਸੀਸ[3] ਨਿਵਾਉਣ[4] ਦਾ ਕੀ ਲਾਭ ?

ਦਿਲ ਮਹਿ[5] ਕਪਟੁ[6]

With deception[6] in[5] the heart, what[9]

ਦਿਲ ਅੰਦਰ[5] ਵਲਛਲ[6] ਨਾਲ ਨਮਾਜ਼ਾਂ[7] ਪੜ੍ਹਨ[8] ਅਤੇ

ਨਿਵਾਜ[7] ਗੁਜਾਰੈ ਕਿਆ[9] ਹਜ[10] ਕਾਬੈ[12] ਜਾਇ[13] ॥ ੪॥

avails it to say[9] prayers[7] and go[13] to Mecca[12], a pilgrimage[10] ?

ਮੱਕੇ[12] ਦੀ ਯਾਤ੍ਰਾ[10] ਜਾਣ[13] ਦਾ ਕੀ[9] ਲਾਭ ਹੈ ?

ਏਤੇ[14] ਅਉਰਤ[15] ਮਰਦਾ[16] ਸਾਜੇ[17] ਏ ਸਭ ਰੂਪ[18] ਤੁਮ੍ਹਾਰੇ ॥

So many[14] women[15] and men[16], Thou hast created[17], O Lord. All these are Thine manifestations[18].

ਐਨੀਆਂ[14] ਇਸਤਰੀਆਂ[15] ਅਤੇ ਆਦਮੀ[16], ਤੈਂ ਰਚੇ[17] ਹਨ, ਹੇ ਪ੍ਰਭੂ ! ਇਹ ਸਾਰੇ ਤੇਰਾ ਹੀ ਸਰੂਪ[18] ਹਨ ।

ਕਬੀਰੁ ਪੂੰਗਰਾ[19] ਰਾਮ ਅਲਹ[20] ਕਾ ਸਭ ਗੁਰ ਪੀਰ ਹਮਾਰੇ[21] ॥੫॥

Kabir is the child[19] of the Lord God[20] and deems all the Gurus and prophets as his own[21].

ਕਬੀਰ ਸੁਆਮੀ ਵਾਹਿਗੁਰੂ[20] ਦਾ ਬੱਚਾ[19] ਹੈ ਅਤੇ ਸਰਿਆ ਗੁਰੂਆਂ ਅਤੇ ਰਸੂਲਾਂ ਨੂੰ ਆਪਣੇ ਨਿਜ[21] ਦੇ ਕਹਿ ਕੇ ਜਾਣਦਾ ਹੈ ।

ਕਹਤੁ ਕਬੀਰੁ ਸੁਨਹੁ ਨਰ[22] ਨਰਵੈ[23] ਪਰਹੁ[24] ਏਕ ਕੀ ਸਰਨਾ[25] ॥

Says Kabir, hear ye, O men[22] and women[23], seek[24] ye the sanctuary[25] of the One Lord.

ਕਬੀਰ ਜੀ ਆਖਦੇ ਹਨ, ਤੁਸੀਂ ਸ੍ਰਵਣ ਕਰੋ, ਹੇ ਮਰਦੋ[22] ਤੇ ਤ੍ਰੀਮਤੋ[23] ! ਤੁਸੀਂ ਇਕ ਸੁਆਮੀ ਦੀ ਪਨਾਹ[25] ਲਓ[24] ।

ਕੇਵਲ[26] ਨਾਮੁ ਜਪਹੁ[27] ਰੇ[28] ਪ੍ਰਾਨੀ[29] ਤਬ[30] ਹੀ ਨਿਹਚੈ[31] ਤਰਨਾ[32]॥੬॥੨॥

O[28] mortals[29], utter[27] ye only[26] the Lord's Name, then[30] alone shall ye be ferried across[32], for sure[31].

ਹੇ[28] ਫ਼ਾਨੀ ਬੰਦਿਓ[29] ! ਤੁਸੀਂ ਸਿਰਫ਼[26] ਸੁਆਮੀ ਦੇ ਨਾਮ ਦਾ ਹੀ ਉਚਾਰਨ ਕਰੋ[27], ਕੇਵਲ ਤਾਂ[30] ਹੀ ਤੁਹਾਡਾ ਯਕੀਨਨ[31] ਪਾਰ ਉਤਾਰਾ[32] ਹੋਵੇਗਾ ।

ਪ੍ਰਭਾਤੀ ॥

Parbhati.

ਪ੍ਰਭਾਤੀ ।

ਅਵਲਿ[33] ਅਲਹ[34] ਨੂਰੁ[35] ਉਪਾਇਆ[36] ਕੁਦਰਤਿ[37] ਕੇ[38] ਸਭ[39] ਬੰਦੇ[40] ॥

Firstly[33] God[34] created[36] light[35] and then, by[38] His Omnipotence[37], made all[39] the mortals[40].

ਪਹਿਲਾਂ[33] ਵਾਹਿਗੁਰੂ[34] ਨੇ ਚਾਨਣ[35] ਰਚਿਆ[36] ਅਤੇ ਫਿਰ ਆਪਣੀ ਅਪਾਰ ਸ਼ਕਤੀ[37] ਦੁਆਰਾ[38] ਸਾਰੇ[39] ਪ੍ਰਾਣੀ[40] ਬਣਾਏ ।

ਏਕ ਨੂਰ ਤੇ[46] ਸਭੁ ਜਗੁ[41] ਉਪਜਿਆ[42] ਕਉਨ[43] ਭਲੇ[44] ਕੋ ਮੰਦੇ[45] ॥੧॥

From[46] the One light has welled up[42] the entire universe[41]. Then who[43] is good[44] and who is bad[45] ?

ਇਕ ਰੌਸ਼ਨੀ ਤੋਂ[46] ਹੀ ਸਮੂਹ ਆਲਮ[41] ਉਤਪੰਨ ਹੋਇਆ[42] ਹੈ । ਤਾਂ ਕਿਹੜਾ[43] ਚੰਗਾ[44] ਹੈ ਤੇ ਕਿਹੜਾ ਮਾੜਾ[45] ਹੈ ?

ਲੋਗਾ[47] ਭਰਮਿ[48] ਨ ਭੂਲਹੁ[49] ਭਾਈ[50] ॥

O men[47], my brethren[50], stray[49] ye not in doubt[48].

ਹੇ ਮੇਰੇ ਵੀਰ[50] ਲੋਕੋ[47] ! ਤੁਸੀਂ ਵਹਿਮ[48] ਅੰਦਰ ਭੰਬਲ ਭੂਸੇ ਨਾ ਖਾਓ[49] ।

ਖਾਲਿਕੁ[51] ਖਲਕ[52] ਖਲਕ ਮਹਿ[53] ਖਾਲਿਕੁ ਪੂਰਿ ਰਹਿਓ[54] ਸ੍ਰਬ[55] ਠਾਂਈ[56] ॥ ੧॥ਰਹਾਉ॥

Creation[52] is in the Creator[51] and the Creator is in[53] Creation. He is fully filling[54] all[55] places[56]. Pause.

ਰਚਨਾ[52] ਰਚਣਹਾਰ[51] ਅੰਦਰ ਹੈ ਅਤੇ ਰਚਨਹਾਰ ਰਚਨਾ ਅੰਦਰ[53] । ਉਹ ਸਾਰਿਆਂ[55] ਥਾਵਾਂ[56] ਨੂੰ ਪਰੀਪੂਰਨ ਕਰ ਰਿਹਾ ਹੈ[54] । ਠਹਿਰਾਉ ।

੧੩੫੦

ਮਾਟੀ[57] ਏਕ[58] ਅਨੇਕ[59] ਭਾਂਤਿ[60] ਕਰਿ ਸਾਜੀ[61] ਸਾਜਨਹਾਰੈ[62] ॥

Clay[57] is but the same[58], but the Fashioner[62] has fashioned[61] it in various[59] ways[60].

ਮਿੱਟੀ[57] ਕੇਵਲ ਇਕ[58] ਹੀ ਹੈ ਪ੍ਰੰਤੂ ਘੜਨਹਾਰ[62] ਨੇ ਇਸ ਨੂੰ ਘਣੇਰਿਆਂ[59] ਤਰੀਕਿਆਂ[60] ਨਾਲ ਘੜਿਆ[61] ਹੈ ।

ਨਾ ਕਛੁ ਪੋਚ[63] ਮਾਟੀ ਕੇ ਭਾਂਡੇ[64] ਨਾ ਕਛੁ ਪੋਚ ਕੁੰਭਾਰੈ[65] ॥੨॥

There is no fault[63] with the vessel[64] of clay, nor is there any fault with the potter[65].

ਮਿੱਟੀ ਦੇ ਬਰਤਨ[64] ਦਾ ਕੋਈ ਕਸੂਰ[63] ਨਹੀਂ, ਨਾ ਹੀ ਕੋਈ ਕਸੂਰ ਹੈ ਘੁਮਿਆਰ[65] ਦਾ ।

ਸਭ ਮਹਿ[66] ਸਚਾ[67] ਏਕੋ ਸੋਈ[68] ਤਿਸ[69] ਕਾ ਕੀਆ[70] ਸਭੁ ਕਛੁ ਹੋਈ ॥

He[68], the One True Lord[67], is a midst[66] all and it is in His[69] will[70] that everything is done.

ਉਹ[68] ਅਦੁਤੀ ਸੱਚਾ ਸਾਂਈਂ[67] ਸਾਰਿਆਂ ਦੇ ਅੰਦਰ[66] ਹੈ ਅਤੇ ਸਾਰਾ ਕੁਛ ਉਸ[69] ਦੀ ਮਰਜ਼ੀ[70] ਅਨੁਸਾਰ ਹੀ ਹੁੰਦਾ ਹੈ ।

ਹੁਕਮੁ[71] ਪਛਾਨੈ[72] ਸੁ[73] ਏਕੋ ਜਾਨੈ ਬੰਦਾ[74] ਕਹੀਐ[75] ਸੋਈ[76] ॥੩॥

Whosoever realises[72] the Lord's will[71], he[73] alone knows the One Lord and he[76] alone is said[75] to be His slave[74].

ਜੋ ਕੋਈ ਭੀ ਪ੍ਰਭੂ ਦੀ ਰਜ਼ਾ[71] ਨੂੰ ਅਨੁਭਵ ਕਰਦਾ[72] ਹੈ; ਕੇਵਲ ਉਹ[73] ਹੀ ਇਕ ਸੁਆਮੀ ਨੂੰ ਜਾਣਦਾ ਹੈ ਅਤੇ ਕੇਵਲ ਉਹ[76] ਹੀ ਉਸ ਦਾ ਗੋਲਾ[74]ਆਖਿਆ[75] ਜਾਂਦਾ ਹੈ।

ਅਲਹੁ[77] ਅਲਖੁ[78] ਨ ਜਾਈ ਲਖਿਆ[79] ਗੁਰਿ ਗੁੜੁ ਦੀਨਾ[80] ਮੀਠਾ ॥

The Lord[77] is invisible[78] and can be seen[79] not. The Guru has blessed[80] me with sweet molasses of His Name.

ਪ੍ਰਭੂ[77] ਅਦ੍ਰਿਸ਼ਟ[78] ਹੈ ਅਤੇ ਦੇਖਿਆ[79] ਨਹੀਂ ਜਾ ਸਕਦਾ । ਗੁਰਦੇਵ ਜੀ ਨੇ ਮੈਨੂੰ ਉਸ ਦੇ ਨਾਮ ਦਾ ਮਿੱਠਾ ਗੁੜ ਪਰਦਾਨ ਕੀਤਾ[80] ਹੈ ।

ਕਹਿ ਕਬੀਰ ਮੇਰੀ ਸੰਕਾ[81] ਨਾਸੀ[82] ਸਰਬ[83] ਨਿਰੰਜਨੁ[84] ਡੀਠਾ[85] ॥੪॥੩॥

Says Kabir, my doubt[81] has been dispelled[82] and I now see[82] the Immaculate Lord[84] every where[83].

ਕਬੀਰ ਜੀ ਆਖਦੇ ਹਨ, ਮੇਰਾ ਸੰਦੇਹ[81] ਦੂਰ ਹੋ ਗਿਆ[82] ਹੈ ਅਤੇ ਹੁਣ ਮੈਂ ਪਵਿੱਤਰ ਪ੍ਰਭੂ[84] ਨੂੰ ਹਰ ਥਾਂ[83] ਵੇਖਦਾ[82] ਹਾਂ ।

ਪ੍ਰਭਾਤੀ ॥

Parbhati.

ਪ੍ਰਭਾਤੀ ।

ਬੇਦ ਕਤੇਬ[86] ਕਹਹੁ[87] ਮਤ[88] ਝੂਠੇ[89] ਝੂਠਾ ਜੋ ਨ ਬਿਚਾਰੈ[90] ॥

Say[87] not[88] that the Vedas and Muslim books[86] are false[89]. False is he, who reflects[90] not on them.

ਵੇਦਾਂ ਅਤੇ ਮੁਸਲਮਾਨੀ ਪੁਸਤਕਾਂ[86] ਨੂੰ ਕੂੜੀਆਂ[89] ਨਾ[88] ਆਖੋ[87] । ਕੂੜਾ ਉਹ ਹੈ ਜੋ ਉਨ੍ਹਾਂ ਨੂੰ ਸੋਚਦਾ ਵਿਚਾਰਦਾ[90] ਨਹੀਂ ।

ਜਉ[97] ਸਭ ਮਹਿ[91] ਏਕੁ ਖੁਦਾਇ[92] ਕਹਤ[93] ਹਉ ਤਉ[94] ਕਿਉ[95] ਮੁਰਗੀ[96] ਮਾਰੈ ॥੧॥

When[97] thou sayest[93], that one God[92] abides in[91] all, then why killest thou a hen[96] ?

ਜਦ[97] ਤੂੰ ਆਖਦਾ[93] ਹੈਂ, ਕਿ ਸਾਰਿਆਂ ਅੰਦਰ[91] ਇਕ ਰੱਬ[92] ਵਸਦਾ ਹੈਂ, ਤਾਂ[94] ਤੂੰ ਕੁਕੜੀ[96] ਨੂੰ ਕਿਉਂ[95] ਮਾਰਦਾ ਹੈਂ ?

ਮੁਲਾਂ ਕਹਹੁ[97*] ਨਿਆਉ[98] ਖੁਦਾਈ[99] ॥

O Mullah, say[97*] thou, if this is the God's[99] justice[98] ?

ਹੇ ਮੁੱਲਾਂ ! ਤੂੰ ਦਸ[97*] ਕਿ ਕੀ ਇਹ ਹੀ ਈਸ਼ਵਰੀ[99] ਇਨਸਾਫ਼[98] ਹੈ ।

ਤੇਰੇ ਮਨ ਕਾ ਭਰਮੁ[100] ਨ ਜਾਈ[2] ॥੧॥ਰਹਾਉ॥

Thy mind's doubt[100] is dispelled[2] not Pause.

ਤੇਰੇ ਮਨੂਏ ਦਾ ਸੰਦੇਹ[100] ਦੂਰ ਨਹੀਂ ਹੁੰਦਾ[2] । ਠਹਿਰਾਉ ।

ਪਕਰਿ[3] ਜੀਉ[4] ਆਨਿਆ[5] ਦੇਹ[6] ਬਿਨਾਸੀ[7] ਮਾਟੀ[8] ਕਉ ਬਿਸਮਿਲਿ[9] ਕੀਆ ॥

Thou seizest[3] and bringest[5] a living being[4] and killest[7] its body[6]. Thou hast merely killed[9] the clay[8] and not the soul.

ਤੂੰ ਪ੍ਰਾਣਧਾਰੀ[4] ਨੂੰ ਪਕੜ ਕੇ[3] ਲਿਆਉਂਦਾ[5] ਹੈਂ ਅਤੇ ਇਸ ਦੇ ਸਰੀਰ[6] ਨੂੰ ਜ਼ਿਬਾਹ ਕਰਦਾ[7] ਹੈਂ । ਤੂੰ ਕੇਵਲ ਮਿੱਟੀ[8] ਨੂੰ ਹੀ ਮਾਰਿਆ[9] ਹੈ, ਆਤਮਾ ਨੂੰ ਨਹੀਂ ।

ਜੋਤਿ[10] ਸਰੂਪ[12] ਅਨਾਹਤ[13] ਲਾਗੀ[14] ਕਹੁ[15] ਹਲਾਲੁ[16] ਕਿਆ[12] ਕੀਆ ॥੨॥

Its imperishable[13] soul[10] is attached[14] to another body[12]. Say[15] then, what[17] hast thou slaughtered[16] ?

ਇਸ ਦੀ ਅਬਿਨਾਸ਼ੀ[13] ਆਤਮਾ[10] ਹੋਰਸ ਦੇਹ[12] ਨਾਲ ਜੁੜ ਜਾਂਦੀ[14] ਹੈ । ਫਿਰ, ਦੱਸ ! ਤੂੰ ਕਿਸ[17] ਨੂੰ ਜ਼ਿਬਾਹ ਕੀਤਾ[16] ਹੈ ?

ਕਿਆ[18] ਉਜੂ[19] ਪਾਕੁ[20] ਕੀਆ ਮੁਹੁ[21] ਧੋਇਆ[22] ਕਿਆ ਮਸੀਤਿ[23] ਸਿਰੁ[24]

And, What[18] is the use of the purification[20] of thine hands, feet and mouth[19] and the washing[22] of thy face[21] and

ਅਤੇ ਤੈਨੂੰ ਆਪਣੇ ਹੱਥਾਂ, ਪੈਰਾਂ ਤੇ ਮੂੰਹ[19] ਨੂੰ ਪਵਿੱਤਰ ਕਰਨ[20] ਅਤੇ ਚਿਹਰਾ[21] ਧੋਣ[22] ਦਾ ਕੀ[18] ਫ਼ਾਇਦਾਂ ਹੈ ਅਤੇ ਕੀ ਹੈ ਆਪਣੇ ਸੀਸ[24] ਨੂੰ ਮਸਜਿਦ[23] ਵਿਚ

ਲਾਇਆ[25] ॥	what use thy head's[24] prostration[22] in the mosque[23] ?	ਨਿਵਾਉਣ[25] ਦਾ ?
ਜਉ ਦਿਲ ਮਹਿ ਕਪਟੁ[76] ਨਿਵਾਜ ਗੁਜਾਰਹੁ ਕਿਆ[77] ਹਜ[78] ਕਾਬੈ[79] ਜਾਇਆ ॥ ੩॥	What[77] avails thee to say prayer and to go to the pilgrimage[78] of Mecca[79], when there is malice[76] in thy mind ?	ਜਦ ਤੇਰੇ ਚਿਤ ਅੰਦਰ ਪਲੀਤੀ[76] ਹੈ ਤਾਂ ਤੈਨੂੰ ਨਮਾਜ਼ ਪੜ੍ਹਨ ਅਤੇ ਮੱਕੇ[79] ਦੀ ਯਾਤਰਾ[78] ਕਰਨ ਜਾਣ ਦਾ ਕੀ[77] ਲਾਭ ਹੈ ?
ਤੂੰ ਨਾਪਾਕੁ[80] ਪਾਕੁ[81] ਨਹੀ ਸੂਝਿਆ[82] ਤਿਸ[83] ਕਾ ਮਰਮੁ[88] ਨ ਜਾਨਿਆ ॥	Thou art impure[80] and understandest[82] not the pure Lord[81]. His[83] mystery[84] thou knowest not.	ਤੂੰ ਅਪਵਿੱਤਰ[80] ਹੈਂ ਅਤੇ ਆਪਣੇ ਪਵਿੱਤਰ[81] ਪ੍ਰਭੂ ਨੂੰ ਸਮਝਦਾ[82] ਨਹੀਂ । ਉਸ[83] ਦੇ ਭੇਤ[84] ਨੂੰ ਤੂੰ ਨਹੀਂ ਜਾਣਦਾ ।
ਕਹਿ ਕਬੀਰ ਭਿਸਤਿ[85] ਤੇ ਚੂਕਾ[86] ਦੋਜਕ[87] ਸਿਉ ਮਨੁ ਮਾਨਿਆ[88] ॥੪॥੪॥	Says Kabir, thou hast missed[86] paradise[85] and thy soul is reconciled[88] with hell[87].	ਕਬੀਰ ਜੀ ਆਖਦੇ ਹਨ, ਤੂੰ ਸੁਰਗ[85] ਤੋਂ ਖੁੰਝ ਗਿਆ[86] ਹੈਂ ਅਤੇ ਤੇਰਾ ਚਿਤ ਨਰਕ[87] ਨਾਲ ਰੀਝ ਗਿਆ[88] ਹੈ ।
ਪ੍ਰਭਾਤੀ	Parbhati.	ਪ੍ਰਭਾਤੀ ।
ਸੁੰਨ[89] ਸੰਧਿਆ[90] ਤੇਰੀ ਦੇਵ[91] ਦੇਵਾਕਰ[92] ਅਧਪਤਿ[93] ਆਦਿ[94] ਸਮਾਈ[95] ॥	O God[91], the Primal[94] and all-pervading[95] Master[93], thou art the mine of light[92]. Hear[89] Thou, my present adoration[90].	ਹੇ ਵਾਹਿਗੁਰੂ[91] ! ਆਦੀ[94] ਅਤੇ ਸਰਬ-ਵਿਆਪਕ[95] ਮਾਲਕ[93] ! ਤੂੰ ਚਾਨਣ ਦੀ ਖਾਣ[92] ਹੈਂ । ਤੂੰ ਮੇਰੀ ਸਨਮੁਖ ਉਪਾਸ਼ਨਾ[90] ਸੁਣ ਕਰ[89] ।
ਸਿਧ[96] ਸਮਾਧਿ[97] ਅੰਤੁ[98] ਨਹੀ ਪਾਇਆ ਲਾਗਿ[99] ਰਹੇ ਸਰਨਾਈ[100] ॥੧॥	The adepts[96], in their trance[97] have found not Thy limit[98]. They continue to cling[99] to Thy asylum[100].	ਪੂਰਨ ਪੁਰਸ਼[96] ਨੂੰ ਆਪਣੀ ਤਾੜੀ[97] ਅੰਦਰ ਤੇਰੇ ਓੜਕ[98] ਦਾ ਪਤਾ ਨਹੀਂ ਲੱਗਾ । ਉਹ ਤੇਰੀ ਪਨਾਹ[100] ਨਾਲ ਜਮੇ[99] ਰਹਿੰਦੇ ਹਨ ।
ਲੇਹੁ[2] ਆਰਤੀ[3] ਹੋ ਪੁਰਖ[4] ਨਿਰੰਜਨ[5] ਸਤਿਗੁਰ ਪੂਜਹੁ[6] ਭਾਈ[7] ॥	O brother[7], worshiping[6] the True Guru one is blessed with[2] the present adoration[3] of the Immaculate[5] Lord[4].	ਹੇ ਵੀਰ[7] । ਸੱਚੇ ਗੁਰਾਂ ਦੀ ਪੂਜਾ ਕਰਨ[6] ਦੁਆਰਾ ਪਵਿੱਤਰ[5] ਪ੍ਰਭੂ[4] ਦੀ ਸਨਮੁਖ ਉਪਾਸ਼ਨਾ[3] ਦੀ ਦਾਤ ਮਿਲ ਜਾਂਦੀ[2] ਹੈ ।
ਠਾਢਾ[8] ਬ੍ਰਹਮਾ ਨਿਗਮ[10] ਬੀਚਾਰੈ[12] ਅਲਖੁ[13] ਨ ਲਖਿਆ[14] ਜਾਈ ॥੧॥ ਰਹਾਉ ॥	Standing[8] at His door, Brahma reads[12] the Vedas[10], but, he can see[14] not the Unseeable[13] Lord. Pause.	ਉਸ ਦੇ ਬੂਹੇ ਤੇ ਖੜ੍ਹਾ[8] ਹੋ, ਬ੍ਰਹਮਾ ਵੇਦਾਂ[10] ਨੂੰ ਵਾਚਦਾ[12] ਹੈ, ਪ੍ਰੰਤੂ ਉਹ ਅਦ੍ਰਿਸ਼ਟ[13] ਸੁਆਮੀ ਨੂੰ ਦੇਖ[14] ਨਹੀਂ ਸਕਦਾ । ਠਹਿਰਾਉ ।
ਤਤੁ[15] ਤੇਲੁ[21] ਨਾਮੁ ਕੀਆ[16] ਬਾਤੀ[17] ਦੀਪਕੁ[18] ਦੇਹ[19] ਉਜਾਰਾ[20] ॥	With the oil[21] of truthfulness[15] and the wick[17] of the Lord's Name, I have made[16] the lamp[18] to illumine[20] my body[19].	ਸਚਾਈ[15] ਦੇ ਰੋਗਨ[21] ਅਤੇ ਸੁਆਮੀ ਦੇ ਨਾਮ ਦੀ ਬੱਤੀ[17] ਨਾਲ ਮੈਂ ਆਪਣੀ ਕਾਇਆਂ[19] ਨੂੰ ਰੋਸ਼ਨ ਕਰਨ[20] ਲਈ ਲੈਂਪ[18] ਬਣਾਇਆ[16] ਹੈ ।
ਜੋਤਿ[22]ਲਾਇ[23] [24]ਜਗਦੀਸ[25] ਜਗਾਇਆ[26] ਬੂਝੈ[27] ਬੂਝਨਹਾਰਾ[28] ॥੨॥	Applying[23] the Light[22] of the Lord[25] of the World[24], I have lit[26] the lamp. The Omniscient[28] Lord alone knows[27] this mystery.	ਸੰਸਾਰ[24] ਦੇ ਸੁਆਮੀ[25] ਦੇ ਪ੍ਰਕਾਸ਼[22] ਨੂੰ ਮਲ ਕੇ, ਮੈਂ ਦੀਵੇ ਨੂੰ ਰੋਸ਼ਨ ਕੀਤਾ[26] ਹੈ । ਕੇਵਲ ਸਭ ਕੁਛ ਜਾਣਨਹਾਰ[28] ਸੁਆਮੀ ਹੀ ਇਸ ਰਾਜ਼ ਨੂੰ ਸਮਝਦਾ[27] ਹੈ ।

ਪੰਚੇ[29] ਸਬਦ[30] ਅਨਾਹਦ[31] ਬਾਜੇ[32] ਸੰਗੇ[33] ਸਾਰਿੰਗ ਪਾਨੀ[34] ॥

The celestial strain[31] of the five[29] musical instruments[30] resounds[32] within me and I abide ever with[33] the Lord of the world[34].

ਪੰਜਾਂ[29] ਸੰਗੀਤਕ ਸਾਜ਼ਾਂ[30] ਦਾ ਬੈਕੁੰਠੀ ਕੀਰਤਨ[31] ਮੇਰੇ ਅੰਦਰ ਗੂੰਜਦਾ[32] ਹੈ ਅਤੇ ਮੈਂ ਹਮੇਸ਼ਾ ਹੀ ਸੰਸਾਰ ਦੇ ਸੁਆਮੀ[34] ਨਾਲ[33] ਵਸਦਾ ਹਾਂ ।

ਕਬੀਰ ਦਾਸ[35] ਤੇਰੀ ਆਰਤੀ[36] ਕੀਨੀ[37] ਨਿਰੰਕਾਰ[38] ਨਿਰਬਾਨੀ[39] ॥ ੩॥੫॥

O Formless[38] and Detached[39] Lord, Thy slave[35] Kabir, performs[37] such a worship[36] of Thine.

ਹੇ ਸਰੂਪ-ਰਹਿਤ[38] ਅਤੇ ਨਿਰਲੇਪ[39] ਸੁਆਮੀ ! ਤੇਰਾ ਗੋਲਾ[35] ਕਬੀਰ ਤੇਰੀ ਐਹੋ ਜੇਹੀ ਉਪਾਸ਼ਨਾ[36] ਕਰਦਾ[37] ਹੈ ।

ਪ੍ਰਭਾਤੀ ਬਾਣੀ[40] ਭਗਤ[41] ਨਾਮਦੇਵ ਜੀ[42] ਕੀ

Parbhati The hymns[40] of Sire[49] Saint[41] Nam Dev

ਪ੍ਰਭਾਤੀ ਸ਼ਬਦ[45] ਮਹਾਰਾਜ[42] ਸੰਤ[41] ਨਾਮ ਦੇਵ ਜੀ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, is He obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।

ਮਨ ਕੀ ਬਿਰਥਾ[43] ਮਨੁ[44] ਹੀ ਜਾਨੈ ਕੈ[45] ਬੂਝਲ[46] ਆਗੈ[47] ਕਹੀਐ[48] ॥

The state[43] of the mind[44], the mind alone knows and[45] narrate[48] it I before[47] the inner-knower[46].

ਮਨ ਦੀ ਅਵਸਥਾ[43] ਨੂੰ ਮੇਰਾ ਮਨੂਆ[44] ਹੀ ਜਾਣਦਾ ਹੈ ਅਤੇ[45] ਮੈਂ ਇਸ ਨੂੰ ਅੰਦਰਲੀਆਂ ਜਾਣਨਹਾਰ[46] ਮੂਹਰੇ[47] ਵਰਨਣ ਕਰਦਾ[48] ਹਾਂ ।

ਅੰਤਰਜਾਮੀ[49] ਰਾਮੁ[50] ਰਵਾਂਈ[51] ਮੈ ਡਰੁ[52] ਕੈਸੇ[53] ਚਹੀਐ[54] ॥੧॥

I utter[51] the Name of God[50], the Searcher of Hearts[49], then, why[53] should[54] I be afraid[52] of any one ?

ਮੈਂ ਦਿਲਾਂ ਦੀਆਂ ਜਾਣਨਹਾਰ[49] ਵਾਹਿਗੁਰੂ[50] ਦੇ ਨਾਮ ਦਾ ਉਚਾਰਨ ਕਰਦਾ[51] ਹਾਂ ਤਾਂ ਮੈਨੂੰ ਕਿਸੇ ਕੋਲੋਂ ਕਿਉਂ[53] ਭੈ[52] ਕਰਨਾ ਚਾਹੀਦਾ[54] ਹੈ ?

ਬੇਧੀਅਲੇ[55] ਗੋਪਾਲ[56] ਗੋਸਾਈ[57] ॥

My mind is pierced through[55] by the love of Lord[56] Master[57].

ਮੇਰਾ ਹਿਰਦਾ ਸੁਆਮੀ[56] ਮਾਲਕ[57] ਨੇ ਆਪਣੇ ਪ੍ਰੇਮ ਨਾਲ ਵਿੰਨ੍ਹ ਲਿਆ[55] ਹੈ ।

ਮੇਰਾ ਪ੍ਰਭੁ ਰਵਿਆ[58] ਸਰਬੇ[59] ਠਾਈ[60] ॥੧॥ ਰਹਾਉ ॥

My Lord is contained[58] in all[59] the places[60]. Pause.

ਮੇਰਾ ਮਾਲਕ[59] ਸਾਰੀਆਂ ਥਾਵਾਂ[60] ਅੰਦਰ ਰਮ ਰਿਹਾ[58] ਹੈ । ਠਹਿਰਾਉ ।

ਮਾਨੈ[61] ਹਾਟੁ[62] ਮਾਨੈ ਪਾਟੁ[63] ਮਾਨੈ ਹੈ ਪਾਸਾਰੀ[64] ॥

The mind[61] is the shop[62], the mind the township[63] and mind the grocer[64].

ਮਨ[61] ਹੀ ਹੱਟੀ[62] ਹੈ, ਮਨ ਹੀ ਨਗਰ[63] ਅਤੇ ਮਨ ਹੀ ਪੰਸਾਰੀ[64] ।

ਮਾਨੈ ਬਾਸੈ[65] ਨਾਨਾ[66] ਭੇਦੀ[67] ਭਰਮਤੁ[68] ਹੈ ਸੰਸਾਰੀ[69] ॥੨॥

The mind abides[65] in various[66] forms[67] and wanders[68] through the world[99].

ਮਨ ਅਨੇਕਾਂ[66] ਹੀ ਸਰੂਪਾਂ[67] ਅੰਦਰ ਵਸਦਾ[65] ਅਤੇ ਜਗਤ[69] ਅੰਦਰ ਭਟਕਦਾ[68] ਹੈ ।

ਗੁਰ ਕੈ ਸਬਦਿ[70] ਏਹੁ ਮਨੁ ਰਾਤਾ[71] ਦੁਬਿਧਾ[72] ਸਹਜਿ[73] ਸਮਾਣੀ[74] ॥

When this mind is imbued[71] with the Guru's word[70], duality[72] is easily[73] effaced[74].

ਜਦ ਗੁਰਾਂ ਦੀ ਬਾਣੀ[70] ਨਾਲ ਇਹ ਮਨੂਆ ਰੰਗਿਆ[71] ਜਾਂਦਾ ਹੈ; ਤਾਂ ਦਵੈਤਭਾਵ[72] ਸੁਖ਼ੈਨ[73] ਹੀ ਨਾਸ ਥੀ ਵੰਞਦਾ[74] ਹੈ ।

ਸਭੋ ਹੁਕਮੁ[75] ਹੁਕਮੁ ਹੈ

All are subject to the Lord's

ਸਾਰੇ ਸੁਆਮੀ ਦੇ ਫ਼ੁਰਮਾਨ[75] ਦੇ ਤਾਬੇ ਹਨ ਅਤੇ

ਆਪੇ[76] ਨਿਰਭਉ[77] ਸਮਤੁ[78] ਬੀਚਾਰੀ[79] ॥੩॥	command[75] and He, of Himself[76], issues commands. The Fearless Lord[77] regards[79] all alike[78].	ਉਹ ਆਪ[76] ਹੀ ਫ਼ੁਰਮਾਨ ਜਾਰੀ ਕਰਦਾ ਹੈ। ਨਿਡਰ ਸੁਆਮੀ[77] ਸਾਰਿਆਂ ਵਲ ਇਕੋ ਜੇਹਾ[78] ਧਿਆਨ ਦਿੰਦਾ[79] ਹੈ।
ਜੋ[80] ਜਨ[81] ਜਾਨਿ[82] ਭਜਹਿ[83] ਪੁਰਖੋਤਮੁ[84] ਤਾ ਚੀ[85] ਅਬਿਗਤੁ[86] ਬਾਣੀ[87] ॥	The[80] man[81] who realises[82] and contemplates[83] the Sublime Person[84], brimful with gnosis[86] is his[85] speech[87].	ਜਿਹੜਾ[80] ਇਨਸਾਨ[81] ਸ੍ਰੇਸ਼ਟ ਪੁਰਸ਼[84] ਨੂੰ ਅਨੁਭਵ ਕਰਦਾ[82] ਤੇ ਸਿਮਰਦਾ[83] ਹੈ; ਬ੍ਰਹਮ ਗਿਆਨ[86] ਨਾਲ ਪਰੀਪੂਰਨ ਹੈ ਉਸ[85] ਦੀ ਬੋਲ-ਬਾਣੀ[87]।
੧੩੫੧		
ਨਾਮਾ ਕਹੈ [88]ਜਗ ਜੀਵਨੁ[89] ਪਾਇਆ[93] ਹਿਰਦੈ[90] ਅਲਖ[91] ਬਿਡਾਣੀ[92] ॥੪॥੧॥	Says Nam Dev, within my mind[90], I have attained[93] the invisible[91] and wondrous[92] Lord, the Life[89] of the world[88].	ਨਾਮ ਦੇਵ ਜੀ ਆਖਦੇ ਹਨ, ਮੈਂ ਆਪਣੇ ਮਨ[90] ਅੰਦਰ ਜਗਤ[88] ਦੀ ਜਿੰਦ-ਜਾਨ[89], ਅਦ੍ਰਿਸ਼ਟ[91] ਅਤੇ ਅਦਭੁਤ[92] ਸਾਂਈਂ ਨੂੰ ਪਾ ਲਿਆ[93] ਹੈ।
ਪ੍ਰਭਾਤੀ ॥	Parbhati.	ਪ੍ਰਭਾਤੀ।
ਆਦਿ[95] [95]ਜੁਗਾਦਿ[96] ਜੁਗੋ[97] ਜੁਗੁ ਤਾਕਾ[93] ਅੰਤੁ[99] ਨ ਜਾਨਿਆ[100] ॥	The Lord was in the beginning[94], commencement[96] of ages[95], yea, the commencement of ages and all the ages[97] through; His[98] limit[99] is known[100] not.	ਪ੍ਰਭੂ ਸ਼ੁਰੂ[94], ਯੁਗਾਂ[95] ਦੇ ਅਰੰਭ[96], ਹਾਂ ਯੁਗਾਂ ਦੇ ਆਰੰਭ ਤੋਂ ਹੀ ਹੈ ਅਤੇ ਸਾਰਿਆਂ ਯੁਗਾਂ[97] ਵਿਚ ਵੀ ਉਸ[98] ਦਾ ਓੜਕ[59] ਜਾਣਿਆ[100] ਨਹੀਂ ਜਾ ਸਕਿਆ!
ਸਰਬ[2] ਨਿਰੰਤਰਿ[3] ਰਾਮੁ[4] ਰਹਿਆ ਰਵਿ[5] ਐਸਾ[6] ਰੂਪੁ[7] ਬਖਾਨਿਆ[8] ॥੧॥	The Lord[4] is contained[5] amongst[3] all[2], this-wise[6] is His form[7] described[8].	ਸੁਆਮੀ[4] ਸਾਰਿਆਂ[2] ਅੰਦਰ[3] ਵਿਆਪਕ ਹੋ ਰਿਹਾ[5] ਹੈ ਇਸ ਤਰ੍ਹਾਂ[6] ਵਰਨਣ[8] ਕੀਤਾ ਜਾਂਦਾ ਹੈ ਉਸ ਦਾ ਸਰੂਪ[7]।
ਗੋਬਿਦੂ[10] ਗਾਜੈ[12] ਸਬਦੂ[13] ਬਾਜੈ[14] ॥	When His Name[13] is repeated[14], the Master[10] of the World[9] becomes manifest[12].	ਜਦ ਉਸ ਦੇ ਨਾਮ[13] ਦਾ ਜਾਪ ਕੀਤਾ[14] ਹੈ ਤਾਂ ਸੰਸਾਰ[9] ਦਾ ਮਾਲਕ[10] ਪ੍ਰਗਟ[12] ਹੋ ਜਾਂਦਾ ਹੈ।
ਆਨਦ[15] ਰੂਪੀ[16] ਮੇਰੋ ਰਾਮਈਆ[17] ॥੧॥ਰਹਾਉ॥	My Omnipresent Lord[17] is the Embodiment[16] of bliss[15]. Pause.	ਮੇਰਾ ਸਰਵ-ਵਿਆਪਕ ਸੁਆਮੀ[17], ਪਰਸੰਨਤਾ[15] ਦਾ ਸਰੂਪ[16] ਹੈ। ਠਹਿਰਾਉ।
ਬਾਵਨ[18] ਬੀਖੂ[19] ਬਾਨੈ[20] ਬੀਖੇ[21] ਬਾਸੁ[22] ਤੇ[23] ਸੁਖ[24] ਲਾਗਿਲਾ[25] ॥	It is from[23] the sandal[18] tree[19], that pleasant[24] perfume[22] attaches[25] to the other forest[20] trees[21].	ਚੰਦਨ[18] ਦੇ ਬ੍ਰਿਛ[19] ਤੋਂ[23] ਜੰਗਲ[20] ਦੇ ਹੋਰਨਾਂ ਬਿਰਛਾਂ[21] ਨੂੰ ਅਨੰਦ[24] ਮਈ ਸੁਗੰਧੀ[22] ਲੱਗ ਜਾਂਦੀ[25] ਹੈ।
ਸਰਬੇ[26] ਆਦਿ[27] ਪਰਮਲਾਦਿ[28] ਕਾਸਟ[29] ਚੰਦਨੁ[30] ਭੈਇਲਾ[31] ॥੨॥	God, the source[27] of all[26], is like the sandal tree[28], through whom base wood[29] becomes[31] sandal[30].	ਸਾਰਿਆਂ[26] ਦਾ ਸੋਮਾ[27] ਵਾਹਿਗੁਰੂ ਚੰਨਣ ਦੇ ਬਿਰਛ[25] ਦੀ ਮਾਨੰਦ ਹੈ, ਜਿਸ ਦੇ ਰਾਹੀਂ ਸਾਧਾਰਨ ਲਕੜੀ[29] ਵੀ ਚੰਨਣ[30] ਹੋ ਜਾਂਦੀ[31] ਹੈ।
ਤੁਮ੍ਰੇ[32] ਪਾਰਸੁ[33] ਹਮਚੇ[34] ਲੋਹਾ ਸੰਗੇ[35] ਕੰਚਨੁ[36] ਭੈਇਲਾ ॥	Thou[32], O Lord, art the philosopher's stone[33] and I[34] am like iron. In Thine association[35] I have become gold[36].	ਤੂੰ[32] ਹੇ ਸਾਂਈਂ! ਰਸਾਇਣ[38] ਹੈਂ ਅਤੇ ਮੈਂ[34] ਲੋਹੇ ਵਰਗਾ ਹਾਂ। ਤੇਰੀ ਸੰਗਤ[35] ਅੰਦਰ ਮੈਂ ਸੋਨਾ[36] ਬੀ ਗਿਆ ਹਾਂ।

ਤੂ ਦਇਆਲੁ[37] ਰਤਨੁ ਲਾਲੁ[38] ਨਾਮਾ ਸਾਚਿ[39] ਸਮਾਇਲਾ[40] ॥੩॥੨॥

Thou art Merciful[37], Thou art jewel of the jewels[38]; Nam Dev has merged[40] in Thee, O True Lord[39].

ਤੂੰ ਮਿਹਰਬਾਨ[37] ਹੈਂ, ਤੂੰ ਜਵੇਹਰਾਂ ਦਾ ਜਵੇਹਰ ਹੈਂ[38]। ਨਾਮਦੇਵ ਤੇਰੇ ਵਿਚ ਲੀਨ[40] ਹੋ ਗਿਆ ਹੈ, ਹੇ ਸੱਚੇ ਸੁਆਮੀ[39]!

ਪ੍ਰਭਾਤੀ ॥

Parbhati.

ਪ੍ਰਭਾਤੀ।

ਅਕੁਲ[41] ਪੁਰਖ[42] ਇਕੁ ਚਲਿਤੁ[43] ਉਪਾਇਆ[44] ॥

The Unlineal[41] God[42] has created[44] a play[43].

ਕੁਲ-ਰਹਿਤ[41] ਵਾਹਿਗੁਰੂ[42] ਨੇ ਇਕ ਖੇਡ[43] ਰਚੀ ਹੈ।

ਘਟਿ ਘਟਿ[45] ਅੰਤਰਿ[46] ਬ੍ਰਹਮੁ[47] ਲੁਕਾਇਆ[48] ॥੧॥

The Transcendent Lord[47] is hid[48] in[46] every heart[45].

ਪਰਮ ਪ੍ਰਭੂ[47] ਹਰ ਦਿਲ[45] ਅੰਦਰ[46] ਛੁਪਿਆ ਹੋਇਆ[48] ਹੈ।

ਜੀਅ[49] ਕੀ ਜੋਤਿ[50] ਨ ਜਾਨੈ ਕੋਈ ॥

No one knows the glory of the soul's[49] Light[50].

ਕੋਈ ਜਣਾ ਭੀ ਆਤਮਾ[49] ਦੇ ਪ੍ਰਕਾਸ਼[50] ਦੀ ਵਡਿਆਈ ਨੂੰ ਨਹੀਂ ਜਾਣਦਾ।

ਤੈ ਮੈ ਕੀਆ ਸੁ[51] ਮਾਲੂਮੁ[52] ਹੋਈ ॥੧॥ਰਹਾਉ॥

Whatever do I, that[51] is known[52] to Thee, O Lord. Pause.

ਜਿਹੜਾ ਕੁਛ ਭੀ ਮੈਂ ਕਰਦਾ ਹਾਂ, ਉਸ[51] ਦਾ ਤੈਨੂੰ ਪਤਾ[52] ਹੈ, ਹੇ ਸੁਆਮੀ! ਠਹਿਰਾਉ।

ਜਿਉ[53] ਪ੍ਰਗਾਸਿਆ[54] ਮਾਟੀ[55] ਕੁੰਭੇਉ[56] ॥ ਆਪ[57] ਹੀ ਕਰਤਾ[58] ਬੀਠੁਲੁ[59] ਦੇਉ[60] ॥੨॥

As[53] a pitcher[56] is produced[54] from clay[55], so is everything produced from the Loved[59] and Luminous[60] Creator[58] Himself[57].

ਜਿਸ ਤਰ੍ਹਾਂ[53] ਘੜਾ[56] ਮਿੱਟੀ[55] ਤੋਂ ਪੈਦਾ ਹੁੰਦਾ[54] ਹੈ, ਏਸੇ ਤਰ੍ਹਾਂ ਹਰ ਸ਼ੈ ਖ਼ੁਦ[57] ਪਿਆਰੇ[59] ਅਤੇ ਪ੍ਰਕਾਸ਼ਵਾਨ[60] ਸਿਰਜਣਹਾਰ[58] ਤੋਂ ਪੈਦਾ ਹੁੰਦੀ ਹੈ।

ਜੀਅ[61] ਕਾ ਬੰਧਨੁ[62] ਕਰਮੁ[63] ਬਿਆਪੈ[64] ॥ ਜੋ ਕਿਛੁ[65] ਕੀਆ[66] ਸੁ[67] ਆਪੈ ਆਪੈ[68] ॥੩॥

The mortal's very deeds[63] become[64] entanglement[62] for his soul; whatever[65] he does[66], for that[97] he himself[68] is responsible.

ਪ੍ਰਾਣੀ ਦੇ ਅਮਲ[63] ਹੀ ਉਸ ਦੀ ਆਤਮਾ[61] ਦੇ ਜੰਜਾਲ[62] ਬਣ ਜਾਂਦੇ ਹਨ[64]। ਜਿਹੜਾ ਕੁਛ[65] ਉਹ ਕਰਦਾ[66] ਹੈ, ਉਸ[67] ਲਈ ਉਹ ਕੇਵਲ ਆਪ[68] ਹੀ ਜ਼ਿਮੇਵਾਰ ਹੈ।

ਪ੍ਰਣਵਤਿ[69] ਨਾਮਦੇਉ ਇਹੁ ਜੀਉ[70] ਚਿਤਵੈ[71] ਸੁ[72] ਲਹੈ[73] ॥ ਅਮਰੁ[74] ਹੋਇ ਸਦ[75] ਆਕੁਲ[76] ਰਹੈ[77] ॥੪॥੩॥

Prays[69] Nam Dev, whatsoever this soul[70] craves for[71], that[72] it attains[73]. Whosoever, ever[75] abides[77] in the casteless[76] Lord, he becomes immortal[74].

ਨਾਮ ਦੇਵ ਜੀ ਬੇਨਤੀ ਕਰਦੇ[69] ਹਨ, ਜਿਸ ਕਿਸੇ ਦੇ ਮੁਤਅਲਕ ਇਹ ਆਤਮਾ[70] ਸੋਚਦੀ[71] ਹੈ, ਉਸ[72] ਨੂੰ ਇਹ ਪਾ ਲੈਂਦੀ[73] ਹੈ। ਜੋ ਹਮੇਸ਼ਾ[75] ਜਾਤ-ਰਹਿਤ[76] ਸਾਂਈਂ ਵਿਚ ਵਸਦਾ[77] ਹੈ, ਉਹ ਅਬਿਨਾਸ਼ੀ[74] ਹੋ ਜਾਂਦਾ ਹੈ।

ਪ੍ਰਭਾਤੀ

Parbhati.

ਪ੍ਰਭਾਤੀ

ਭਗਤ[78] ਬੇਣੀ ਜੀ[79] ਕੀ

Hymns of Venerable[79] saint[78] Beni

ਸ਼ਬਦ ਪੂਜਯ[79] ਸੰਤ[78] ਬੇਣੀ ਜੀ

ੴ ਸਤਿਗੁਰ ਪ੍ਰਸਾਦਿ ॥

There is but One God, By the True Guru's grace, is He obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਤਨਿ[80] ਚੰਦਨੁ[81] ਮਸਤਕਿ[82] ਪਾਤੀ[83] ॥

Thou rubbest sandal[81] on thy body[80] and placest basil leaves[83] on thy forehead[82].

ਤੂੰ ਆਪਣੀ ਦੇਹ[80] ਤੇ ਚੰਨਣ[81] ਮਲਦਾ ਹੈਂ ਅਤੇ ਆਪਣੇ ਮੱਥੇ[82] ਉਤੇ ਤੁਲਸੀ ਦੇ ਪੱਤੇ[83] ਧਰਦਾ ਹੈਂ।

ਰਿਦ[84] ਅੰਤਰਿ[85] ਕਰ[86] ਤਲ[87] ਕਾਤੀ[88] ॥

But, thou holdest a knife[88] in[85] the hand[86]-palm[87] of thy heart[84].

ਪਰ ਤੂੰ ਆਪਣੇ ਦਿਲ[84] ਦੇ ਹੱਥ[86] ਦੀ ਤਲੀ[87] ਵਿਚ[85] ਛੁਰੀ[88] ਫੜੀ ਹੋਈ ਹੈ।

ਠਗ[89] ਦਿਸਟਿ[90] ਬਗਾ[91] ਲਿਵ[92] ਲਾਗਾ[93] ॥	Thou lookest[90] like a cheat[89] and fixeth[93] thy attention[92] like a crane[91].	ਤੂੰ ਧੋਖੇਬਾਜ਼[89] ਦਿਸਦਾ[90] ਹੈਂ ਅਤੇ ਤੂੰ ਬਗਲੇ[91] ਦੀ ਮਾਨੰਦ ਆਪਣੀ ਬਿਰਤੀ[92] ਜੋੜਦਾ[93] ਹੈਂ ।
ਦੇਖਿ ਬੈਸਨੋ[94] ਪ੍ਰਾਨ[95] ਮੁਖ[96] ਭਾਗਾ[97] ॥੧॥	Seeing a vegetarian[94] like thee, one's life[94] escapes[97] through one's mouth[96].	ਤੇਰੇ ਵਰਗੇ ਫਲ ਫੁਲ ਅਹਾਰੀ[94] ਨੂੰ ਵੇਖ ਕੇ, ਜੀਵ ਦੀ ਜਿੰਦ-ਜਾਨ[95] ਉਸ ਦੇ ਮੂੰਹ[96] ਥਾਣੀ ਨਿਕਲ ਜਾਂਦੀ[97] ਹੈ।
ਕਲਿ[98] ਭਗਵਤ[99] ਬੰਦ[100] ਚਿਰਾਂਮੰ[2] ॥	Thou makest obeisance[100] for a long time[2] before the beauteous[98] idol of Vishnu[99].	ਤੂੰ ਵਿਸ਼ਨੂੰ[99] ਦੇ ਸੁੰਦਰ[98] ਬੁੱਤ ਮੂਹਰੇ ਬੜਾ ਚਿਰ[2] ਬੰਦਨਾਂ[100] ਕਰਦਾ ਹੈਂ ।
ਕੂਰ[3] ਦਿਸਟਿ[4] ਰਤਾ[5] ਨਿਸਿ[6] ਬਾਦੇ[7] ॥੧॥ ਰਹਾਉ ॥	However, thou art imbued[5] with evil[3] glance[4]. Vain[7] are thine nights[6] and days. Pause,	ਪ੍ਰੰਤੂ ਤੂੰ ਮੰਦੀ[3] ਨਿਗ੍ਹਾ[4] ਨਾਲ ਰੰਗਿਆ ਹੋਇਆ[5] ਹੈਂ । ਫਜ਼ੂਲ[7] ਹਨ ਤੇਰੀਆਂ ਰਾਤਾਂ[6] ਅਤੇ ਦਿਹੁੰ । ਠਹਿਰਾਉ ।
ਨਿਤਪ੍ਰਤਿ[8] ਇਸਨਾਨੁ[9] ਸਰੀਰੰ[10] ॥ ਦੁਇ[12] ਧੋਤੀ[13] ਕਰਮ[14] ਮੁਖਿ[15] ਖੀਰੰ[16] ॥	Thou daily[8] washeth[9] thy body[10], hast two[12] loin-cloths[13], performest religious rites[14] and puttest milk[16] alone in thy mouth[15].	ਤੂੰ ਹਰ ਰੋਜ਼[8] ਆਪਣੀ ਦੇਹ[10] ਨੂੰ ਧੋਂਦਾ[9] ਹੈਂ, ਤੇਰੇ ਕੋਲ ਦੋ[12] ਤੇੜ ਦੀਆਂ ਚਾਦਰਾਂ[13] ਹਨ, ਤੂੰ ਧਾਰਮਕ ਸੰਸਕਾਰ[14] ਕਰਦਾ ਹੈਂ ਅਤੇ ਆਪਣੇ ਮੂੰਹ[15] ਵਿਚ ਕੇਵਲ ਦੁੱਧ[16] ਹੀ ਪਾਉਂਦਾ ਹੈਂ ।
ਰਿਦੈ[17] ਛੁਰੀ[18] ਸੰਧਿਆਨੀ[19] ॥	But, in thy heart[17] thou hast drawn[19] a scalpel[18] to stab others.	ਪ੍ਰੰਤੂ ਆਪਣੇ ਦਿਲ[17] ਵਿਚ ਹੋਰਨਾਂ ਨੂੰ ਮਾਰਣ ਲਈ ਤੂੰ ਕਰਦ[18] ਖਿੱਚੀ[19] ਹੋਈ ਹੈ ।
ਪਰ[20]ਦਰਬੁ[21] ਹਿਰਨ[22] ਕੀ ਬਾਨੀ[23] ॥੨॥	It is thy habit[23] to snatch[22] others'[20] wealth[21].	ਤੇਰੀ ਆਦਤ[23] ਹੋਰਨਾਂ[20] ਦਾ ਧਨ[21] ਖੋਹਣ-ਖਿੰਜਣ[22] ਦੀ ਹੈ ।
ਸਿਲ[24] ਪੂਜਸਿ[25] ਚਕ੍ਰ[26] ਗਣੇਸੰ[27] ॥	Thou adorest[25] the stone-image[24] and, on thy body, makest marks[26] of the elephant-headed[27] god.	ਤੂੰ ਪੱਥਰ ਦੀ ਮੂਰਤੀ[24] ਨੂੰ ਪੂਜਦਾ[25] ਹੈਂ ਅਤੇ ਆਪਣੀ ਦੇਹ ਤੇ ਹਾਥੀ ਦੇ ਸਿਰ ਵਾਲੇ[27] ਦੇਵਤੇ ਦੇ ਚਿੰਨ੍ਹ ਲਾਉਂਦਾ[26] ਹੈ ।
ਨਿਸਿ[28] ਜਾਗਸਿ[29] ਭਗਤਿ[30] ਪ੍ਰਵੇਸੰ[31] ॥	Thou remainest awake[29] at night[28] to show that thou hast entered[31] the Lord's loving-adoration[30].	ਇਹ ਵਿਖਾਵਾ ਕਰਨ ਲਈ ਕਿ ਤੂੰ ਪ੍ਰਭੂ ਦੀ ਪ੍ਰੇਮਮਈ[30] ਉਪਾਸ਼ਨਾ[30] ਅੰਦਰ ਦਾਖ਼ਲ ਹੋ ਗਿਆ[31] ਹੈ, ਤੂੰ ਰਾਤ[28] ਨੂੰ ਜਾਗਦਾ ਰਹਿੰਦਾ[29] ਹੈਂ ।
ਪਗ[32] ਨਾਚਸਿ[33] ਚਿਤੁ[34] ਅਕਰਮੰ[35] ॥	Thou danceth[33] with thine foot[32], but, thy mind[34] is engrossed in evil deeds[35].	ਤੂੰ ਆਪਣੇ ਪੈਰਾਂ[32] ਨਾਲ ਨੱਚਦਾ[33] ਹੈਂ ਪ੍ਰੰਤੂ, ਤੇਰਾ ਮਨ[34] ਕੁਕਰਮਾਂ[35] ਅੰਦਰ ਖਚਤ ਹੋਇਆ ਹੈ ।
ਏ[36] ਲੰਪਟ[37] ਨਾਚ[38] ਅਧਰਮੰ[39] ॥੩॥	O[36] libertine[37], thy dancing[38] is wicked[39].	ਹੇ[36] ਬਦਕਾਰ[37] ! ਨਾਪਾਕ[39] ਹੈ ਤੇਰੀ ਨਿਰਤਕਾਰੀ[38] ।
ਮ੍ਰਿਗ[40] ਆਸਣੁ[41] ਤੁਲਸੀ[42] ਮਾਲਾ[43] ॥	Thou sittest[41] on the deer-skin[40] and tellest the rosary[43] of sweet basil[42].	ਤੂੰ ਮਿਰਗ-ਛਾਲਾ[40] ਉਤੇ ਬਹਿੰਦਾ[41] ਹੈਂ ਅਤੇ ਨਿਆਜ਼ਬੋ[42] ਦੀ ਜਪਣੀ[43] ਫੇਰਦਾ ਹੈਂ ।
ਕਰ[44] ਊਜਲ[45] ਤਿਲਕੁ[46] ਕਪਾਲਾ[47] ॥	Thou puttest[44] a bright[45] sacred mark[46] on thy brow[47].	ਤੂੰ ਆਪਣੇ ਮੱਥੇ[47] ਤੇ ਚਮਕੀਲਾ[45] ਟਿੱਕਾ[46] ਲਾਉਂਦਾ[44] ਹੈਂ ।
ਰਿਦੈ[48] ਕੂੜੁ[49] ਕੰਠਿ[50]	While within thy mind[48] is falsehood[49],	ਤੇਰੇ ਮਨ[48] ਅੰਦਰ ਤਾਂ ਝੂਠ[49] ਹੈ ਪ੍ਰੰਤੂ ਆਪਣੀ ਗਰਦਨ[50]

ਰੁਦ੍ਰਾਖੰ[51] ॥	on thy neck[50], thou wearest the rosary of eleocarpus[51].	ਉਦਾਲੇ, ਤੂੰ ਰੁਦਰ[51] ਦੀ ਮਾਲਾ ਪਾਉਂਦਾ ਹੈਂ ।
ਰੇ[52] ਲੰਪਟ[53] ਕ੍ਰਿਸਨੁ[54] [55]ਅਭਾਖੰ[56] ॥੪॥	O[52] sinner[53], thou utterest[56] not[55] the Lord's[54] Name.	ਹੇ[52] ਪਾਪੀ[53] ! ਤੂੰ ਸਾਹਿਬ[54] ਦੇ ਨਾਮ ਦਾ ਉਚਾਰਨ[56] ਨਹੀਂ[55] ਕਰਦਾ ।
ਜਿਨਿ[57] ਆਤਮ[58] ਤਤੁ[59] ਨ ਚੀਨ੍ਹਿਆ[60] ॥ ਸਭ[61] ਫੋਕਟ[62] ਧਰਮ[63] ਅਬੀਨਿਆ[64] ॥	Whosoever[57] realises[60] not the real[59] soul[58]; vain[62] and blind[64] are all[61] his religious deeds[63].	ਜੋ ਕੋਈ[57] ਅਸਲੀ[59] ਆਤਮਾ[58] ਨੂੰ ਅਨੁਭਵ[60] ਨਹੀਂ ਕਰਦਾ, ਵਿਅਰਥ[62] ਅਤੇ ਅੰਨ੍ਹੇ[64] ਹਨ, ਉਸ ਦੇ ਸਾਰੇ[61] ਧਾਰਮਕ ਸੰਸਕਾਰ[63] ।
ਕਹੁ[65] ਬੇਣੀ ਗੁਰਮੁਖਿ[66] ਧਿਆਵੈ[67] ॥ ਬਿਨੁ[68] ਸਤਿਗੁਰ ਬਾਟ[69] ਨ ਪਾਵੈ[70] ॥੫॥੧॥	Says[65] Beni, meditate[67] thou on thy Lord, by the Guru's grace[66]. Without[68] the True Guru, thou shalt find[70] not the way[69].	ਬੇਣੀ ਜੀ ਆਖਦੇ[65] ਹਨ, ਗੁਰਾਂ ਦੀ ਦਇਆ[66] ਦੁਆਰਾ ਤੂੰ ਆਪਣੇ ਸਾਹਿਬ ਦਾ ਸਿਮਰਨ[67] ਕਰ । ਸੱਚੇ ਗੁਰਾਂ ਦੇ ਬਗ਼ੈਰ[68] ਤੈਨੂੰ ਰਸਤਾ[69] ਨਹੀਂ ਲੱਭਣਾ[70] ।
੧੩੫੨		
੧ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥	There is but One God, True is His Name, creative His personality and immortal His form. He is without fear, sans enmity, beyond birth-and self-illumined. By the Guru's grace, is He obtained.	ਵਾਹਿਗੁਰੂ ਕੇਵਲ ਇਕ ਹੈ, ਸੱਚਾ ਹੈ ਉਸ ਦਾ ਨਾਮ; ਰਚਨਹਾਰ ਉਸ ਦੀ ਵਿਅੱਕਤੀ ਅਤੇ ਅਮਰ ਉਸ ਦਾ ਸਰੂਪ । ਉਹ ਭੈ-ਰਹਿਤ, ਦੁਸ਼ਮਣੀ-ਰਹਿਤ ਅਜਨਮਾ ਅਤੇ ਸਵੈ-ਪ੍ਰਕਾਸ਼ਵਾਨ ਹੈ । ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਰਾਗੁ ਜੈਜਾਵੰਤੀ ਮਹਲਾ ੯ ॥	Raj Jaijawanti 9th Guru	ਰਾਗੁ ਜੈਜਾਵੰਤੀ ਨੌਵੀਂ ਪਾਤਿਸ਼ਾਹੀ
ਰਾਮੁ[71] ਸਿਮਰ[72] ਰਾਮੁ ਸਿਮਰ ਇਹੈ[73] ਤੇਰੈ ਕਾਜਿ[74] ਹੈ ॥	Contemplate[72] thou thy Lord[71], yea, contemplate thou thy Lord. This alone[73] shall be of avail[74] unto thee.	ਤੂੰ ਆਪਣੇ ਸਾਹਿਬ[71] ਦਾ ਸਿਮਰਨ[72] ਕਰ, ਹਾਂ, ਤੂੰ ਆਪਣੇ ਸਾਹਿਬ ਦਾ ਸਿਮਰਨ ਕਰ । ਕੇਵਲ ਇਹ[73] ਹੀ ਤੇਰੇ ਕੰਮ[74] ਆਉਗਾ ।
ਮਾਇਆ[75] ਕੋ ਸੰਗੁ[76] ਤਿਆਗੁ[77] ਪ੍ਰਭ ਜੂ[78] ਕੀ ਸਰਨਿ[79] ਲਾਗੁ[80] ॥	Abandon[77] thou the association[76] of worldly valuables[75] and repair[80] to the Reverend Lord's[78] refuge[79].	ਤੂੰ ਸੰਸਾਰੀ ਪਦਾਰਥ[75] ਦੀ ਸੰਗਤ[76] ਨੂੰ ਛਡ[77] ਦੇ ਅਤੇ ਪੂਜਯ ਪ੍ਰਭੂ[78] ਦੀ ਪਨਾਹ[79] ਲੈ[80] ।
ਜਗਤ[81] ਸੁਖ[82] ਮਾਨੁ[83] ਮਿਥਿਆ[84] ਝੂਠੋ[85] ਸਭ[86] ਸਾਜੁ[87] ਹੈ ॥੧॥ਰਹਾਉ॥	Be sure[83] that the pleasures[82] of the world[81] are false[84] and the entire[86] paraphernalia[87] is but an illusion. Pause.	ਤੂੰ ਜਾਨ ਲੈ[83] ਕਿ ਸੰਸਾਰ[81] ਦੀਆਂ ਰੰਗ-ਰਲੀਆਂ[82] ਕੂੜੀਆਂ[84] ਹਨ ਅਤੇ ਸਮੂਹ[86] ਅਡੰਬਰ[87] ਨਿਰਾ ਪੁਰਾ ਦ੍ਰਿਸ਼ਅਕ ਧੋਖਾ[85] ਹੀ ਹੈ । ਠਹਿਰਾਉ ।
ਸੁਪਨੇ[88] ਜਿਉ[89] ਧਨੁ[90] ਪਛਾਨੁ[91] ॥	Consider[91] thy wealth[90] as[89] just a dream[88].	ਆਪਣੀ ਦੌਲਤ[90] ਨੂੰ ਕੇਵਲ ਸੁਫ਼ਨੇ[88] ਦੀ ਤਰ੍ਹਾਂ[89] ਜਾਨ[91] ।
ਕਾਹੇ[92] ਪਰਿ[93] ਕਰਤ[94] ਮਾਨੁ[95] ॥	On[93] what[92] doest thou take[94] pride[95].	ਤੂੰ ਕਾਹਦੇ[92] ਉਤੇ[93] ਹੰਕਾਰ[95] ਕਰਦਾ[94] ਹੈਂ ।

ਬਾਰੂ[96] ਕੀ ਭੀਤ[97] ਜੈਸੇ[98] ਬਸੁਧਾ[99] ਕੋ ਰਾਜੁ[100] ਹੈ ॥੧॥	The empire[100] of the earth[99] is like[98] the wall[97] of sand[96].	ਪ੍ਰਿਥਵੀ[99] ਦੀ ਪਾਤਿਸ਼ਾਹੀ[100] ਰੇਤੇ[96] ਦੀ ਕੰਧ[97] ਦੀ ਮਾਨੰਦ[98] ਹੈ ।
ਨਾਨਕ ਜਨੁ[2] ਕਹਤੁ[3] ਬਾਤ[4] ਬਿਨਸਿ[5] ਜੈਹੈ ਤੇਰੋ ਗਾਤੁ[6] ॥	Slave[2] Nanak utters[3] the true thing[4]; thy body[6], O man, must perish away[5] ultimately.	ਗੋਲਾ[2] ਨਾਨਕ ਸੱਚੀ ਗੱਲ[4] ਆਖਦਾ[3] ਹੈ । ਤੇਰੀ ਦੇਹ[6] ਅੰਤ ਨੂੰ ਅਵਸ਼ ਨਾਸ ਹੋ ਜਾਊਗੀ[5], ਹੇ ਬੰਦੇ !
ਛਿਨੁ[7] ਛਿਨੁ ਕਰਿ[8] ਗਇਓ[9] ਕਾਲੁ[10] ਤੈਸੇ[12] ਜਾਤੁ[13] ਆਜੁ[14] ਹੈ ॥੨॥ ੧॥	Moment[7] by[8] moment, did pass away[9] yesterday[10]. So[12] shall pass away[13] today[14] as well.	ਮੁਹਤ[7] ਮੁਹਤ ਕਰ[8] ਕੇ ਕਲ੍ਹ[10] ਬੀਤ ਗਿਆ[9] ਹੈ । ਏਸੇ[12] ਤਰ੍ਹਾਂ ਹੀ ਬੀਤ ਜਾਊਗਾ[13] ਅੱਜ[14] ਭੀ ।
ਜੈਜਾਵੰਤੀ ਮਹਲਾ ੯ ॥	Jaijawanti 9th Guru.	ਜੈਜਾਵੰਤੀ ਨੌਵੀਂ ਪਾਤਿਸ਼ਾਹੀ ।
ਰਾਮ ਭਜੁ[15] ਰਾਮੁ[16] ਭਜੁ ਜਨਮੁ[17] ਸਿਰਾਤੁ[18] ਹੈ ॥	Meditate[15] thou on the Lord, yea, meditate thou on the Pervading God[16]. Thy life[17] is flying away[18].	ਤੂੰ ਆਪਣੇ ਪ੍ਰਭੂ ਦਾ ਚਿੰਤਨ[15] ਕਰ, ਹਾਂ ਤੂੰ ਆਪਣੇ ਵਿਆਪਕ ਵਾਹਿਗੁਰੂ[16] ਦਾ ਚਿੰਤਨ ਕਰ । ਤੇਰੀ ਜ਼ਿੰਦਗੀ[17] ਉਡਦੀ[18] ਜਾ ਰਹੀ ਹੈ ।
ਕਹਉ[19] ਕਹਾ[20] ਬਾਰ[21] ਬਾਰ ਸਮਝਤ[22] ਨਹ ਕਿਉ ਗਵਾਰ[23] ॥	Why[20] should I warn[19] thee over and over again[21]. Why understandest[22] thou not, O fool[23] ?	ਮੈਂ ਤੈਨੂੰ ਮੁੜ ਮੁੜ ਕੇ[21] ਕਿਉਂ[20] ਖ਼ਬਰਦਾਰ[19] ਕਰਾਂ ? ਤੂੰ ਕਿਉਂ ਸਮਝਦਾ[22] ਨਹੀਂ, ਹੇ ਮੂਰਖ[23] ?
ਬਿਨਸਤ[24] ਨਹ ਲਗੈ ਬਾਰ[25] ਓਰੇ[26] ਸਮ[27] ਗਾਤੁ[28] ਹੈ ॥੧॥ ਰਹਾਉ ॥	The body[28] is like[27] the hail[26]. It shall vanish away[24] in no time[25]. Pause.	ਤੇਰੀ ਦੇਹ[28] ਗੜੇ[26] ਦੀ ਮਾਨੰਦ[28] ਹੈ । ਅਲੋਪ ਹੁੰਦਿਆਂ[24] ਇਸ ਨੂੰ ਦੇਰੀ[25] ਨਹੀਂ ਲਗਣੀ । ਠਹਿਰਾਉ ।
ਸਗਲ ਭਰਮ[29] ਡਾਰਿ[30] ਦੇਹਿ ਗੋਬਿੰਦ[31] ਕੋ ਨਾਮੁ ਲੇਹਿ[32] ॥	Shed[30] thou all thy doubts[29] and utter[32] thy Lord's Name.	ਤੂੰ ਆਪਣੇ ਸਾਰੇ ਸੰਦੇਹ[29] ਨਵਿਰਤ[30] ਕਰ ਦੇ ਅਤੇ ਆਪਣੇ ਪ੍ਰਭੂ[31] ਦੇ ਨਾਮ ਦਾ ਉਚਾਰਨ[32] ਕਰ ।
ਅੰਤਿ[33] ਬਾਰ[34] ਸੰਗਿ[35] ਤੇਰੈ ਇਹੈ ਏਕੁ[36] ਜਾਤੁ[37] ਹੈ ॥੧॥	At the last[33] moment[34], this alone[36] shall go[37] with[35] thee.	ਅਖ਼ੀਰ[33] ਦੇ ਵੇਲੇ[34] ਕੇਵਲ ਇਹ[36] ਹੀ ਤੇਰੇ ਨਾਲ[35] ਜਾਊਗਾ[37] ।
ਬਿਖਿਆ[38] ਬਿਖੁ[39] ਜਿਉ[40] ਬਿਸਾਰਿ[41] ਪ੍ਰਭ ਕੋ ਜਸੁ[42] ਹੀਏ[43] ਧਾਰਿ[44] ॥	(Shed) or (forget[41]) thou sin[38] like[40] poison[39] and enshrine[44] thy Lord's praise[42] in thy mind[43].	ਤੂੰ ਪਾਪ[37] ਨੂੰ ਜ਼ਹਿਰ[38] ਦੀ ਮਾਨੰਦ[40] (ਛਡ) ਜਾਂ (ਭੁਲਾ[41]) ਦੇ, ਤੇ ਆਪਣੇ ਸਾਹਿਬ ਦੀ ਸਿਫ਼ਤ ਸ਼ਲਾਘਾ[42] ਨੂੰ ਆਪਣੇ ਮਨ[42] ਅੰਦਰ ਟਿਕਾ ਲੈ[44] ।
ਨਾਨਕ ਜਨ[45] ਕਹਿ ਪੁਕਾਰਿ[46] ਅਉਸਰੁ ਬਿਹਾਤੁ[48] ਹੈ ॥੨॥੨॥	Servant[45] Nanak proclaims[46], thy opportunity[47] is passing away[48].	ਨੌਕਰ ਨਾਨਕ[45] ਪੁਕਾਰਦਾ[46] ਹੈ, ਤੇਰਾ ਮੌਕਾ[47] ਬੀਤਦਾ ਜਾ ਰਿਹਾ[48] ਹੈ ।
ਜੈਜਾਵੰਤੀ ਮਹਲਾ ੯ ॥	Jaijawanti 9th Guru.	ਜੈਜਾਵੰਤੀ ਨੌਵੀਂ ਪਾਤਿਸ਼ਾਹੀ ।
ਰੇ ਮਨ[49] ਕਉਨ[50] ਗਤਿ[51] ਹੋਇ ਹੈ ਤੇਰੀ ॥	O man[49], what[50] shall be thy condition[51] ?	ਹੇ ਬੰਦੇ[49] ! ਤੇਰੀ ਕੀ[50] ਦਸ਼ਾ[51] ਹੋਵੇਗੀ ?
ਇਹ ਜਗ[52] ਮਹਿ[53] ਰਾਮ	In[53] this world[52], the Lord's Name	ਇਹ ਜਹਾਨ[52] ਅੰਦਰ[53], ਕੇਵਲ ਸੁਆਮੀ ਦਾ ਨਾਮ ਹੀ

ਨਾਮੁ ਸੋ[54] ਤਉ[56] ਨਹੀ ਸੁਨਿਓ[55] ਕਾਨਿ[57] ॥

alone is invaluable and that[54] thou[56] hast heard[55] not with thine ears[57].

ਅਮੋਲਕ ਹੈ ਤੇ ਉਸ[54] ਨੂੰ ਤੂੰ[56] ਆਪਣਿਆਂ ਕੰਨਾਂ[57] ਨਾਲ ਨਹੀਂ ਸੁਣਿਆ[55] ।

ਬਿਖਿਅਨ[58] ਸਿਉ[59] ਅਤਿ[60] ਲੁਭਾਨਿ[61] ਮਤਿ[61*] ਨਾਹਿਨ[62] ਫੇਰੀ[63] ॥੧॥ ਰਹਾਉ॥

Thou art immensely[60] attached[61] to[59] the mortal sins[58] and hast diverted[63] not[62] thy mind[61*] from them. Pause.

ਤੂੰ ਪ੍ਰਾਨ ਨਾਸਕ ਪਾਪਾਂ[58] ਨਾਲ[59] ਅਤਿਅੰਤ[60] ਹੀ ਚਿਮੜਿਆ[61] ਹੋਇਆ ਹੈਂ ਤੇ ਤੈਂ ਆਪਣੇ ਮਨ[61*] ਨੂੰ ਉਨ੍ਹਾਂ ਵਲੋਂ ਨਹੀਂ[62] ਮੋੜਿਆ[63] । ਠਹਿਰਾਉ ।

ਮਾਨਸ ਕੋ ਜਨਮੁ[64] ਲੀਨੁ[65] ਸਿਮਰਨੁ[66] ਨਹ ਨਿਮਖ[67] ਕੀਨੁ ॥

Thou hast obtained[65] human life[64], but, hast not contemplated[66] thy Lord, even for a moment[67].

ਤੈਨੂੰ ਮਨੁੱਖੀ-ਜੀਵਨ[64] ਪਰਾਪਤ ਹੋਇਆ[65] ਹੈ, ਪ੍ਰੰਤੂ ਤੂੰ ਇਕ ਮੁਹਤ[67] ਭਰ ਲਈ ਭੀ ਆਪਣੇ ਪ੍ਰਭੂ ਦਾ ਆਰਾਧਨ[66] ਨਹੀਂ ਕੀਤਾ ।

ਦਾਰਾ[68] ਸੁਖ[69] ਭਇਓ ਦੀਨੁ[70] ਪਗਹੁ[71] ਪਰੀ ਬੇਰੀ[72] ॥੧॥

For the sake of sexual pleasure[69], thou hast become subservient[70] to a woman[68] and thine feet[71] are fettered[72].

ਕਾਮ ਦੇ ਸੁਆਦ[69] ਦੀ ਖ਼ਾਤਰ, ਤੂੰ ਔਰਤ[68] ਦੇ ਅਧੀਨ[70] ਹੋ ਗਿਆ ਹੈਂ ਅਤੇ ਤੇਰੇ ਪੈਰੀਂ[71] ਬੇੜੀ ਪੈ ਗਈ[72] ਹੈ ।

ਨਾਨਕ ਜਨ[77] ਕਹਿ ਪੁਕਾਰਿ[73] ਸੁਪਨੈ[74] ਜਿਉ[75] ਜਗ[78] ਪਸਾਰੁ[76] ॥

Proclaims[73] slave[77] Nanak, that the vast expanse[76] of the world[78] is like[75] a dream[74].

ਗੋਲਾ[77] ਨਾਨਕ ਕੂਕਦਾ[73] ਹੈ, ਕਿ ਜਗਤ[78] ਦਾ ਖਿਲਾਰਾ[76] ਸੁਫ਼ਨੇ[74] ਦੀ ਮਾਨੰਦ[75] ਹੈ ।

ਸਿਮਰਤ[78] ਨਹ ਕਿਉ[80] ਮੁਰਾਰਿ[81] ਮਾਇਆ[82] ਜਾ ਕੀ ਚੇਰੀ[83] ॥੨॥੩॥

Why meditatest[79] thou not on God, the Enemy[81] of ego[80], to whom mammon[82] is but a slave[83] ?

ਤੂੰ ਹੰਕਾਰ[80] ਦੇ ਵੈਰੀ[81] ਵਾਹਿਗੁਰੂ ਦਾ ਕਿਉਂ ਭਜਨ[78] ਨਹੀਂ ਕਰਦਾ, ਮੋਹਨੀ[82] ਜਿਸ ਦੀ ਗੋਲੀ[83] ਹੈ ।

ਜੈਜਾਵੰਤੀ ਮਹਲਾ ੯ ॥

Jaijawanti 9th Guru.

ਜੈਜਾਵੰਤੀ ਨੌਵੀਂ ਪਾਤਿਸ਼ਾਹੀ ।

ਬੀਤ[84] ਜੈਹੈ ਬੀਤ ਜੈਹੈ ਜਨਮੁ[85] ਅਕਾਜੁ[86] ਰੇ[87] ॥

O[87] man, thy life[85] is passing away[84], yea, is passing away in vain[86].

ਹੇ[87] ਬੰਦੇ ! ਤੇਰਾ ਜੀਵਨ[85] ਵਿਅਰਥ[86] ਹੀ ਗੁਜ਼ਰਦਾ[84] ਜਾ ਰਿਹਾ ਹੈ, ਹਾਂ ਬਿਲਕੁਲ ਵਿਅਰਥ ਗੁਜ਼ਰਦਾ ਜਾ ਰਿਹਾ ਹੈ ।

੧੩੫੩

ਨਿਸਿ ਦਿਨੁ[88] ਸੁਨਿ[89] ਕੈ ਪੁਰਾਨ ਸਮਝਤ[90] ਨਹ ਰੇ[91] ਅਜਾਨ[92] ॥

Hearing[59] the Puranas night[88] and day, thou understandest[90] not, O[91] ignorant man[92].

ਰੈਣ[88] ਅਤੇ ਦਿਹੁੰ ਪੁਰਾਨਾਂ ਨੂੰ ਸ੍ਰਵਣ[89] ਕਰ, ਤੂੰ ਸਮਝਦਾ[90] ਨਹੀਂ, ਹੇ[91] ਬੇਸਮਝ ਬੰਦੇ[92] !

ਕਾਲੁ[92*] ਤਉ ਪਹੂਚਿਓ[93] ਆਨਿ ਕਹਾ[94] ਜੈਹੈ ਭਾਜਿ[95] ਰੇ ॥੧॥ਰਹਾਉ॥

Death[92*] has arrived[93], O whither[94] shalt thou now flee away[95] ? Pause.

ਮੌਤ[92*] ਆਣ ਪਹੁੰਚੀ[93] ਹੈ, ਓ ਬੰਦੇ ਹੁਣ ਤੂੰ ਨੱਸ[65] ਕੇ ਕਿਥੇ[94] ਜਾਵੇਂਗਾ[95] ? ਠਹਿਰਾਉ ।

ਅਸਥਿਰੁ[96] ਜੋ ਮਾਨਿਓ[97] ਦੇਹ[98] ਸੋ[99] ਤਉ ਤੇਰਉ ਹੋਇ ਹੈ ਖੇਹ[100] ॥

That[99] body[98] of thine, which thou deemest[97] permanent[96], shall become dust[100].

ਉਹ[99] ਆਪਣਾ ਸਰੀਰ[98], ਜਿਸ ਨੂੰ ਤੂੰ ਸਦੀਵੀ[96] ਸਥਿਰ ਮੰਨਦਾ[97] ਹੈਂ, ਮਿੱਟੀ[100] ਹੋ ਜਾਊਗਾ ।

ਕਿਉ ਨ ਹਰਿ ਕੋ ਨਾਮੁ ਲੇਹਿ[2] ਮੂਰਖ[3] ਨਿਲਾਜ[4] ਰੇ ॥੧॥

Why utterest[2] thou not the Lord's Name, O shameless[4] fool[3] ?

ਤੂੰ ਕਿਉਂ ਸੁਆਮੀ ਦੇ ਨਾਮ ਦਾ ਉਚਾਰਨ[2] ਨਹੀਂ ਕਰਦਾ, ਹੇ ਬੇਸਮਝ[4] ਬੇਵਕੂਫ[3] ?

ਰਾਮ ਭਗਤਿ[5] ਹੀਏ[6]

Introduce[7] thou thy Lord's devotional

ਪ੍ਰਭੂ ਦੀ ਪ੍ਰੇਮਮਈ ਸੇਵਾ[5] ਨੂੰ ਤੂੰ ਆਪਣੇ ਮਨ[6] ਅੰਦਰ

ਆਨਿ[7] ਛਾਡਿ[8] ਦੇ ਤੈ ਮਨ ਕੋ ਮਾਨੁ[9] ॥
ਨਾਨਕ ਜਨ[10] ਇਹ[12] ਬਖਾਨਿ[13] ਜਗ[14] ਮਹਿ[15] ਬਿਰਾਜੁ[16] ਰੇ[17] ॥੨॥੪॥

service[5] into thy mind[6] and abandon[8] thou thy mind's ego[9].
Says[13] servant[10] Nanak, thiswise[12] abide[16] thou in[15] this world[14], O[17] mortal.

ਲਿਆ[7] ਅਤੇ ਆਪਣੇ ਮਨੂਏ ਦੀ ਹੰਗਤਾ[9] ਨੂੰ ਤਿਆਗ[8] ਦੇ।
ਨੌਕਰ[10] ਨਾਨਕ ਆਖਦਾ[13] ਹੈ, ਇਸ ਤਰ੍ਹਾਂ[12] ਤੂੰ ਇਸ ਸੰਸਾਰ[14] ਅੰਦਰ[15] ਆਪਣੀ ਦਿਨ ਕਟੀ ਕਰ [16]ਹੈਂ[17] ਪ੍ਰਾਣੀ!

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

There is but One God. True is His Name, creative His personality and Immortal His form. He is without fear, sans enmity, beyond birth-and self-illumined. By the Guru's grace, is He obtained.

ਵਾਹਿਗੁਰੂ ਕੇਵਲ ਇਕ ਹੈ। ਸੱਚਾ ਹੈ ਉਸ ਦਾ ਨਾਉ, ਰਚਣਹਾਰ ਉਸ ਦੀ ਵਿਅਕਤੀ ਅਤੇ ਅਮਰ ਉਸ ਦਾ ਸਰੂਪ। ਉਹ ਡਰ-ਰਹਿਤ, ਦੁਸ਼ਮਨੀ-ਰਹਿਤ, ਅਜਨਮਾ ਅਤੇ ਸਵੈ-ਪ੍ਰਕਾਸ਼ਵਾਨ ਹੈ। ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਸਲੋਕ ਸਹਸਕ੍ਰਿਤੀ ਮਹਲਾ ੧ ॥

Slok Sahaskirti Ist Guru

ਸਲੋਕ ਸਹਸਕ੍ਰਿਤੀ ਪਹਿਲੀ ਪਾਤਿਸ਼ਾਹੀ

ਪੜਿ ਪੁਸਤੁਕ ਸੰਧਿਆ[18] ਬਾਦੰ[19] ॥ ਸਿਲ[20] ਪੂਜਸਿ[21] ਬਗੁਲ[22] ਸਮਾਧੰ[23] ॥
ਮੁਖਿ[24] ਝੂਠੁ ਬਿਭੂਖਨ[25] ਸਾਰੰ[26] ॥ ਤ੍ਰੈਪਾਲ[27] ਤਿਹਾਲ[28] ਬਿਚਾਰੰ[29] ॥

You read books, say vesper[18] prayers, argue[19], worship[21] stones[20] and sit in trance[23] like a crane[22].
With your mouth[24] you utter[26] falsehood[25] like the excellent ornaments and recite[29] the tripod[27] gaotri three times[28] a day.

ਤੁਸੀਂ ਪੋਥੀਆਂ ਵਾਚਦੇ ਹੋ, ਤ੍ਰਿਕਾਲਾਂ[18] ਦੀ ਪ੍ਰਾਰਥਨਾ ਅਤੇ ਬਹਿਸ[19] ਕਰਦੇ ਹੋ, ਪੱਥਰ[20] ਪੂਜਦੇ[21] ਹੋ ਅਤੇ ਬਗ[22] ਦੀ ਤਰ੍ਹਾਂ ਤਾੜੀ[23] ਲਾਉਂਦੇ ਹੋ।
ਆਪਣੇ ਮੂੰਹ[24] ਨਾਲ ਤੁਸੀਂ ਸ੍ਰੇਸ਼ਟ ਗਹਿਣਿਆਂ ਵਰਗਾ ਕੂੜ ਬੋਲਦੇ ਹੋ ਅਤੇ ਤਿੰਨ ਪੈਰਾਂ ਵਾਲੀ[27] ਗਾਇਤਰੀ ਦਾ ਦਿਨ ਵਿਚ ਤਿੰਨ ਵਾਰੀ[28] ਪਾਠ[29] ਕਰਦੇ ਹੋ।

ਗਲਿ ਮਾਲਾ ਤਿਲਕ ਲਿਲਾਟੰ[30] ॥ ਦੁਇ ਧੋਤੀ ਬਸਤ੍ਰ ਕਪਾਟੰ[31] ॥

Round your neck is the rosary, on your forehead[30] the sacred mark and on your head a towel and you have two loin-cloths.

ਤੁਹਾਡੀ ਗਰਦਨ ਦੁਆਲੇ ਸਿਮਰਨੀ ਹੈ, ਤੁਹਾਡੇ ਮੱਥੇ[30] ਤੇ ਤਿਲਕ ਹੈ, ਤੁਹਾਦੇ ਸਿਰ[31] ਉਤੇ ਤੌਲੀਆ ਅਤੇ ਤੁਹਾਡੇ ਕੋਲ ਦੋ ਧੋਤੀਆਂ ਹਨ।

ਜੋ ਜਾਨਸਿ ਬ੍ਰਹਮੰ[32] ਕਰਮੰ[33] ॥ ਸਭ ਫੋਕਟ[34] ਨਿਸਚੈ[35] ਕਰਮੰ[36] ॥
ਕਹੁ ਨਾਨਕ ਨਿਸਚੌ[37] ਧ੍ਰਿਵੈ[38] ॥ ਬਿਨੁ ਸਤਿਗੁਰ ਬਾਟ[39] ਨ ਪਾਵੈ ॥੧॥
ਨਿਹਫਲੰ[40] ਤਸ੍[41] ਜਨਮਸ੍[42] ਜਾਵਦ[43] ਬ੍ਰਹਮ ਨ ਬਿੰਦਤੇ[44] ॥
ਸਾਗਰੰ[45] ਸੰਸਾਰਸ੍[46] ਗੁਰ

If you know the nature[33] of the Lord[32], then you will find that all these beliefs[35] and rites[36] are vain[34].
Says Nanak, in good faith[37], meditate[38] thou on the Lord. Without the True Guru, man finds not the way.
Until the mortal knows the pervading God, his[41] human birth[42] is unporfitable[40].
The world[46] ocean[45], only a few cross[48]

ਜੇਕਰ ਤੂੰ ਪ੍ਰਭੂ[32] ਦੇ ਦਸਤੂਰ[33] ਨੂੰ ਜਾਣ ਲਵੇਂ, ਤਾਂ ਤੈਨੂੰ ਪਤਾ ਲਗੇਗਾ ਕਿ ਇਹ ਸਮੂਹ ਨਿਸਚੇ[35] ਅਤੇ ਸੰਸਕਾਰ[36] ਵਿਅਰਥ ਹਨ[34]।
ਗੁਰੂ ਨਾਨਕ ਦੇਵ ਜੀ ਆਖਦੇ ਹਨ ਤੂੰ ਨੇਕ-ਨੀਅਤੀ[37] ਨਾਲ ਸੁਆਮੀ ਦਾ ਸਿਮਰਨ[38] ਕਰ। ਸੱਚੇ ਗੁਰਾਂ ਦੇ ਬਾਝੋਂ, ਇਨਸਾਨ ਨੂੰ ਰਸਤਾ[39] ਨਹੀਂ ਲਭਦਾ।
ਜਦ ਤਾਂਦੀਂ ਪ੍ਰਾਣੀ ਵਿਆਪਕ[44] ਵਾਹਿਗੁਰੂ ਨੂੰ ਨਹੀਂ ਜਾਣਦਾ[43], ਉਸ[41] ਦਾ ਮੁਨਸ਼ੀ ਜਨਮ[42] ਨਿਸਫਲ[40] ਹੈ।
ਜਗਤ[46] ਸਮੁੰਦਰ[45]; ਗੁਰਾਂ ਦੀ ਦਇਆ[47] ਦੁਆਰਾ

ਪਰਸਾਦੀ[47] ਤਰਹਿ ਕੇ[48] ॥
ਕਰਣ ਕਾਰਣ ਸਮਰਥੁ[49] ਹੈ
ਕਹੁ ਨਾਨਕ ਬੀਚਾਰਿ[50] ॥

over by the Guru's grace[47].
Potent[49] to do all the deeds is the Lord. Nanak says this after deep deliberation[50].

ਵਿਚਲੇ ਹੀ ਪਾਰ[48] ਕਰਦੇ ਹਨ ।
ਸਾਰੇ ਕੰਮ ਨੇਪਰੇ ਚਾੜ੍ਹਨ ਦੇ ਯੋਗ[49] ਹੈ ਸੁਆਮੀ । ਗੂੜ੍ਹੀ ਸੋਚ[50]-ਵਿਚਾਰ ਮਗਰੋਂ ਨਾਨਕ ਇਹ ਆਖਦਾ ਹੈ ।

ਕਾਰਣੁ[51] ਕਰਤੇ[52] ਵਸਿ[53]
ਹੈ ਜਿਨਿ[54] ਕਲ ਰਖੀ[55]
ਧਾਰਿ ॥੨॥

The creation[51] is in the power[53] of the Creator[52], who[54] by His might is sustaining[55] it.

ਰਚਨਾ[51] ਰਚਣਹਾਰ[52] ਦੇ ਇਖ਼ਤਿਆਰ ਵਿਚ[53] ਹੈ, ਜੋ[54] ਆਪਣੀ ਸ਼ਕਤੀ ਦੁਆਰਾ, ਇਸ ਨੂੰ ਆਸਰਾ[55] ਦੇ ਰਿਹਾ ਹੈ ।

ਜੋਗੁ[56] ਸਬਦੰ[57] ਗਿਆਨੁ[58]
ਸਬਦੰ ਬੇਦੁ[59] ਸਬਦੰ ਤ
ਬ੍ਰਾਹਮਣਹ[60] ॥

The way[57] of union[56] with the Lord is the way of Divine knowledge[58]. With the Brahmans[60] the way is through the Vedas[59].

ਪ੍ਰਭੂ ਦੇ ਮਿਲਾਪ[56] ਦਾ ਮਾਰਗ[57] ਈਸ਼ਵਰੀ-ਗਿਆਤ[58] ਦਾ ਹੈ । ਬ੍ਰਾਹਮਣਾਂ[60] ਦਾ ਮਾਰਗ ਵੇਦ[59] ਦੇ ਰਾਹੀਂ ਹੈ ।

ਖਤ੍ਰੀ ਸਬਦੰ ਸੂਰ[61] ਸਬਦੰ
ਸੂਦ੍ਰ[62] ਸਬਦੰ
ਪਰਾ ਕ੍ਰਿਤਹ[63] ॥

Khatri's way is the way of bravery[61] and of the Sudras[62], the way is the service of others[63].

ਖ਼ਤ੍ਰੀਆਂ ਦਾ ਰਸਤਾ ਸੂਰਮਤਾਈਂ[61] ਦਾ ਰਸਤਾ ਹੈ ਅਤੇ ਸੂਦਰਾਂ[62] ਦਾ ਰਸਤਾ ਹੈ ਹੋਰਨਾਂ ਦਾ ਕਾਰ-ਵਿਹਾਰ[63] ।

ਸਰਬ[64] ਸਬਦੰ[65] ਏਕ[66]
ਸਬਦੰ[67] ਜੇ ਕੋ[68] ਜਾਨਸਿ[69]
ਭੇਉ[70] ॥
ਨਾਨਕ ਤਾਕੋ[71] ਦਾਸੁ[72] ਹੈ
ਸੋਈ[73] ਨਿਰੰਜਨ[74] ਦੇਉ॥੩॥

The duty[65] of all[64] is the duty[67] of the One Lord's[66] meditation, provided one[65] cares to known[69] this secret[70].
Of him[71] Nanak is a slave[72]. He Himself[73] is the Immaculate Lord[74].

ਸਾਰਿਆਂ[64] ਦਾ ਫ਼ਰਜ਼[65] ਇਕ ਸਾਹਿਬ[66] ਦੇ ਸਿਮਰਨ ਦਾ ਫਰਜ਼[67] ਹੈ, ਜੇਕਰ ਕੋਈ[68] ਜਣਾ ਇਸ ਭੇਤ[70] ਨੂੰ ਜਾਣਨ[69] ਦੀ ਕੋਸ਼ਿਸ਼ ਕਰੇ ।
ਨਾਨਕ ਉਸ[71] ਦਾ ਨਫ਼ਰ[72] ਹੈ । ਉਹ[73] ਖੁਦ ਹੀ ਪਵਿੱਤਰ ਪ੍ਰਭੂ[74] ਹੈ ।

ਏਕ ਕ੍ਰਿਸੰ[75] ਤ ਸਰਬ[76]
ਦੇਵਾ[77] ਦੇਵ ਦੇਵਾ ਤ[78]
ਆਤਮਹ[79] ॥

The One Lord[75] is the God of all[76] gods[77]. He is the soul[79] of their godliness[78].

ਇਕ ਪ੍ਰਭੂ[75] ਸਾਰਿਆਂ[76] ਦੇਵਤਿਆਂ[77] ਦਾ ਈਸ਼ਵਰ ਹੈ । ਉਹ ਉਨ੍ਹਾਂ ਦੇ ਦੇਵਾਪਣ[78] ਦੀ ਰੂਹ[79] ਹੈ ।

ਆਤਮੰ[80] ਸ੍ਰੀ ਬਾਸੁਦੇਵਸ੍[81]
ਜੇ ਕੋਈ[82] ਜਾਨਸਿ[83]
ਭੇਵ[84] ॥ ਨਾਨਕ ਤਾਕੋ[85]
ਦਾਸੁ ਹੈ ਸੋਈ[86] ਨਿਰੰਜਨ
ਦੇਵ[87] ॥੪॥

If any one[82] knows[83] the mystery[84] of the soul[80] and the Omnipresent Lord[81]; of him[85], Nanak is the slave. He[86] Himself is the Immaculate Lord[87].

ਜੇਕਰ ਕੋਈ[82] ਜਣਾ ਰੂਹ[80] ਅਤੇ ਸਰਬ-ਵਿਆਪਕ[81] ਦੇ ਰਾਜ[84] ਨੂੰ ਸਮਝਦਾ[83] ਹੈ; ਨਾਨਕ ਉਸ ਦਾ[85] ਗੋਲਾ ਹੈ । ਉਹ[80] ਆਪ ਹੀ ਪਾਵਨ-ਪਵਿੱਤਰ[87] ਪ੍ਰਭੂ ਹੈ ।

ਸਲੋਕ ਸਹਸਕ੍ਰਿਤੀ
ਮਹਲਾ ੫

Slokas Sahaskirti
5th Guru.

ਸਲੋਕ ਸਹਸਕ੍ਰਿਤੀ
ਪੰਜਵੀਂ ਪਾਤਿਸ਼ਾਹੀ

ੴ ਸਤਿਨਾਮੁ ਕਰਤਾ
ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ
ਸੈਭੰ ਗੁਰ ਪ੍ਰਸਾਦਿ ॥

There is but One God. True is His Name, creative His personality and Immortal His form. He is without fear, sans enmity, beyond birth and self-illumined. By the Guru's grace, is He obtained.

ਵਾਹਿਗੁਰੂ ਕੇਵਲ ਇਕ ਹੈ । ਸੱਚਾ ਹੈ ਉਸ ਦਾ ਨਾਮ, ਰਚਨਹਾਰ ਹੈ ਉਸ ਦੀ ਵਿਅਕਤੀ ਅਤੇ ਅਮਰ ਉਸ ਦਾ ਸਰੂਪ । ਉਹ ਡਰ-ਰਹਿਤ, ਕੀਨਾ-ਰਹਿਤ, ਅਜਨਮਾ ਅਤੇ ਸਵੈ-ਪ੍ਰਕਾਸ਼ਵਾਨ ਹੈ । ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਕਤੰਚ[88] ਮਾਤਾ[89] ਕਤੰਚ[90] ਪਿਤਾ[91] ਕਤੰਚ[92] ਬਨਿਤਾ[93] ਬਿਨੋਦ[94] ਸੁਤਹ[95] ॥	Who[88] is the mother[89], who[90] is one's father[91] and son[95] and what[92] is the pleasure of dailying[94] with one's wife[93].	ਕੌਣ[88] ਹੈ ਅੰਮੜੀ[89] ਕਉਣ[90] ਹੈ ਕਿਸੇ ਦਾ ਬਾਬਲ[91] ਅਤੇ ਪੁੱਤਰ[95] ਅਤੇ ਕੀ[92] ਹੈ ਖੁਸ਼ੀ ਆਪਣੀ ਪਤਨੀ[93] ਨਾਲ ਖੇਲ੍ਹਨ-ਮੱਲਨ[94] ਦੀ ?
ਕਤੰਚ[96] ਭ੍ਰਾਤ[97] ਮੀਤ[98] ਹਿਤ[99] ਬੰਧਵ[2] ਕਤੰਚ[3] ਮੋਹ[4] ਕੁਟੰਬ੍ਹਤੇ[5] ॥	Who[96] is one's brother[97], friend[98], well-wisher[99] and relation[2] and of what avail is the love[4] of the family[5] ?	ਕੌਣ[96] ਹੈ ਕਿਸੇ ਦਾ ਭਰਾ[97], ਮਿੱਤਰ[98], ਸ਼ੁਭਚਿੰਤਕ[99] ਅਤੇ ਰਿਸ਼ਤੇਦਾਰ[2] ਅਤੇ ਕੀ[3] ਹੈ ਲਾਭ ਟੱਬਰ ਕਬੀਲੇ[5] ਦੀ ਮਮਤਾ[4] ਦਾ ?
੧੩੫੪		
ਕਤੰਚ[6] ਚਪਲ[7] ਮੋਹਨੀ[8] ਰੂਪੰ[9] ਪੇਖੰਤੇ[10] ਤਿਆਗੰ[11] ਕਰੋਤਿ ॥	Whose[6] is wealth[8], the embodiment[9] of restlessness[7], which leaves[11] man, before his very eyes[10].	ਕਿਸ[6] ਦੀ ਹੈ ਚੰਚਲਤਾ[7] ਦਾ ਸਰੂਪ[9] ਮਾਇਆ[8], ਜੋ ਬੰਦੇ ਨੂੰ ਉਸ ਦੀਆਂ ਅੱਖਾਂ[10] ਦੇ ਸਾਮ੍ਹਣੇ ਛਡ[11] ਜਾਂਦੀ ਹੈ ।
ਰਹੰਤ[12] ਸੰਗ[13] ਭਗਵਾਨ[14] ਸਿਮਰਣ[15] ਨਾਨਕ ਲਬਧੋ[16] ਅਚੁਤ[17] ਤਨਹ[18] ॥੧॥	The meditation[15] of the Illustrious Lord[14] alone remains[12] with[13] man, with which he is blessed[16] through the saints, the sons[18] of the Imperishable[17] God, O Nanak.	ਕੇਵਲ ਕੀਰਤੀਮਾਨ ਪ੍ਰਭੂ[14] ਦੀ ਬੰਦਗੀ[15] ਹੀ ਬੰਦੇ ਦੇ ਨਾਲ[13] ਰਹਿੰਦੀ[12] ਹੈ ਜੋ ਕਿ ਉਸ ਨੂੰ ਅਬਿਨਾਸੀ[17] ਵਾਹਿਗੁਰੂ ਦੇ ਪੁਤ੍ਰਾਂ[18], ਸੰਤਾਂ, ਦੇ ਰਾਹੀਂ ਪਰਾਪਤ[16] ਹੁੰਦੀ ਹੈ, ਹੇ ਨਾਨਕ !
ਧ੍ਰਿਗੰਤ[19] ਮਾਤ[20] ਪਿਤਾ[21] ਸਨੇਹੰ[22] ਧ੍ਰਿਗ[23] ਸਨੇਹੰ[24] ਭ੍ਰਾਤ[25] ਬਾਂਧਵਹ[26] ॥	Worthless[19] is the love[22] of the mother[20] and father[21] and worthless[23] is the love[24] of the brothers[25] and kinsmen[26].	ਤੁਛ[19] ਹੈ ਪਿਆਰ[22] ਅੰਮੜੀ[20] ਅਤੇ ਬਾਬਲ[21] ਦਾ ਅਤੇ ਤੁਛ[23] ਹੈ ਪਿਆਰ[24] ਭਰਾਵਾਂ[25] ਅਤੇ ਸਨਬੰਧੀਆਂ[26] ਦਾ ।
ਧ੍ਰਿਗ[27] ਸ੍ਨੇਹੰ[28] ਬਨਿਤਾ ਬਿਲਾਸ[30] ਸੁਤਹ[31] ॥	worthless[27] is also the love[28] of making merry[30] with one's wife[29] and sons[31].	ਤੁਛ[27] ਹੈ ਇਸੀ ਤਰ੍ਹਾਂ ਪਤਨੀ[29] ਅਤੇ ਪੁੱਤਰ[31] ਨਾਲ ਮੌਜਾਂ ਮਾਣਨ[30] ਦੀ ਪ੍ਰੀਤ[38] ।
ਧ੍ਰਿਗ[32] ਸ੍ਨੇਹੰ [33]ਗ੍ਰਿਹਾਰਥ[34] ਕਹ[35] ॥	Curse[32] is unto[35] the household[33] affairs[34].	ਧ੍ਰਿਕਾਰ[32] ਹੈ ਘਰੋਗੀ[33] ਕਾਰ ਵਿਹਾਰ[34] ਨੂੰ[35] ।
ਸਾਧ[36] ਸੰਗ[37] ਸ੍ਨੇਹ[38] ਸਤ੍ਰ੿[39] ॥ ਸੁਖਯੰ[49] ਬਸੰਤਿ[41] ਨਾਨਕਹ ॥੨॥	True[34] is the love[38] of the saints'[38] congregation[39] through which Nanak abides[41] in peace[40].	ਸੱਚੀ[39] ਹੈ ਪ੍ਰੀਤ[38] [30]ਸਤਿਸੰਗਤ[37] ਦੀ, ਜਿਸ ਦੇ ਰਾਹੀਂ ਨਾਨਕ ਆਰਾਮ[40] ਅੰਦਰ ਵਸਦਾ[41] ਹੈ ।
ਮਿਥ੍ਯੰਤ[42] ਦੇਹੰ[43] ਖੀਣੰਤ[44] ਬਲਨੰ[45] ॥	False[42] is the body[43] and perishable[44] is its power[45].	ਕੂੜੀ[42] ਹੈ ਕਾਂਇਆਂ[43] ਅਤੇ ਨਾਸਵੰਤ[44] ਹੈ ਇਸ ਦਾ ਬਲ[45] ।
ਬਰਧੰਤਿ[46] ਜਰੂਆ[47] [48]ਹਿਤ੍ਯੰਤ[49] ਮਾਇਆ[50] ॥	As the old age[47] increases'[46], with it immensely[49] increases the love[48] of riches[50].	ਜਿਉਂ ਜਿਉਂ ਬੁਢੇਪਾ[47] ਵਧਦਾ ਜਾਂਦਾ[46] ਹੈ ਇਸ ਦੇ ਨਾਲ ਨਾਲ ਧਨ-ਦੌਲਤ[50] ਦਾ ਮੋਹ[48] ਅਤਿਅੰਤ[49] ਵਧਦਾ ਜਾਂਦਾ ਹੈ ।
ਅਤ੍ਯੰਤ[51] ਆਸਾ[52] ਆਥਿਤ੍ਯੰ[53] ਭਵਨੰ[54] ॥	In the body home[54], man is but a guest[53], but, he cherishes great[51] hopes[52].	ਦੇਹ ਦੇ ਘਰ[54] ਅੰਦਰ ਬੰਦਾ ਕੇਵਲ ਇਕ ਪ੍ਰਾਹੁਣਾ[53] ਹੈ, ਪ੍ਰੰਤੂ ਉਹ ਬੜੀਆਂ[51] ਉਮੈਦਾਂ[52] ਬੰਨ੍ਹਦਾ ਹੈ ।

ਗਨੰਤ[55] ਸ੍ਵਾਸਾ[56] ਭੈਯਾਨ[57] ਧਰਮੰ[58] ॥

The terribly unsparing[57]. Righteous judge[58] is counting[55] the mortal's breaths[56].

ਭਿਆਨਕ[57] ਧਰਮਰਾਜਾ[58], ਪ੍ਰਾਣੀ ਦੇ ਸੁਆਸ[56] ਗਿਣ ਰਿਹਾ[55] ਹੈ।

ਪਤੰਤਿ[59] ਮੋਹ[60] ਕੂਪ[61] ਦੁਰਲਭੁ[62] ਦੇਹੰ[63] ਤਤ[64] ਆਸ੍ਯੰ[65] ਨਾਨਕ ॥

The invaluable[62] body[63] has fallen[69] into the well[61] of the worldly love[60] and, says Nanak, its only support[65] is the Primal Being[64].

ਅਮੋਲਕ[62] ਸਰੀਰ[63] ਸੰਸਾਰੀ ਮਮਤਾ[60] ਦੇ ਖੂਹ[61] ਵਿਚ ਡਿਗ ਪਿਆ[59] ਹੈ ਅਤੇ ਨਾਨਕ ਜੀ ਫੁਰਮਾਉਂਦੇ ਹਨ ਆਦਿ ਪੁਰਖ[64] ਹੀ ਇਸ ਦਾ ਕਲਮਕੱਲਾ ਆਸਰਾ[65] ਹੈ।

ਗੋਬਿੰਦ[66] ਗੋਬਿੰਦ[67] [68]ਗੋਬਿੰਦ[69] [70]ਗੋਪਾਲ[71] ਕ੍ਰਿਪਾ[72] ॥੩॥

O Lord[66] God[67], the Master[70] of the Universe[68] and the Cherisher[69] of the wood[71], show Thou mercy[72] unto me.

ਹੇ ਆਲਮ[68] ਦੇ ਮਾਲਕ[70] ਅਤੇ ਸੰਸਾਰ[68] ਦੇ ਪਾਲਣ-ਪੋਸਣਹਾਰ[69] ਸੁਆਮੀ[84] ਵਾਹਿਗੁਰੂ[85] ! ਤੂੰ ਮੇਰੇ ਉਤੇ ਰਹਿਮਤ[72] ਧਾਰ।

ਕਾਚ[73] ਕੋਟੰ[74] ਰਚੰਤਿ[75] ਤੋਯੰ[71] ਲੇਪਨੰ[77] ਰਕਤ[78] ਚਰਮਣਹ[79] ॥

This frail[73] body fortress[74] is built[75] up of water[76] and is plastered[77] with blood[78] and skin[79].

ਇਸ ਸਰੀਰ ਦਾ ਕੱਚਾ[73] ਕਿਲ੍ਹਾ[74] ਪਾਣੀ[76] ਤੋਂ ਬਣਿਆ ਹੋਇਆ[75] ਹੈ ਅਤੇ ਲਹੂ[78] ਤੇ ਖਲ[79] ਨਾਲ ਲਿਪਿਆ ਹੋਇਆ[77] ਹੈ।

ਨਵੰਤ[80] ਦੁਆਰੀ[81] ਭੀਤ[82] ਰਹਿਤੰ[83] ਬਾਇ[84] ਰੂਪੰ[85] ਅਸਥੰਭਨਹ[86] ॥

Its nine[80] entrances[81] are without[83] shutters[82] and it is supported by the beauteous[85] pillar[86] of air[84].

ਇਸ ਦੇ ਨੌਂ[80] ਬੂਹੇ[81] ਤਖਤਿਆਂ[82] ਦੇ ਬਗੈਰ[83] ਹਨ ਅਤੇ ਇਸ ਨੂੰ ਹਵਾ[84] ਦੇ ਸੁੰਦਰ[85] ਥਮਲੇ[86] ਨੇ ਥੰਮਿਆ ਹੋਇਆ ਹੈ।

ਗੋਬਿੰਦ[87] ਨਾਮੰ[88] ਨਹ ਸਿਮਰੰਤਿ[89] ਅਗਿਆਨੀ[90] ਜਾਨੰਤਿ[91] ਅਸਥਿਰੰ[92] ॥

The ignorant man[90] contemplates[89] not his Lord's[87] Name[88] and deems[91] his body eternal[92].

ਬੇਸਮਝ ਬੰਦਾ[90] ਆਪਣੇ ਪ੍ਰਭੂ ਦੇ ਨਾਮ ਦਾ ਆਰਾਧਨ ਨਹੀਂ ਕਰਦਾ[89] ਅਤੇ ਆਪਣੀ ਦੇਹ ਨੂੰ ਸਦੀਵੀ ਸਥਿਰ[92] ਸਮਝਦਾ[91] ਹੈ।

ਦੁਰਲਭੁ[93] ਦੇਹ[94] ਉਧਰੰਤ[95] ਸਾਧ[96] ਸਰਣ[97] ਨਾਨਕ ॥ ਹਰਿ[98] ਹਰਿ[99] ਹਰਿ[100] ਹਰਿ[2] ਹਰਿ[3] ਹਰੇ[4] ਜਪੰਤਿ[5] ॥੪॥

Seeking the saints'[96] refuge[97] and uttering[5] the Lord[98] God's[99], yea, Lord[100] God Master's Name[4], O Nanak, the priceless[93] body[94] is saved[95].

ਸੰਤਾਂ[96] ਦੀ ਸ਼ਰਣਾਗਤ[97] ਲੈਣ ਅਤੇ ਅਕਾਲ ਪੁਰਖ[98] ਵਾਹਿਗੁਰੂ ਦੇ ਨਾਮ[4] ਦਾ ਉਚਾਰਨ[5] ਕਰਨ[6] ਦੁਆਰਾ, ਅਮੋਲਕ[93] ਕਾਇਆ[94] ਦਾ ਉਧਾਰ ਹੋ ਜਾਂਦਾ[95] ਹੈ, ਹੇ ਨਾਨਕ !

ਸੁਭੰਤ[6] ਤੁਯੰ[7] ਅਚੁਤ[8] ਗੁਣਗ੍ਯੰ[9] ਪੂਰਨੰ[10] ਬਹੁਲੋ[12] ਕ੍ਰਿਪਾਲਾ[13] ॥ ਗੰਭੀਰੰ[14] ਊਚੈ[15] ਸਰਬਗਿ[16] ਅਪਾਰਾ[17] ॥

O my Glorious[6], Imperishable[8], Omnipresent[10], profound[14], Lofty[15], Omniscient[16] and Infinite[17] Lord, Thou[7] knowest men's virtues[9] and art very[12] compassionate[13].

ਹੇ ਮੇਰੇ ਸੁਭਾਇਮਾਨ[6], ਅਬਿਨਾਸ਼ੀ[8], ਸਰਬ-ਵਿਆਪਕ[10] ਗਹਿਰ ਗੰਭੀਰ[14], ਬੁਲੰਦ[15], ਸਭ ਕੁਝ ਜਾਣਨਹਾਰ[14] ਅਤੇ ਬੇਅੰਤ[9] ਸੁਆਮੀ, ਤੂੰ[7] ਜੀਵਾਂ ਦੀਆਂ ਨੇਕੀਆਂ[9] ਨੂੰ ਜਾਣਦਾ ਹੈਂ ਅਤੇ ਵੱਡਾ[12] ਮਿਹਰਬਾਨ[13] ਹੈਂ।

ਭ੍ਰਿਤਿਆ[18] ਪ੍ਰਿਅੰ[19] ਬਿਸ੍ਰਾਮ[20] ਚਰਣੰ[21] ॥ ਅਨਾਥ[22] ਨਾਥੇ[23] ਨਾਨਕ ਸਰਣੰ[24] ॥੫॥

Thou lovest[19] Thine slaves[18], givest them the refuge[20] of Thine feet[21] and art the Master[23] of the masterless[22]. Servant Nanak ever seeks Thy refuge[24].

ਤੂੰ ਆਪਣੇ ਗੋਲਿਆਂ[18] ਨੂੰ ਪਿਆਰ ਕਰਦਾ[19] ਹੈਂ ਉਨ੍ਹਾਂ ਨੂੰ ਆਪਣੇ ਪੈਰਾਂ[21] ਦੀ ਪਨਾਹ[20] ਦਿੰਦਾ ਹੈਂ ਅਤੇ ਨਿਖਸਮਿਆਂ[22] ਦਾ ਖਸਮ[23] ਹੈਂ। ਨੌਕਰ ਨਾਨਕ ਸਦਾ ਤੇਰੀ ਸ਼ਰਣਾਗਤ[24] ਲੋੜਦਾ ਹੈ।

ਮ੍ਰਿਗੀ[25] ਪੇਖੰਤ[26] ਬਧਿਕ[27]

Seeing[26] a she-deer[25], the huntman[27]

ਹਰਣੀ[25] ਨੂੰ ਵੇਖ[26] ਕੇ, ਸ਼ਿਕਾਰੀ[27] ਉਸ ਨੂੰ ਮਾਰਣ[39]

ਪ੍ਰਹਾਰੇਣ[25] ਲਖ[29] ਆਵਧਹ[30] ॥	aims lacs[29] of wea pans[31] to kill[28] her.	ਲਈ ਲਖ[29] ਹੀ ਹਥਿਆਰ[30] ਚਲਾਉਂਦਾ ਹੈ।
ਅਹੋ[31] ਜਸੁ[32] ਰਖੇਣ[33] ਗੋਪਾਲਹ[34] ਨਾਨਕ ਰੋਮ[35] ਨ ਛੇਦਤੇ[36] ॥੬॥	However, O[31] Nanak, whomsoever[32] the Lord[34] saves[33]; even a hair[35] of his is touched[36] not.	ਪ੍ਰੰਤੂ ਹੇ[31] ਨਾਨਕ ! ਜਿਸ[32] ਦੀ ਸੁਆਮੀ[34] ਰੱਖਿਆ ਕਰਦਾ[33] ਹੈ; ਉਸਦਾ ਇਕ ਵਾਲ[35] ਭੀ ਵਿੰਗਾ[36] ਨਹੀਂ ਹੋ ਸਕਦਾ।
ਬਹੁ[37] ਜਤਨ[38] ਕਰਤਾ[39] ਬਲਵੰਤ[40] ਕਾਰੀ[41] ਸੇਵੰਤ[42] ਸੂਰਾ[43] ਚਤੁਰ[44] ਦਿਸਹ[45] ॥	Many may make[39] many[37] efforts[38] and very[41] powerful[40] warriors[43] may serve[42] him on four[44] sides[45].	ਬੰਦਾ ਘਣੇਰੇ[37] ਉਪਰਾਲੇ[38] ਕਰੇ[39], ਪਰਮ[41] ਬਲਵਾਨ[40] ਸੂਰਮੇ[43] ਚਾਰੀ[44] ਪਾਸੀਂ[45] ਉਸ ਦੀ ਸੇਵਾ ਕਰਦੇ[42] ਹੋਣ।
ਬਿਖਮ[46] ਥਾਨ[47] ਬਸੰਤ[48] ਊਚਹ[49] ਨਹ ਸਿਮਰੰਤ[50] ਮਰਣੰ[51] ਕਦਾਚਹ[52] ॥	He may dwell[48] in a difficult to approach[46] and lofty[49] place[47] and may not ever[52] think[50] of death[51].	ਉਹ ਪੁਜਣ ਨੂੰ ਔਖੇ[46] ਅਤੇ ਉਚੇ[49] ਅਸਥਾਨ[47] ਤੇ ਰਹਿੰਦਾ[48] ਹੋਵੇ ਅਤੇ ਮੌਤ[51] ਦਾ ਖ਼ਿਆਲ[50] ਉਸ ਨੂੰ ਕਦੇ[52] ਭੀ ਨਾ ਆਉਂਦਾ ਹੋਵੇ !
ਹੋਵੰਤਿ[53] ਆਗਿਆ[54] ਭਗਵਾਨ[55] ਪੁਰਖਹ[56] ਨਾਨਕ ਕੀਟੀ[57] ਸਾਸ[58] ਅਕਰਖਤੇ[59] ॥੭॥	But, when the order[54] of the Illustrious[55] Lord[56] is issued[53], even an ant[57] draws out[59] his breath[58], O Nanak.	ਪਰ ਜਦੋਂ ਕੀਰਤੀਵਾਨ[55] ਪ੍ਰਭੂ[56] ਦਾ ਹੁਕਮ[54] ਜਾਰੀ ਹੋ ਜਾਂਦਾ[53] ਹੈ, ਇਕ ਕੀੜੀ[58] ਭੀ ਉਸ ਦਾ ਸਾਹ[58] ਖਿੱਚ ਲੈਂਦੀ[59] ਹੈ, ਹੇ ਨਾਨਕ !
ਸਬਦੰ[60] ਰਤੰ[61] ਹਿਤੰ[62] ਮਇਆ[63] ਕੀਰਤੰ[64] ਕਲੀ[65] ਕਰਮ[66] ਕ੍ਰਿਤੁਆ[67] ॥	To be imbued[61] and attuned[62] with the Name[60], to be compassionate[63] to life and to sing God's praises[64]; these are the deeds[66] wroth doing[67] in the Darkage[65].	ਨਾਮ[60] ਨਾਲ ਰੰਗੀਜਣ[61] ਤੇ ਪਿਆਰ ਕਰਨਾ[62], ਜੀਵਾਂ ਤੇ ਰਹਿਮ[63] ਕਰਨਾ ਅਤੇ ਵਾਹਿਗੁਰੂ ਦੀਆਂ ਸਿਫ਼ਤਾਂ[64] ਗਾਇਨ ਕਰਨੀਆਂ; ਕਲਯੁਗ[65] ਅੰਦਰ ਇਹ ਕੰਮ[66] ਹੀ ਕਰਨ ਯੋਗ[67] ਹਨ।
ਮਿਟੰਤਿ[68] [69]ਤਤ੍ਰਾਗਤ[70] ਭਰਮ[71] ਮੋਹੰ[72] ॥	Thiswise his[69] inner-dwelling[70] doubts[71] and attachments[72] are effaced[68].	ਇਸ ਤਰ੍ਹਾਂ ਉਸ[69] ਦੇ ਅੰਦਰ ਆਏ ਹੋਏ[70] ਸੰਦੇਹ[71] ਅਤੇ ਲਗਨਾਂ[72] ਮਿਟ ਜਾਂਦੀਆਂ[68] ਹਨ।
ਭਗਵਾਨ[73] ਰਮਣੰ[74] ਸਰਬਤ੍ਰ[75] ਥਾਨੰ[76] ॥	My fortunate Lord[73] is pervading[74] all[75] places[76].	ਮੇਰਾ ਭਾਗਾਂ ਵਾਲਾ ਪ੍ਰਭੂ[73] ਸਾਰੀ[75] ਥਾਈਂ[76] ਰਵਿ ਰਿਹਾ[74] ਹੈ।
ਦ੍ਰਿਸਟਿ[77] ਤੁਯੰ[78] ਅਮੋਘ[79] ਦਰਸਨੰ[80] ਬਸੰਤ[81] ਸਾਧ ਰਸਨਾ[82] ॥	See[77] thou[78] the fulfilling[74] vision[80] of Him, who abides[81] on the tongue[82] of His saints.	ਤੂੰ[78] ਉਸ ਦਾ ਫਲਦਾਇਕ[79] ਦੀਦਾਰ[80] ਦੇਖ[77], ਜੋ ਆਪਣੇ ਸੰਤਾਂ ਦੀਆਂ ਜੀਭ੍ਹਾ[82] ਉਤੇ ਵਸਦਾ[81] ਹੈ।
ਹਰਿ[83] ਹਰਿ[84] ਹਰਿ[85] ਹਰੇ[86] ਨਾਨਕ ਪ੍ਰਿਅੰ[87] ਜਾਪੁ[88] ਜਪਨਾ[89] ॥੮॥	O Nanak, utter[89] thou the Name[88] of thy Lord[83] God[84] Master[85], yea, the Beloved[87] God[86].	ਹੇ ਨਾਨਕ ! ਤੂੰ ਆਪਣੇ ਅਕਾਲ ਪੁਰਖ[83], ਵਾਹਿਗੁਰੂ[84], ਸਵਾਮੀ[85] ਹਾਂ ਪਿਆਰੇ[87] ਵਾਹਿਗੁਰੂ[86] ਦੇ ਨਾਮ[84] ਦਾ ਉਚਾਰਨ ਕਰ[89]।
ਘਟੰਤ[90] ਰੂਪੰ[91] ਘਟੰਤ ਦੀਪੰ[92] ਘਟੰਤ ਰਵਿ[93]	Perishable[90] is beauty[91], perishable are the islands[92] and perishable are	ਨਾਸਵੰਤ[90] ਹੈ ਸੁੰਦਰਤਾ[91], ਨਾਸਵੰਤ ਹਨ ਜਜ਼ੀਰੇ[92] ਅਤੇ ਨਾਸਵੰਤ ਹਨ ਸੂਰਜ[93], ਚੰਦ੍ਰਮਾ[94], ਤਾਰੇ[95]

ਸਸੀਅਰ[94] ਨਖ੍ਯਤ੍ਰ[95] ਗਗਨੰ[96] ॥	the sun[93], the moon[94], the stars[95] and the sky[96].	ਅਤੇ ਅਸਮਾਨ[96] ।
ਘਟੰਤ[97] ਬਸੁਧਾ[98] ਗਿਰਿ[99] ਤਰ[100] [2]ਸਿਖੰਡੰ[3] ॥	Perishable[97] is the earth[98], mountains[99], trees[100] and the three[8] worlds[3].	ਨਾਸਵੰਤ[97] ਹਨ ਧਰਤੀ[98], ਪਹਾੜ[99], ਦਰਖ਼ਤ[100] ਅਤੇ ਤਿੰਨੇ[2] ਲੋਕ[3] ।
ਘਟੰਤ[4] ਲਲਨਾ[5] ਸੁਤ[6] ਭ੍ਰਾਤ[7] ਹੀਤੰ[8] ॥	Perishable[4] are wife[5], sons[6], brothers[7] and friends[8].	ਨਾਸਵੰਤ[4] ਹਨ ਵਹੁਟੀ[5], ਪੁਤ੍ਰ[6] ਭਰਾ[7] ਅਤੇ ਮਿਤ੍ਰ[8] ।
ਘਟੰਤ[9] ਕਨਿਕ[10] ਮਾਨਿਕ[12] ਮਾਇਆ[13] ਸ੍ਵਰੂਪੰ[14] ॥	Perishable[9] are the beauteous[14] gold[10], jewels[12] and wealth[13].	ਨਾਸਵੰਤ[9] ਹੈ ਸੁੰਦਰ[14] ਸੋਨਾ[10], ਜਵੇਹਰ[12] ਅਤੇ ਧਨ-ਦੌਲਤ[13] ।
ਨਹ[15] ਘਟੰਤ ਕੇਵਲ[16] ਗੋਪਾਲ[17] ਅਚੁਤ[18] ॥	Imperisable[15] is only[16] the Immovable[18] Lord[17].	ਨਾ ਨਾਸ ਹੋਣ ਵਾਲਾ[15] ਹੈ, ਸਿਰਫ਼[16] ਅਹਿੱਲ[18] ਪ੍ਰਭੂ[17] ।
ਅਸਥਿਰੰ[19] ਨਾਨਕ ਸਾਧ ਜਨ[20] ॥੯॥	Everstable[19] are the Lord's holy men[20], O Nanak.	ਸਦੀਵੀ ਸਥਿਰ[19] ਹਨ ਪ੍ਰਭੂ ਦੇ ਨੇਕ ਬੰਦੇ[20], ਹੇ ਨਾਨਕ !
ਨਹ ਬਿਲੰਬ[21] ਧਰਮੰ[22] ਬਿਲੰਬ ਪਾਪੰ[23] ॥	Tarry[21] not in practising righteousness[22]. Tarry thou only in committing sins[23].	ਨੇਕੀ[22] ਕਰਨ ਵਿਚ ਢਿਲ[21] ਨਾ ਕਰ । ਤੂੰ ਕੇਵਲ ਬਦੀ[23] ਕਮਾਉਣ ਵਿਚ ਢਿਲ ਕਰ ।
ਦ੍ਰਿੜੰਤ[24] ਨਾਮੰ ਤਜੰਤ[25] ਲੋਭੰ[26] ॥	Shedding[25] thy avarice[26], implant[24] thou the Lord's Name within thee.	ਆਪਣੇ ਲਾਲਚ[26] ਨੂੰ ਛਡ[25] ਕੇ, ਤੂੰ ਪ੍ਰਭੂ ਦੇ ਨਾਮ ਨੂੰ ਆਪਣੇ ਅੰਦਰ ਪੱਕਾ[24] ਕਰ ।
ਸਰਣਿ[27] ਸੰਤੰ[28] ਕਿਲਬਿਖ[29] ਨਾਸੰ[30]	Seeking the saints'[28] protection[27] the sins[29] are washed off[30].	ਸਾਧੂਆਂ[28] ਦੀ ਪਨਾਹ[27] ਲੈਣ ਦੁਆਰਾ ਪਾਪ[29] ਧੋਤੇ ਜਾਂਦੇ[30] ਹਨ ।
ਪ੍ਰਾਪਤੰ[31] ਧਰਮ[32] ਲਖ੍ਯਣ[33] ॥ ਨਾਨਕ ਜਿਹ[34] ਸੁਪ੍ਰਸੰਨ[35] ਮਾਧਵਹ[36] ॥੧੦॥	With whomsoever the Lord[36] is mightily[34] pleased[35], he is blessed with[31] the attributes[33] of religion[32], O Nanak.	ਜਿਸ ਕਿਸੇ ਨਾਲ ਪ੍ਰਭੂ[36] ਪਰਮ[38] ਪ੍ਰਸੰਨ ਹੋ ਜਾਂਦਾ[35] ਹੈ; ਉਸ ਨੂੰ ਮਜ਼ਹਬ[32] ਦੇ ਵਸਫ਼[33] ਪਰਾਪਤ ਹੋ ਜਾਂਦੇ[31] ਹਨ, ਹੇ ਨਾਨਕ !
ਮਿਰਤ[37] ਮੋਹੰ[38] ਅਲਪ[39] ਬੁਧੰ[40] ਰਚੰਤਿ[41] ਬਨਿਤਾ[42] ਬਿਨੋਦ[43] ਸਾਹੰ[44] ॥	The man of paltry[39] intelligence[40] is perishing[37] in worldly love[38] and is engrossed[41] in pleasures[43] with[44] his wife[42].	ਥੋੜ੍ਹੀ[39] ਅਕਲ[40] ਵਾਲਾ ਇਨਸਾਨ ਸੰਸਾਰੀ ਮਮਤਾ[38] ਅੰਦਰ ਮਰ ਰਿਹਾ[37] ਹੈ ਅਤੇ ਆਪਣੀ ਪਤਨੀ[42] ਨਾਲ[44] ਰੰਗ ਰਲੀਆਂ[43] ਅੰਦਰ ਖਚਤ ਹੋਇਆ ਹੋਇਆ[41] ਹੈ ।
ਜੋਬਨ[45] ਬਹਿਕ੍ਰਮ[46] ਕਨਿਕ[42] ਕੁੰਡਲਹ[48] ॥ ਬਚਿਤ੍ਰ[49] ਮੰਦਿਰ[50] ਸੋਭੰਤਿ[51] ਬਸਤ੍ਰਾ[52] ਇਤ੍ਰੰਤ[53] ਮਾਇਆ[54] ਬ੍ਯਾਪਿਤੰ[55] ॥	Worldliness[54] has so much[53] clung[55] to him, that he looks adorned[51] with young[45] age[46], gold[47] earnings[48] and beauteous mansion[50] and dresses[52].	ਦੁਨੀਆਦਾਰੀ[54] ਉਸ ਨੂੰ ਐਨੀ[53] ਚਿਮੜੀ[55] ਹੈ ਕਿ ਉਹ ਯੁਵਾ[45] ਅਵਸਥਾ[46], ਸੋਨੇ[47] ਦੀਆਂ ਨੱਤੀਆਂ[45] ਅਤੇ ਸੁੰਦਰ[49] ਮਹਿਲਾਂ[54] ਤੇ ਪੁਸ਼ਾਕਾਂ[52] ਨਾਲ ਸੁਭਾਇਮਾਨ[51] ਹੋ ਰਿਹਾ ਹੈ ।
੧੩੫੫		
ਹੇ ਅਚੁਤ[56] ਸਰਣਿ[57] ਸੰਤ[58]	O Eternal Master[56], O[64] Auspicious[59]	ਹੇ ਅਮਰ ਮਾਲਕ[56] ! ਹੇ ਸੁਲਖਣੇ[59] ਸੁਆਮੀ ਅਤੇ

ਨਾਨਕ[59] [65]ਭਗਵਾਨਏ[61] ਨਮਹ[62] ॥ ੧੧ ॥	Lord[60] and the protection[57] of the saints[59], Nanak pays homage[62] unto[61] Thee.	ਸਾਧੂਆਂ[58] ਦੀ ਪਨਾਹ[57] ! ਨਾਨਕ ਤੈਨੂੰ[61] ਪ੍ਰਨਾਮ[62] ਕਰਦਾ ਹੈ ।
ਜਨਮੰ[63] ਤ[64] ਮਰਣੰ[65] ਹਰਖੰ[66] ਤ ਸੋਗੰ[67] ਭੋਗੰ[68] ਤ ਰੋਗੰ[69] ॥	If there is birth[63], then[64] there is death[65] also, if weal[66], then woe[67] also and if indulgence[68], then ailment[69] as well.	ਜੇਕਰ ਪੈਦਾਇਸ਼[63] ਹੈ ਤਦ[64] ਮੌਤ[65] ਭੀ ਹੈ, ਜੇਕਰ ਖ਼ੁਸ਼ੀ[66] ਤਦ ਗ਼ਮੀ[67] ਭੀ ਅਤੇ ਜੇਕਰ ਰੰਗ-ਰਲੀਆਂ[68] ਤਦ ਬੀਮਾਰੀ[69] ਭੀ ।
ਜਲ ਹੀ ਤੇ ਸਭ[22] ਉਪਜੈ[19] ਬਿਨੁ ਜਲ ਪਿਆਸ[20] ਨ ਜਾਇ[21] ॥	From the water, every thing[22] is produced[19]. Without water, thirst[20] is quenched[21] not.	ਪਾਣੀ ਤੋਂ ਹੀ, ਹਰ ਸ਼ੈ[22] ਪੈਦਾ ਹੁੰਦੀ[19] ਹੈ। ਪਾਣੀ ਦੇ ਬਗ਼ੈਰ ਤ੍ਰਿਹ[20] ਬੁਝਦੀ[21] ਨਹੀਂ।
ਨਾਨਕ ਹਰਿ ਜਲੁ[23] ਜਿਨਿ[24] ਪੀਆ[25] ਤਿਸੁ[26] ਭੂਖ[27] ਨ ਲਾਗੈ ਆਇ ॥ ੫੫॥	Nanak, whosoever[24] indrinks[25] the Lord's water[23], he[26] feels not hunger[27] again.	ਨਾਨਕ, ਜੋ ਕੋਈ[24] ਪ੍ਰਭੂ ਦੇ ਪਾਣੀ[23] ਨੂੰ ਪਾਨ ਕਰਦਾ[25] ਹੈ; ਉਸ ਨੂੰ ਮੁੜ ਕੇ[26] ਭੁੱਖ[27] ਨਹੀਂ ਲਗਦੀ।
ਬਾਬੀਹਾ ਤੂੰ ਸਹਜਿ[28] ਬੋਲਿ[29] ਸਚੈ ਸਬਦਿ[30] ਸੁਭਾਇ[31] ॥	Uttering[29] the Lord's[28] True Name[30], O sparrow-hawk, thou shalt be embellished[31].	ਸੁਆਮੀ[28] ਦੇ ਸੱਚੇ ਨਾਮ[30] ਦਾ ਉਚਾਰਨ[29] ਕਰਨ ਦੁਆਰਾ, ਹੇ ਪਪੀਹੇ ! ਤੂੰ ਸੁਭਾਇਮਾਨ[31] ਥੀ ਵੰਞੇਂਗਾ।
ਸਭੁ[32] ਕਿਛੁ ਤੇਰੈ ਨਾਲਿ[38] ਹੈ ਸਤਿਗੁਰਿ ਦੀਆ ਦਿਖਾਇ[34] ॥	The True Guru shall show[34] thee, that everything[32] is with[33] thee.	ਸੱਚੇ ਗੁਰੂ ਜੀ ਤੈਨੂੰ ਵਿਖਾਲ[34] ਦੇਣਗੇ, ਕਿ ਹਰ ਵਸਤੂ[32] ਤੇਰੇ ਸਾਥ[33] ਹੀ ਹੈ।
੧੪੨੦		
ਆਪੁ[35] ਪਛਾਣਹਿ[36] ਪ੍ਰੀਤਮੁ[37] ਮਿਲੈ ਵੁਠਾ[38] ਛਹਬਰ[39] ਲਾਇ ॥	Understanding[36] thy ownself[35], thou shalt meet thy Beloved[37], whose rain of mercy, then, shall continually[39] fall upon[38] thee.	ਆਪਣੇ ਆਪ[35] ਨੂੰ ਸਮਝ[36] ਕੇ, ਤੂੰ ਆਪਣੇ ਪਿਆਰੇ[37] ਨੂੰ ਮਿਲ ਪਵੇਂਗਾ, ਜਿਸ ਦੀ ਰਹਿਮਤ ਦਾ ਮੀਂਹ, ਤਦ, ਤੇਰੇ ਉੱਤੇ ਲਗਾਤਾਰ[39] ਵਰਸੇਗਾ[38]।
ਝਿਮਿ ਝਿਮਿ[40] ਅੰਮ੍ਰਿਤੁ[41] ਵਰਸਦਾ[42] ਤਿਸਨਾ[43] ਭੁਖ[44] ਸਭ ਜਾਇ[45] ॥	Slowly and steadily[40] the Nectar[41] shall rain upon[42] thee and thy thirst[43] and hunger[44] shall all depart[45].	ਧੀਰੇ ਧੀਰੇ[40] ਆਬਿ-ਹਿਯਾਤ[41] ਤੇਰੇ ਉੱਤੇ ਵਰ੍ਹੇਗਾ[42] ਅਤੇ ਤੇਰੀ ਤ੍ਰਿਹ[43] ਤੇ ਖੁਧਿਆ[44] ਸਭ ਦੂਰ ਹੋ ਜਾਣਗੀਆਂ[45]।
ਕੂਕ[46] ਪੁਕਾਰ[47] ਨ ਹੋਵਈ ਜੋਤੀ[48] ਜੋਤਿ[49] ਮਿਲਾਇ[50] ॥	Thine cries[46] and screams[47] of anguish shall end and thy light[49] shall merge[50] in the Supreme Light[48].	ਤੇਰੀਆਂ ਦੁਖ ਦੀਆਂ ਚੀਕਾਂ[46] ਅਤੇ ਲੇਰਾਂ[47] ਮੁਕ ਜਾਣਗੀਆਂ ਅਤੇ ਤੇਰਾ ਨੂਰ[49] ਪਰਮ ਨੂਰ[48] ਅੰਦਰ ਲੀਨ[50] ਹੋ ਜਾਵੇਗਾ।
ਨਾਨਕ ਸੁਖਿ[51] ਸਵਨਿ[52] ਸੋਹਾਗਣੀ[53] ਸਚੈ ਨਾਮਿ ਸਮਾਇ[54] ॥੫੬॥	Nanak, the chaste brides[53] sleep[52] in peace[51] and are absorbed[54] in the True Name.	ਨਾਨਕ, ਪਵਿੱਤਰ ਪਤਨੀਆਂ[53] ਆਰਾਮ[51] ਅੰਦਰ ਸੌਂਦੀਆਂ[52] ਹਨ ਅਤੇ ਸੱਚੇ ਨਾਮ ਅੰਦਰ ਲੀਨ[54] ਹੋ ਜਾਂਦੀਆਂ ਹਨ।
ਧੁਰਹੁ[55] ਖਸਮਿ[56] ਭੇਜਿਆ[57] ਸਚੈ ਹੁਕਮਿ[58] ਪਠਾਇ[59] ॥	From his very presence[55] and in His true will[58], the Master[56] has sent[57] and forwarded[59] the Guru-Cloud.	ਆਪਣੀ ਐਨ ਹਜ਼ੂਰੀ[55] ਤੋਂ ਅਤੇ ਆਪਣੀ ਸੱਚੀ ਰਜ਼ਾ[58] ਅੰਦਰ, ਮਾਲਕ[56] ਨੇ ਗੁਰੂ-ਬਦਲ ਨੂੰ ਘਲਿਆ[57] ਅਤੇ ਰਵਾਨਾ ਕੀਤਾ[59] ਹੈ।
ਇੰਦੂ[60] ਵਰਸੈ[61] ਦਇਆ[62]	Indra[60] mercifully[62] rains[61] and	ਇੰਦਰ[60] (ਵਰਸ਼ਾ ਦਾ ਦੇਵਤਾ) ਮਿਹਰ ਧਾਰ ਕੇ[62]

ਕਰਿ ਗੂੜੀ[63] ਛਹਬਰ[64] ਲਾਇ ॥

heavy[63] is the incessant downpour[64].

ਵਰ੍ਹਦਾ[61] ਹੈ ਅਤੇ ਭਾਰੀ[63] ਹੈ ਨਿਰੰਤਰੀ ਬਾਰਸ਼[64] ।

ਬਾਬੀਹੇ ਤਨਿ[65] ਮਨਿ[66] ਸੁਖੁ[67] ਹੋਇ ਜਾਂ[68] ਤਤੁ[69] ਬੂੰਦ[70] ਮੁਹਿ[71] ਪਾਇ[72] ॥

The body[65] and mind[66] of the sparrow-hawk are pleased[67], when[68] the Lord's rain-drop[70] falls[72] into its mouth[71].

ਜਦ[68] ਪ੍ਰਭੂ[69] ਦੇ ਮੀਂਹ ਦੀ ਕਣੀ[70] ਉਸ ਦੇ ਮੂੰਹ[71] ਵਿਚ ਪੈਂਦੀ[72] ਹੈ ਤਾਂ ਚਾਤ੍ਰਿਕ ਦਾ ਸਰੀਰ[65] ਅਤੇ ਚਿਤ[66] ਪ੍ਰਸੰਨ[67] ਥੀ ਵੰਞਦੇ ਹਨ ।

ਅਨੁ[73] ਧਨੁ[74] ਬਹੁਤਾ[75] ਉਪਜੈ[76] ਧਰਤੀ[77] ਸੋਭਾ[78] ਪਾਇ ॥

Great[75] becomes the growth[76] of corn[73] and wealth[74] and the earth[77] gets embellished[78].

ਘਨੇਰੀ[75] ਹੋ ਜਾਂਦੀ ਹੈ ਦਾਣੇ[73] ਅਤੇ ਦੌਲਤ[74] ਦੀ ਪੈਦਾਇਸ਼[76] ਅਤੇ ਪ੍ਰਿਥਵੀ[77] ਸੁਭਾਇਮਾਨ[78] ਥੀ ਵੰਞਦੀ ਹੈ ।

ਅਨਦਿਨੁ[79] ਲੋਕੁ[80] ਭਗਤਿ[81] ਕਰੇ ਗੁਰ ਕੈ ਸਬਦਿ[82] ਸਮਾਇ[83] ॥

Night and day[79], the mortals[80] worship[81] the Lord and merge[83] in the Guru's word[82].

ਰੈਣ ਅਤੇ ਦਿਹੁੰ[79], ਪ੍ਰਾਣੀ[80] ਪ੍ਰਭੂ ਦੀ ਉਪਾਸ਼ਨਾ ਕਰਦੇ[81] ਹਨ ਅਤੇ ਗੁਰਾਂ ਦੀ ਬਾਣੀ[82] ਅੰਦਰ ਲੀਨ[83] ਥੀਂਵਦੇ ਹਨ ।

ਆਪੇ[84] ਸਚਾ[85] ਬਖਸਿ[86] ਲਏ ਕਰਿ[87] ਕਿਰਪਾ[88] ਕਰੇ[90] ਰਜਾਇ[89] ॥

The True Lord[85]. of Himself[84], forgives[86] them and showing[87] His mercy[88] makes them walk[90] in His will[89].

ਸੱਚਾ ਸੁਆਮੀ[85], ਖੁਦ[84] ਹੀ, ਉਨ੍ਹਾਂ ਨੂੰ ਮੁਆਫ਼ ਕਰ ਦਿੰਦਾ[86] ਹੈ ਅਤੇ ਆਪਣੀ ਰਹਿਮਤ[88] ਧਾਰ[87] ਕੇ ਉਨ੍ਹਾਂ ਨੂੰ ਆਪਣੀ ਰਜ਼ਾ[89] ਅੰਦਰ ਟੋਰਦਾ[90] ਹੈ ।

ਹਰਿ ਗੁਣ[91] ਗਾਵਹੁ[92] ਕਾਮਣੀ[93] ਸਚੈ ਸਬਦਿ[94] ਸਮਾਇ[95] ॥

O brides[93], sing[92] ye the Lord's praises[91] and be absorbed[95] in His True Name[94].

ਹੇ ਪਤਨੀਓ[93] ! ਤੁਸੀਂ ਸੁਆਮੀ ਦੀਆਂ ਸਿਫ਼ਤਾਂ[91] ਗਾਇਨ[92] ਕਰੋ ਅਤੇ ਉਸ ਦੇ ਸੱਚੇ ਨਾਮ[94] ਅੰਦਰ ਲੀਨ[95] ਹੋ ਜਾਓ ।

ਭੈ[96] ਕਾ ਸਹਜੁ[97] ਸੀਗਾਰੁ[98] ਕਰਿਹੁ ਸਚਿ[99] ਰਹਹੁ ਲਿਵ ਲਾਇ[100] ॥

Make ye the decoration[98] of the Lord s[97] fear[96] and remain attuned[100] to the True Lord[99].

ਤੁਸੀਂ ਸੁਆਮੀ[97] ਦੇ ਡਰ[96] ਦਾ ਹਾਰਸ਼ਿੰਗਾਰ[98] ਲਾਓ ਅਤੇ ਸੱਚੇ ਪ੍ਰਭੂ[99] ਨਾਲ ਪਿਰਹੜੀ[100] ਪਾਈ ਰੱਖੋ ।

ਨਾਨਕ ਨਾਮੋ ਮਨਿ ਵਸੈ[2] ਹਰਿ ਦਰਗਹ[3] ਲਏ ਛਡਾਇ[4] ॥੫੭॥

Nanak, through the Name, God abides[2] in the mind and the mortal is released[4] in the Lord's court[3].

ਨਾਨਕ, ਨਾਮ ਦੇ ਰਾਹੀਂ ਵਾਹਿਗੁਰੂ ਚਿਤ ਵਿਚ ਟਿਕ ਜਾਂਦਾ[2] ਹੈ ਅਤੇ ਪ੍ਰਾਣੀ ਪ੍ਰਭੂ ਦੇ ਦਰਬਾਰ[3] ਅੰਦਰ ਬੰਦ-ਖਲਾਸ[4] ਥੀ ਵੰਞਦਾ ਹੈ ।

ਬਾਬੀਹਾ ਸਗਲੀ[5] ਧਰਤੀ[6] ਜੇ[7] ਫਿਰਹਿ[8] ਉਡਿ[9] ਚੜਹਿ[10] ਆਕਾਸਿ[12] ॥ ਸਤਿਗੁਰਿ ਮਿਲਿਐ ਜਲੁ[13] ਪਾਈਐ[14] ਚੂਕੈ[15] ਭੂਖ[16] ਪਿਆਸ[17] ॥

If[7] thou, O sparrow hawk, traverseth[8] the entire[5] earth[6] and soaring[9] high ascendest[10] the sky[12], even then by meeting with the True Guru alone, thou shalt obtain[14] the Lord's water[13], wherewith thy hunger[16] and thirst[17] shall be stilled[15].

ਜੇਕਰ[7] ਤੂੰ ਹੇ ਪਪੀਹੇ ! ਸਾਰੀ[5] ਧਰਤੀ[9] ਦਾ ਚੱਕਰ[8] ਕਟ ਲਵੇਂ ਅਤੇ ਉਡਾਰੀ[9] ਮਾਰ ਅਸਮਾਨ[12] ਤੇ ਜਾ ਚੜ੍ਹੇਂ[10] ਤਾਂ ਭੀ ਕੇਵਲ ਸੱਚੇ ਗੁਰਾਂ ਨਾਲ ਮਿਲਣ ਦੁਆਰਾ ਹੀ ਤੈਨੂੰ ਪ੍ਰਭੂ ਦਾ ਪਾਣੀ[13] ਪ੍ਰਾਪਤ ਹੋਵੇਗਾ[14], ਜਿਸ ਨਾਲ ਤੇਰੀ ਖੁਧਿਆ[16] ਤੇ ਤ੍ਰਿਹ[17] ਨਵਿਰਤ[15] ਹੋ ਜਾਣਗੀਆਂ ।

ਜੀਉ[18] ਪਿੰਡੁ[19] ਸਭੁ ਤਿਸ

The soul[18] and body[19] all belong to

ਆਤਮਾ[18] ਅਤੇ ਦੇਹ[19] ਸਮੂਹ ਉਸ[20] ਮਾਲਕ ਦੀ

ਕਾ[20] ਸਭੁ[21] ਕਿਛੁ ਤਿਸ ਕੈ ਪਾਸਿ[22] ॥

Him[20], the Lord and He has everything[21] with[22] Him.

ਮਲਕੀਅਤ ਹਨ ਅਤੇ ਹਰ ਵਸਤੂ[21] ਉਸ ਦੇ ਕੋਲ[22] ਹੈ ।

ਵਿਣੁ ਬੋਲਿਆ[23] ਸਭੁ ਕਿਛੁ ਜਾਣਦਾ ਕਿਸੁ[24] ਆਗੈ[25] ਕੀਚੈ[26] ਅਰਦਾਸਿ[27] ॥

Without being told[23], the Lord knows everything, so before[25] whom[24] else should we make[26] a supplication[27] ?

ਦੱਸੇ ਜਾਣ[23] ਦੇ ਬਗੈਰ ਹੀ, ਸੁਆਮੀ ਸਾਰਾ ਕੁਝ ਜਾਣਦਾ ਹੈ, ਇਸ ਲਈ ਅਸੀਂ ਹੋਰ ਕੀਹਦੇ[24] ਮੂਹਰੇ[25] ਬੇਨਤੀ[27] ਕਰੀਏ[26] ?

ਨਾਨਕ ਘਟਿ[28] ਘਟਿ ਏਕੋ ਵਰਤਦਾ[29] ਸਬਦਿ[30] ਕਰੇ ਪਰਗਾਸ[31] ॥੫੮॥

Nanak, the One Lord is prevading[29] all hearts[28] and illumines[31] the mortals through His Name[30].

ਨਾਨਕ, ਇਕ ਸਾਂਈਂ ਹੀ ਸਾਰਿਆਂ ਦਿਲਾਂ[28] ਅੰਦਰ ਰਮ ਰਿਹਾ[29] ਹੈ ਅਤੇ ਆਪਣੇ ਨਾਮ[30] ਰਾਹੀਂ ਪ੍ਰਾਣੀਆਂ ਨੂੰ ਰੋਸ਼ਨ ਕਰਦਾ[31] ਹੈ ।

ਨਾਨਕ ਤਿਸੈ[32] ਬਸੰਤੁ[33] ਹੈ ਜਿ[34] ਸਤਿਗੁਰੁ ਸੇਵਿ[35] ਸਮਾਇ[36] ॥

O Nanak, he[32] alone enjoys the spring season[33], who[34] is immersed[36] in the True Guru's service[35].

ਹੇ ਨਾਨਕ ! ਕੇਵਲ ਉਹ[32] ਹੀ ਬਹਾਰ ਦੀ ਰੁਤ[33] ਨੂੰ ਮਾਣਦਾ ਹੈ, ਜੋ[34] ਸਚੇ ਗੁਰਾਂ ਦੀ ਘਾਲ[35] ਅੰਦਰ ਲੀਨ ਹੋਇਆ ਹੋਇਆ[36] ਹੈ ।

ਹਰਿ ਵੁਠਾ[37] ਮਨੁ[38] ਤਨੁ[39] ਸਭੁ ਪਰਫੜੈ[40] ਸਭੁ ਜਗੁ[42] ਹਰੀਆਵਲੁ[41] ਹੋਇ ॥ ੫੯ ॥

The Lord rains[37] mercy on him and his mind[38] and body[39] all flower[40] and, through him, the whole world[42] becomes green[41].

ਸੁਆਮੀ ਉਸ ਉਤੇ ਰਹਿਮਤ ਵਰਸਾਉਂਦਾ[37] ਹੈ ਅਤੇ ਉਸ ਦਾ ਚਿਤ[38] ਅਤੇ ਸਰੀਰ[39] ਸਾਰੇ ਪ੍ਰਫੁਲਤ[40] ਹੋ ਜਾਂਦੇ ਹਨ ਅਤੇ ਉਸ ਦੇ ਰਾਹੀਂ, ਸਾਰਾ ਜਹਾਨ[42] ਹਰਾ ਭਰਾ[41] ਥੀ ਵੰਞਦਾ ਹੈ ।

ਸਬਦੇ[43] ਸਦਾ[44] ਬਸੰਤੁ[45] ਹੈ ਜਿਤੁ[46] ਤਨੁ[47] ਮਨੁ[49] ਹਰਿਆ[50] ਹੋਇ ॥

Through the Name[43], whereby[46] the body[47] and heart[49] are reverdured[50], one ever[44] abides in bliss[45].

ਨਾਮ[43] ਦੇ ਰਾਹੀਂ, ਜਿਸ ਦੁਆਰਾ[46] ਦੇਹ[47] ਅਤੇ ਦਿਲ[49] ਸਰਸਬਜ[50] ਹੋ ਜਾਂਦੇ ਹਨ, ਜੀਵ ਸਦੀਵ[44] ਹੀ ਖੁਸ਼ੀ ਅੰਦਰ ਵਸਦਾ ਹੈ ।

ਨਾਨਕ ਨਾਮੁ ਨ ਵੀਸਰੈ[51] ਜਿਨਿ ਸਿਰਿਆ[52] ਸਭੁ ਕੋਇ[53] ॥੬੦॥

Nanak forgets[51] not the Name, which has created[52] all[53].

ਨਾਨਕ ਨਾਮ ਨੂੰ ਨਹੀਂ ਭੁਲਾਉਂਦਾ[51], ਜਿਸ ਨੇ ਸਾਰਿਆਂ[53] ਨੂੰ ਰਚਿਆ[52] ਹੈ ।

ਨਾਨਕ ਤਿਨਾ[54] ਬਸੰਤੁ[55] ਹੈ ਜਿਨਾ ਗੁਰਮੁਖਿ[56] ਵਸਿਆ[57] ਮਨਿ ਸੋਇ[58] ॥

Nanak, spring[55] is only for them[54], within whose mind, He[58], the Lord, abides[57] by the Guru's grace[56].

ਨਾਨਕ, ਬਹਾਰ[55] ਕੇਵਲ ਉਨ੍ਹਾਂ[54] ਲਈ ਹੀ ਹੈ, ਜਿਨ੍ਹਾਂ ਦੇ ਚਿਤ ਅੰਦਰ, ਗੁਰਾਂ ਦੀ ਦਇਆ[56] ਦੁਆਰਾ, ਉਹ[53] ਪ੍ਰਭੂ ਵਸਦਾ[57] ਹੈ ।

ਹਰਿ ਵੁਠੈ[59] ਮਨੁ[60] ਤਨੁ[61] ਪਰਫੜੈ[62] ਸਭੁ ਜਗੁ ਹਰਿਆ[63] ਹੋਇ ॥੬੧॥

When the Lord's mercy rains[59], the soul[60] and body[61] blossom[62] and the entire world grows green[63].

ਜਦ ਪ੍ਰਭੂ ਦੀ ਰਹਿਮਤ ਵਰਸਦੀ[59] ਹੈ, ਆਤਮਾ[60] ਅਤੇ ਦੇਹ[61] ਪ੍ਰਫੁਲਤ[62] ਹੋ ਜਾਂਦੇ ਹਨ ਤੇ ਸਾਰਾ ਸੰਸਾਰ ਸਰਸਬਜ਼[63] ਥੀ ਵੰਞਦਾ ਹੈ ।

ਵਡੜੈ[64] ਝਾਲਿ[65] ਝਲੁੰਭਲੈ[66] ਨਾਵੜਾ[67] ਲਈਐ[68] ਕਿਸੁ[69] ॥

Bathing[66] early[64] in the morn[65], whose[69] Name[67] should we take[68] ?

ਸਵੇਰੇ[64] ਅੰਮ੍ਰਿਤ ਵੇਲੇ[65] ਇਸ਼ਨਾਨ ਕਰਕੇ[66], ਅਸੀਂ ਕਿਸ[69] ਦਾ ਨਾਮ[67] ਲਈਏ[68] ?

ਨਾਉ ਲਈਐ[70] ਪਰਮੇਸਰੈ[71] ਭੰਨਣ[72] ਘੜਣ[73] ਸਮਰਥੁ[74] ॥੬੨॥

We should utter[70] the Name of the Supreme Lord[71] who is Omnipotent[74] to destroy[72] and create[73].

ਸਾਨੂੰ ਸ੍ਰੇਮਣੀ ਸਾਹਿਬ[71] ਦੇ ਨਾਮ ਦਾ ਉਚਾਰਨ[70] ਕਰਨਾ ਚਾਹੀਦਾ ਹੈ, ਜੋ ਤੋੜਨ[72] ਤੇ ਸਾਜਣ[73] ਨੂੰ ਸਰਬ-ਸ਼ਕਤੀਵਾਨ[74] ਹੈ ।

ਹਰਹਟ[75] ਭੀ ਤੂੰ ਤੂੰ ਕਰਹਿ[76] ਬੋਲਹਿ[77] ਭਲੀ[78] ਬਾਣਿ[79] ॥

The persian wheel[75] too cries[76], "Thou, Thou" and utters[77] sublime[78] words[79].

ਹਲਟ[75] ਭੀ "ਤੂੰ, ਤੂੰ" ਪੁਕਾਰਦਾ[76] ਹੈ ਅਤੇ ਸ੍ਰੇਸ਼ਟਾ[78] ਬਚਨ[79] ਉਚਾਰਨ[77] ਕਰਦਾ ਹੈ ।

ਸਾਹਿਬੁ ਸਦਾ ਹਦੂਰਿ[80] ਹੈ ਕਿਆ[81] ਉਚੀ[82] ਕਰਹਿ ਪੁਕਾਰ[83] ॥

The Lord is ever near[80], why[81] callest[83] thou Him with a loud voice[82] ?

ਸੁਆਮੀ ਸਦੀਵ ਨੇੜੇ[80] ਹੀ ਹੈ, ਤੂੰ ਉਸ ਨੂੰ ਬੁਲੰਦ ਆਵਾਜ਼[82] ਨਾਲ ਕਿਉਂ[81] ਬੁਲਾਉਂਦਾ[83] ਹੈਂ ?

ਜਿਨਿ ਜਗਤੁ[84] ਉਪਾਇ[85] ਹਰਿ[86] ਰੰਗੁ[87] ਕੀਆ ਤਿਸੈ[88] ਵਿਟਹੁ[89] ਕੁਰਬਾਣੁ[90] ॥

He, who has created[85] the world[84] and loves[87] it, unto[89] that[88] God[86], I am a sacrifice[90].

ਜਿਸ ਨੇ ਸੰਸਾਰ[84] ਸਾਜਿਆ[85] ਹੈ ਅਤੇ ਜੋ ਇਸ ਨੂੰ ਪਿਆਰ ਕਰਦਾ[87] ਹੈ; ਉਸ[88] ਵਾਹਿਗੁਰੂ[86] ਉਤੋਂ[89] ਮੈਂ ਵਾਰਨੇ[90] ਜਾਂਦਾ ਹਾਂ ।

ਆਪੁ[91] ਛੋਡਹਿ[92] ਤਾਂ[93] ਸਹੁ[94] ਮਿਲੈ ਸਚਾ ਏਹੁ ਵੀਚਾਰੁ[95] ॥

If thou abandonest[92] thy self-conceit[91], then[93] shall thy Spouse[94] meet thee. This alone is the true thought[95].

ਜੇਕਰ ਤੂੰ ਆਪਣੀ ਸਵੈ-ਹੰਗਤਾ[91] ਨੂੰ ਤਿਆਗ ਦੇਵੇਂ[92], ਤਦ[93] ਹੀ ਤੇਰਾ ਪਤੀ[94] ਤੈਨੂੰ ਮਿਲੂਗਾ । ਕੇਵਲ ਇਹ ਹੀ ਸੱਚਾ ਖ਼ਿਆਲ[95] ਹੈ ।

ਹਉਮੈ[96] ਫਿਕਾ[97] ਬੋਲਣਾ ਬੁਝਿ[98] ਨ ਸਕਾ ਕਾਰ[99] ॥

Talking insipidly[97] through ego[96], one can realise[98] not the Lord's will[99].

ਹੰਕਾਰ[96] ਰਾਹੀਂ ਰੁੱਖਾ ਬੋਲਣ ਦੁਆਰਾ[97], ਇਨਸਾਨ ਪ੍ਰਭੂ ਦੀ ਰਜ਼ਾ[99] ਨੂੰ ਅਨੁਭਵ[98] ਨਹੀਂ ਕਰ ਸਕਦਾ ।

ਵਣੁ[100] ਤ੍ਰਿਣੁ[2] ਤ੍ਰਿਭਵਣੁ[4] ਤੁਝੈ ਧਿਆਇਦਾ[5] [6]ਅਨ ਦਿਨੁ[7] ਸਦਾ[8] ਵਿਹਾਣ[9] ॥

The forest[100], grassy vales[2] and the three[3] worlds[4] meditate[5] on Thee, O Lord and thus ever[8] pass[9] their nights[6] and days[7].

ਜੰਗਲ[100], ਘਾਅ ਵਾਲੀਆਂ ਵਾਦੀਆਂ[2] ਅਤੇ ਤਿਨੇ[3] ਜਹਾਨ[4] ਤੈਨੂੰ ਸਿਮਰਦੇ ਹਨ; ਹੇ ਸੁਆਮੀ ! ਅਤੇ ਹਮੇਸ਼ਾ[8] ਏਸੇ ਤਰ੍ਹਾਂ ਹੀ ਉਨ੍ਹਾਂ ਦੀਆਂ ਰਾਤਾਂ[8] ਤੇ ਦਿਨ[7] ਬੀਤਦੇ[9] ਹਨ ।

ਬਿਨੁ ਸਤਿਗੁਰ ਕਿਨੈ ਨ ਪਾਇਆ ਕਰਿ ਕਰਿ[10] ਥਕੇ[12] ਵੀਚਾਰ[13] ॥

Without the True Guru, no one obtains the Lord. People have grown weary[12] of continually[10] reflecting[13] on Him.

ਸਚੇ ਗੁਰ[2] ਦੇ ਬਗੈਰ, ਕਿਸੇ ਨੂੰ ਭੀ ਪ੍ਰਭੂ ਪਰਾਪਤ ਨਹੀਂ ਹੁੰਦਾ । ਉਸ ਦਾ ਇਕ ਰਸ[10] ਧਿਆਨ ਧਾਰਨ ਦੁਆਰਾ[19] ਲੋਕ ਹਾਰ ਹੁਟ ਗਏ[12] ਹਨ ।

ਨਦਰਿ[14] ਕਰਹਿ[15] ਜੇ[16] ਆਪਣੀ ਤਾਂ[17] ਆਪੇ[18] ਲੈਹਿ ਸਵਾਰਿ[19] ॥

If[16] the Lord casts[15] His merciful glance[14], then[17], He Himself[18] embellishes[19] the mortal.

ਜੇਕਰ[16] ਮਾਲਕ ਆਪਣੀ ਮਿਹਰ ਦੀ ਨਜ਼ਰ[14] ਧਾਰੇ[15], ਤਦ[17] ਉਹ ਖ਼ੁਦ[18] ਹੀ ਪ੍ਰਾਣੀ ਨੂੰ ਸ਼ਸੋਭਤ[19] ਕਰ ਦਿੰਦਾ ਹੈ ।

ਨਾਨਕ ਗੁਰਮੁਖਿ[20] ਜਿਨ੍ਹੀ ਧਿਆਇਆ[21] ਆਏ[22] ਸੇ [23]ਪਰਵਾਣੁ[24] ॥੬੩॥

Approved[24] is the coming[22] into the world of those[23], O Nanak, who remember[21] their Lord, by the Guru's grace[20].

ਪ੍ਰਮਾਣੀਕ[24] ਹੈ ਜਗ ਅੰਦਰ ਉਨ੍ਹਾਂ[23] ਦਾ ਆਉਣਾ[22], ਹੇ ਨਾਨਕ ! ਜੋ ਗੁਰਾਂ ਦੀ ਦਇਆ[20] ਦੁਆਰਾ ਆਪਣੇ ਸਾਹਿਬ ਦਾ ਸਿਮਰਨ ਕਰਦੇ[21] ਹਨ ।

ਜੋਗੁ[25] ਨ ਭਗਵੀ[26] ਕਪੜੀ[27] ਜੋਗੁ ਨ ਮੈਲੇ[28] ਵੇਸਿ[29] ॥

Union[25] with the Lord is obtained not through ochre[26]-robes[27], nor is the union obtained through dirty[28] dress[29].

ਗੇਰੂ-ਰੰਗੇ[26] ਬਸਤਰਾਂ[27] ਰਾਹੀਂ, ਮਾਲਕ ਨਾਲ ਮਿਲਾਪ[25] ਪ੍ਰਾਪਤ ਨਹੀਂ ਹੁੰਦਾ, ਨਾ ਹੀ ਗੰਦੀ[28] ਪੁਸ਼ਾਕ[29] ਰਾਹੀਂ ਮਿਲਾਪ ਪ੍ਰਾਪਤ ਹੁੰਦਾ ਹੈ ।

ਨਾਨਕ ਘਰਿ[30] ਬੈਠਿਆ[31] ਜੋਗੁ ਪਾਈਐ ਸਤਿਗੁਰ ਕੈ ਉਪਦੇਸਿ[32] ॥੬੪॥

Nanak, unoin with the Lord is obtained, under the True Guru's instruction[32], even while sitting[31] in one's own home[30].

ਨਾਨਕ, ਸਚੇ ਗੁਰਾਂ ਦੀ ਸਿਖਮਤ[32] ਤਾਂਬੇ ਆਪਣੇ ਨਿਜ ਦੇ ਧਾਮ[30] ਅੰਦਰ ਬੈਸਣ[31] ਦੁਆਰਾ ਹੀ ਮਾਲਕ ਨਾਲ ਮਿਲਾਪ ਪ੍ਰਾਪਤ ਹੋ ਜਾਂਦਾ ਹੈ।

੧੪੨੧

ਚਾਰੇ ਕੁੰਡਾ[33] ਜੇ[34] ਭਵਹਿ[35] ਬੇਦ ਪੜਹਿ[36] ਜੁਗ ਚਾਰਿ ॥

If[34] thou wanderest[35] in four directions[33] and readest[36] the Vedas, through the four ages, it is all in vain.

ਜੇਕਰ[34] ਤੂੰ ਚਾਰੀਂ ਹੀ ਪਾਸੀਂ[33] ਭਟਕਦਾ[35] ਫਿਰੇਂ ਅਤੇ ਚਾਰੇ ਯੁਗ ਹੀ ਵੇਦ ਵਾਚਦਾ[36] ਰਹੇਂ; ਇਹ ਸਮੂਹ ਬੇਫਾਇਦਾ ਹੀ ਹੈ

ਨਾਨਕ ਸਾਚਾ[37] ਭੇਟੈ[38] ਹਰਿ ਮਨਿ ਵਸੈ[39] ਪਾਵਹਿ ਮੋਖ[40] ਦੁਆਰ[41] ॥੬੫॥

Nanak, if thou meetest[38] with the True Guru[37], the Lord shall dwell[39] within thy mind and thou shalt obtain the door[41] of salvation[40].

ਨਾਨਕ, ਜੇਕਰ ਤੂੰ ਸਚੇ ਗੁਰਾਂ[37] ਨੂੰ ਮਿਲ ਪਵੇਂ[38] ਤਾਂ ਸਾਂਈਂ ਤੇਰੇ ਚਿਤ ਅੰਦਰ ਟਿਕ ਜਾਵੇਗਾ[39] ਅਤੇ ਤੂੰ ਮੁਕਤੀ[40] ਦੇ ਦਰਵਾਜ਼ੇ[41] ਨੂੰ ਪਾ ਲਵੇਂਗਾ।

ਨਾਨਕ ਹੁਕਮੁ[42] ਵਰਤੈ[43] ਖਸਮ[44] ਕਾ ਮਤਿ[45] ਭਵੀ[46] ਫਿਰਹਿ[47] ਚਲ[48] ਚਿਤ[49] ॥

Nanak, so prevails[43] the Lord's[44] will[42]. that the perversely-[46] intellected person[45] wanders[47] about at the bidding of his mercurial[48] mind[49].

ਨਾਨਕ, ਪ੍ਰਭੂ[44] ਦੀ ਰਜ਼ਾ[42] ਐਸ ਤਰ੍ਹਾਂ ਵਰਤ ਰਹੀ[43] ਹੈ, ਕਿ ਪੁੱਠੀ ਅਕਲ ਵਾਲਾ[46] ਪੁਰਸ਼[46] ਆਪਣੇ ਚੁਲਬੁਲੇ[48] ਮਨੂਏ[49] ਦੇ ਕਹਿਣ ਅਨੁਸਾਰ ਭਟਕਦਾ ਫਿਰਦਾ[47] ਹੈ।

ਮਨਮੁਖ[50] ਸਉ[51] ਕਰਿ[52] ਦੋਸਤੀ[53] ਸੁਖ[54] ਕਿ[55] ਪੁਛਹਿ[56] ਮਿਤ[57] ॥

Making[52] friendship[55] with[51] the perverse person[50], O friend[57], whom[55] asketh[56] thou, then, for peace[54]?

ਪ੍ਰਤੀਕੂਲ ਪੁਰਸ਼[50] ਨਾਲ[51] ਯਾਰੀ[53] ਲਾ ਕੇ[52], ਹੇ ਮਿੱਤਰ[57]! ਤੂੰ ਤਦ ਆਰਾਮ[54] ਲਈ ਕਿਸ[55] ਨੂੰ ਪੁਛਦਾ[56] ਹੈਂ?

ਗੁਰਮੁਖ[58] ਸਉ ਕਰਿ ਦੋਸਤੀ ਸਤਿਗੁਰ ਸਉ ਲਾਇ[59] ਚਿਤੁ[60] ॥

Make thou friendship with the pious person[58] and attach[59] thy mind[60] with the True Guru.

ਤੂੰ ਪਵਿੱਤਰ ਪੁਰਸ਼[58] ਨਾਲ ਯਾਰੀ ਪਾ ਅਤੇ ਸਚੇ ਗੁਰਾਂ ਨਾਲ ਆਪਣੇ ਮਨ[60] ਨੂੰ ਜੋੜ[59]।

ਜੰਮਣ ਮਰਣ ਕਾ ਮੂਲੁ[61] ਕਟੀਐ[62] ਤਾਂ[63] ਸੁਖੁ ਹੋਵੀ ਮਿਤ ॥੬੬॥

Thiswise, thy root[61] of birth and death shall be cut[62] and then[63] thou shalt be blest with peace, O friend.

ਇਸ ਤਰ੍ਹਾਂ ਤੇਰੀ ਜਨਮ ਤੇ ਮਰਨ ਦੀ ਜੜ੍ਹ[61] ਵੱਢੀ[62] ਜਾਊਗੀ ਅਤੇ ਤਦ[63] ਤੂੰ ਆਰਾਮ ਨੂੰ ਪਰਾਪਤ ਹੋ ਜਾਵੇਂਗਾ ਹੇ ਮਿੱਤਰ!

ਭੁਲਿਆਂ[64] ਆਪਿ[65] ਸਮਝਾਇਸੀ[66] ਜਾ ਕਉ[67] ਨਦਰਿ[68] ਕਰੇ[69] ॥

The Lord, of Himself[65], instructs[66] those strayed ones[64] on whom[67] He casts[69] His merciful glance[68].

ਸੁਆਮੀ, ਆਪੇ[65] ਹੀ ਉਨ੍ਹਾਂ ਭਟਕਿਆਂ ਹੋਇਆਂ[64] ਨੂੰ ਸਿਖਮਤ ਦੇ ਦਿੰਦਾ[66] ਹੈ, ਜਿਨ੍ਹਾਂ[67] ਉਤੇ ਉਹ ਆਪਣੀ ਮਿਹਰ ਦੀ ਨਜ਼ਰ[68] ਧਾਰਦਾ[69] ਹੈ।

ਨਾਨਕ ਨਦਰੀ[70] ਬਾਹਰੀ[71] ਕਰਣ ਪਲਾਹ[72] ਕਰੇ ॥ ੬੭ ॥

Nanak, those who are bereft[71] of the Lord's gracious glance[70], bemoan and bewail[72].

ਨਾਨਕ, ਜੋ ਸਾਂਈਂ ਦੀ ਦਇਆ ਦ੍ਰਿਸ਼ਟੀ[70] ਤੋਂ ਸੱਖਣੇ[71] ਹਨ। ਉਹ ਰੁਦਨ ਅਤੇ ਵਿਰਲਾਪ ਕਰਦੇ ਹਨ।

ਸਲੋਕ ਮਹਲਾ ੪

Slokas 4th Guru

ਸਲੋਕ ਚੌਥੀ ਪਾਤਿਸ਼ਾਹੀ

੧ ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, is He obtained.

ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ!

[73]ਵਡਭਾਗੀਆ[74]ਸੋਹਾਗਣੀ[75] ਜਿਨ੍ਹਾ ਗੁਰਮੁਖਿ[76] ਮਿਲਿਆ ਹਰਿ ਰਾਇ[77] ॥	Very[73] fortunate[74] and chaste[75] are the brides, who meet with their God, the King[77], through the Guru[76].	ਭਾਰੇ[73] ਨਸੀਬਾਂ[74] ਵਾਲੀਆਂ ਅਤੇ ਸਤਿਵੰਤੀਆਂ[75] ਹਨ ਉਹ ਪਤਨੀਆਂ, ਜੋ ਗੁਰਾਂ ਦੇ ਰਾਹੀਂ[76],ਆਪਣੇ ਵਾਹਿਗੁਰੂ ਪਾਤਿਸ਼ਾਹ[77] ਨੂੰ ਮਿਲ ਪੈਂਦੀਆਂ ਹਨ ।
ਅੰਤਰਿ[78] ਜੋਤਿ[79] ਪਰਗਾਸੀਆ[80] ਨਾਨਕ ਨਾਮਿ ਸਮਾਇ[81] ॥੧॥	The Divine Light[79] shines[80] within[78] them and they merge[81] in the Name, O Nanak.	ਰੱਬੀ ਨੂਰ[79] ਉਨ੍ਹਾਂ ਦੇ ਅੰਦਰ[78] ਚਮਕਦਾ[80] ਹੈ ਅਤੇ ਉਹ ਨਾਮ ਅੰਦਰ ਲੀਨ[81] ਹੋ ਜਾਂਦੀਆਂ ਹਨ, ਹੇ ਨਾਨਕ !
ਵਾਹੁ[82] ਵਾਹੁ ਸਤਿਗੁਰੁ ਪੁਰਖੁ[83] ਹੈ ਜਿਨਿ ਸਚੁ[84] ਜਾਤਾ[85] ਸੋਇ[86] ॥ ਜਿਤੁ ਮਿਲਿਐ[87] ਤਿਖ[88] ਉਤਰੈ[89] ਤਨੁ[90] ਮਨੁ[91] ਸੀਤਲੁ[92] ਹੋਇ ॥	Blest[82], blest is the Omnipotent[83] True Guru, who has realised[85] the[86] True Lord[84] and meeting[87] with whom the thirst[86] is quenched[89] and one's body[90] and soul[91] are cooled[92].	ਆਫ਼ਰੀਨ[92],ਆਫਰੀਨ ਹੈ ਸਰਵ-ਸ਼ਕਤੀਵਾਨ[83] ਸਚੇ ਗੁਰਾਂ ਨੂੰ, ਜਿਨ੍ਹਾਂ ਨੇ ਉਸ[86] ਸਚੇ ਸੁਆਮੀ[34] ਨੂੰ ਅਨੁਭਵ[85]ਕੀਤਾ ਹੈ ਅਤੇ ਜਿਨ੍ਹਾਂ ਨਾਲ ਮਿਲਣ[87] ਦੁਆਰਾ ਤ੍ਰਿਹ[88] ਬੁਝ ਜਾਂਦੀ[89] ਹੈ ਅਤੇ ਜੀਵ ਦੀ ਦੇਹ[90] ਅਤੇ ਰੂਹ[91] ਠੰਢੇ ਠਾਰ[92] ਥੀ ਵੰਞਦੇ ਹਨ ।
ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ[93] ਹੈ ਜਿਸ ਨੋ ਸਮਤੁ[94] ਸਭੁ[95] ਕੋਇ ॥	Hail, hail is unto the True Guru, the Truth incarnate[93], in whose eyes all[95] are alike[94].	ਸ਼ਾਬਾਸ਼, ਸ਼ਾਬਾਸ਼ ! ਹੈ ਸੱਚ ਦੇ ਅਵਤਾਰ ਸਚੇ ਗੁਰਾਂ[93] ਨੂੰ, ਜਿਨ੍ਹਾਂ ਦਿਆਂ ਨੇਤ੍ਰਾਂ ਅੰਦਰ ਸਾਰੇ[95] ਇਕ-ਸਮਾਨ[94] ਹਨ ।
ਵਾਹੁ ਵਾਹੁ ਸਤਿਗੁਰੁ ਨਿਰਵੈਰੁ[96] ਹੈ ਜਿਸੁ ਨਿੰਦਾ[97] ਉਸਤਤਿ[98] ਤੁਲਿ[99] ਹੋਇ ॥	Blessed, blessed is the enmity-free[96] True Guru to whom slander[97] and praise[98] are alike[99].	ਧੰਨ, ਧੰਨ ਹਨ ਦੁਸ਼ਮਨੀ-ਰਹਿਤ[96] ਸਚੇ ਗੁਰਦੇਵ ਜੀ ਜਿਨ੍ਹਾਂ ਲਈ ਬਦਖ਼ੋਈ[97] ਅਤੇ ਉਪਮਾ[99] ਇਕ ਬਰਾਬਰ[99] ਹਨ ।
ਵਾਹੁ ਵਾਹੁ ਸਤਿਗੁਰੁ ਸੁਜਾਣੁ[2] ਹੈ ਜਿਸੁ ਅੰਤਰਿ[3] ਬ੍ਰਹਮੁ[4] ਵੀਚਾਰੁ[5] ॥	Blessed, Blessed is the Omniscient[2] True Guru, within[3] whom is the Lord's[4] comprehension[5];	ਸ਼ਲਾਘਾ-ਯੋਗ, ਸ਼ਲਾਘਾ-ਯੋਗ ਹਨ ਸਰਵੱਗ[2]ਸਚੇ ਗੁਰਦੇਵ ਜੀ, ਜਿਨ੍ਹਾਂ ਦੇ ਅੰਦਰ[3] ਪਾਰਬ੍ਰਹਮ[4] ਦੀ ਗਿਆਤ[5] ਹੈ ।
ਵਾਹੁ ਵਾਹੁ ਸਤਿਗੁਰ ਨਿਰੰਕਾਰੁ[6] ਹੈ ਜਿਸ ਅੰਤੁ[7] ਨ ਪਾਰਾਵਾਰੁ[8] ॥	Blessed, blessed is the True Guru, the Formless Being[6], whose end[7] and limit[8] can be known not.	ਧੰਨ, ਧੰਨ ਹਨ ਸਰੂਪ-ਰਹਿਤ ਸੁਆਮੀ[6] ਸਚੇ ਗੁਰਦੇਵ ਜੀ, ਜਿਨ੍ਹਾਂ ਦਾ ਅਖ਼ੀਰ[7] ਤੇ ਓੜਕ[3] ਜਾਣਿਆ ਨਹੀਂ ਜਾ ਸਕਦਾ ।
ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ[9] ਸੋਇ[10]॥	Blessed, blessed is he[10], the True Guru, who confirms[9] the mortals in Truth.	ਧੰਨ, ਧੰਨ ਹਨ, ਉਹ[10] ਸਚੇ ਗੁਰਦੇਵ ਜੀ, ਜੋ ਪ੍ਰਾਣੀਆਂ ਨੂੰ ਸਚ ਅੰਦਰ ਪੱਕਾ ਕਰ ਦਿੰਦੇ[9] ਹਨ ।
ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ[12] ਨਾਮੁ ਪਰਾਪਤਿ[13] ਹੋਇ ॥੨॥	Nanak, blessed, blessed is the True Guru through[12] whom one is blessed[13] with the Name.	ਨਾਨਕ, ਧੰਨ, ਧੰਨ ਹਨ. ਸਚੇ ਗੁਰਦੇਵ ਜੀ, ਜਿਨ੍ਹਾ ਦੀ ਰਾਹੀਂ[12] ਨਾਮ ਦੀ ਦਾਤ ਮਿਲਦੀ[13] ਹੈ ।
ਹਰਿ ਪ੍ਰਭ ਸਚਾ ਸੋਹਿਲਾ[14] ਗੁਰਮੁਖਿ[15] ਨਾਮੁ ਗੋਵਿੰਦੁ ॥	The utterance of the Name of God, the Lord Master, is the true bliss[14] of the Guru-wards[15].	ਵਾਹਿਗੁਰੂ ਸੁਆਮੀ ਮਾਲਕ ਦੇ ਨਾਮ ਦਾ ਉਚਾਰਨ ਹੀ ਗੁਰੂ-ਅਨੁਸਾਰੀਆਂ[5] ਦੀ ਸਚੀ ਖ਼ੁਸ਼ੀ[14] ਹੈ ।
ਅਨਦਿਨੁ[16] ਨਾਮੁ	Praising[17] the Name night and day[16]	ਰੈਣ ਤੇ ਦਿਹੁੰ[16] ਨਾਮ ਦੀ ਕੀਰਤੀ ਕਰਨਾ[17] ਅਤੇ ਆਪਣੇ

ਸਲਾਹਣਾ[17] ਹਰਿ ਜਪਿਆ[18] ਮਨਿ ਆਨੰਦੁ[19] ॥	and contemplating[18] their God, their mind becomes happy[19].	ਵਾਹਿਗੁਰੂ ਦਾ ਸਿਮਰਨ ਕਰਨ[18] ਦੁਆਰਾ, ਉਨ੍ਹਾਂ ਦਾ ਚਿਤ ਪ੍ਰਸੰਨ[19] ਥੀ ਵੰਞਦਾ ਹੈ।
[20]ਵਡਭਾਗੀ[21] ਹਰਿ ਪਾਇਆ ਪੂਰਨ[22] [22]ਪਰਮਾਨੰਦੁ[24] ॥	By great[20] good fortune[21], they attain unto their God, the Embodiment of perfect[22] and supreme[23] bliss[24].	ਭਾਰੇ[20] ਚੰਗੇ ਨਸੀਬਾਂ[21] ਦੁਆਰਾ, ਉਹ ਸੰਪੂਰਨ[22] ਅਤੇ ਮਹਾਨ[23] ਪ੍ਰਸੰਨਤਾ[24] ਦੇ ਸਰੂਪ ਆਪਣੇ ਵਾਹਿਗੁਰੂ ਨੂੰ ਪਾ ਲੈਂਦੇ ਹਨ।
ਜਨ[25] ਨਾਨਕ ਨਾਮੁ ਸਲਾਹਿਆ[26] ਬਹੁੜਿ[27] ਨ ਮਨਿ[28] ਤਨਿ[29] ਭੰਗੁ[30] ॥ ੩॥	Serf[25] Nanak praises[26] the Lord's Name and no obstacle[30] shall again[27] befall his mind[28] and body[29].	ਨਫ਼ਰ[25] ਨਾਨਕ, ਸਾਂਈਂ ਦੇ ਨਾਮ ਦੀ ਮਹਿਮਾ ਗਾਇਨ ਕਰਦਾ[26] ਹੈ ਅਤੇ ਉਸ ਦੇ ਚਿਤ[28] ਅਤੇ ਸਰੀਰ[29] ਨੂੰ ਮੁੜ[27] ਕੋਈ ਵਿਘਨ[30] ਨਹੀਂ ਵਾਪਰੇਗਾ।
ਮੈ[31] ਪਿਰੀਆ[32] ਸਉ[33] ਨੇਹੁ[34] ਕਿਉ[35] ਸਜਣ[36] ਮਿਲਹਿ ਪਿਆਰਿਆ[37] ॥	I[31] have love[34] with[33] my Beloved[32]. How[35] can I meet with my sweet[36] friend[37] ?	ਮੇਰਾ[31] ਆਪਣੇ ਪ੍ਰੀਤਮ[32] ਨਾਲ[33] ਪਿਆਰ[34] ਹੈ। ਮੈਂ ਆਪਣੇ ਮਿਠੜੇ[36] ਮਿਤ੍ਰ[37] ਨਾਲ ਕਿਸ ਤਰ੍ਹਾਂ[35] ਮਿਲ ਸਕਦੀ ਹਾਂ ?
ਹਉ[38] ਢੂਢੇਦੀ[39] ਤਿਨ[40] ਸਜਣ ਸਚਿ ਸਵਾਰਿਆ[41]॥	I[38] search[39] for that[40] friend, who is embellished[41] with truth.	ਮੈਂ[38] ਉਸ[40] ਮਿੱਤਰ ਨੂੰ ਖੋਜਦੀ[39] ਹਾਂ, ਜੋ ਸੱਚ ਨਾਲ ਸ਼ਸ਼ੋਭਤ ਹੋਇਆ ਹੋਇਆ[41] ਹੈ।
ਸਤਿਗੁਰੁ ਮੈਡਾ[42] ਮਿਤੁ[43] ਹੈ ਜੇ[44] ਮਿਲੈ ਤ[45] ਇਹੁ ਮਨੁ[46] ਵਾਰਿਆ[47] ॥	The true Guru is my[42] friend[43]. If[44] I meet him, then[45] would I sacrifice[47] this soul[46] of mine unto him.	ਸਚੇ ਗੁਰਦੇਵ ਜੀ ਮੇਰੇ[42] ਮਿੱਤਰ[43] ਹਨ। ਜੇਕਰ[44] ਮੈਂ ਉਨ੍ਹਾਂ ਨੂੰ ਮਿਲ ਪਵਾਂ, ਤਦ[45] ਮੈਂ ਆਪਣੀ ਇਹ ਜਿੰਦੜੀ[46] ਉਨ੍ਹਾਂ ਉਤੋਂ ਕੁਰਬਾਨ[47] ਕਰ ਦਿਆਂਗੀ।
ਦੇਂਦਾ ਮੈ ਪਿਰੁ[48] ਦਸਿ[49] ਹਰਿ[50] ਸਜਣੁ[51] ਸਿਰਜਣਹਾਰਿਆ[52] ॥	He has shown[49] me the Beloved[48] God[50], my Friend[51] and Creator[52].	ਉਨ੍ਹਾਂ ਨੇ ਮੈਨੂੰ ਮੇਰੇ ਮਿੱਤਰ[51] ਅਤੇ ਸਾਜਣਹਾਰ[52] ਪਿਆਰੇ[48] ਵਾਹਿਗੁਰੂ[50] ਨੂੰ ਵਿਖਾਲ ਦਿੱਤਾ[49] ਹੈ।
ਨਾਨਕ ਹਉ ਪਿਰੁ[53*] ਭਾਲੀ[54] ਆਪਣਾ ਸਤਿਗੁਰ ਨਾਲਿ[55] ਦਿਖਾਲਿਆ[56] ॥ ੪ ॥	Nanak I was searching[54] for my Dear Groom[53*], but, the True Guru has shown[56] Him to be with[55] me.	ਨਾਨਕ, ਮੈਂ ਆਪਣੇ ਪਿਆਰੇ[53*] ਪਤੀ ਨੂੰ ਢੂੰਡਦੀ[54] ਫਿਰਦੀ ਸਾਂ, ਪ੍ਰੰਤੂ ਸਚੇ ਗੁਰਾ ਨੇ ਉਸ ਨੂੰ ਮੇਰੇ ਸਾਥ[55] ਹੀ ਵਿਖਾਲ ਦਿੱਤਾ[56] ਹੈ।
ਹਉ[60] ਖੜੀ[57] ਨਿਹਾਲੀ[58] ਪੰਧੁ[59] ਮਤੁ[60*] ਮੈ ਸਜਣੁ[61] ਆਵਏ[62] ॥	I[60] stand[57] on the roadside[59], O my friend[61], in thy wait[58]; May be[60] Thou mayst come[62].	ਮੈਂ[60] ਰਸਤੇ[59] ਵਿਚ ਖਲੋ ਕੇ,[57] ਤੇਰੀ ਇੰਤਜ਼ਾਰ[58] ਕਰਦੀ ਹਾਂ, ਮੇਰੇ ਮਿੱਤਰ[61] ਹੋ ਸਕਦਾ[60*] ਤੂੰ ਆ ਵੰਞੇਂ[62]।
ਕੋ[63] ਆਣਿ[64] ਮਿਲਾਵੈ[65] ਅਜੁ[66] ਮੈ ਪਿਰੁ[67] ਮੇਲਿ[68] ਮਿਲਾਵਏ[69] ॥	Let some one[63] come[64] and make me meet[65] my love[67] today[66] and unite[69] me in His union[68].	ਕੋਈ ਜਣਾ[63] ਆ ਕੇ[64] ਮੈਨੂੰ ਇਸਰੋਜ਼[66] ਮੇਰੇ ਜਾਨੀ[67] ਨਾਲ ਮਿਲਾ ਦੇਵੇ[65] ਅਤੇ ਮੈਨੂੰ ਉਸ ਦੇ ਮਿਲਾਪ[68] ਅੰਦਰ ਲੀਨ ਕਰ ਦੇਵੇ[69]।
ਹਉ ਜੀਉ[70] ਕਰੀ ਤਿਸ[71] ਵਿਟਉ[72] ਚਉ ਖੰਨੀਐ[73] ਜੋ ਮੈ ਪਿਰੀ[74] ਦਿਖਾਵਏ[75]॥	I shall cut my body[70] into[73] four pieces for[72] him[71], who shows[75] me my Darling Spouse[74].	ਉਸ[71] ਦੇ ਲਈ[72] ਮੈਂ ਆਪਣੀ ਜਿੰਦੜੀ[70] ਦੇ ਚਾਰ ਟੋਟੇ[73] ਕਰ ਦਿਆਂਗੀ, ਜੋ ਮੈਨੂੰ ਮੇਰਾ ਪਿਆਰਾ ਪਤੀ[74] ਵਿਖਾਲ ਦੇਵੇ[75] !
ਨਾਨਕ ਹਰਿ ਹੋਇ	Nanak, when the Lord becomes	ਨਾਨਕ, ਜਦ ਮਾਲਕ ਮਿਹਰਬਾਨ[76] ਹੋ ਜਾਂਦਾ ਹੈ, ਤਦ[77]

ਦਇਆਲੁ[76] ਤਾਂ[77] ਗੁਰੁ ਪੂਰਾ[78] ਮੇਲਾਵਏ ॥੫॥	merciful[76], then[77] He makes man meet the perfect[78] Guru.	ਉਹ ਇਨਸਾਨ ਨੂੰ ਪੂਰਨ[78] ਗੁਰਾਂ ਨਾਲ ਮਿਲਾ ਦਿੰਦਾ ਹੈ।
ਅੰਤਰਿ[79] ਜੋਰੁ[80] ਹਉਮੈ[81] ਤਨਿ[82] ਮਾਇਆ[83] ਕੂੜੀ[84] ਆਵੈ ਜਾਇ ॥	Within[79] the human body[82] is the sway[80] of ego[81] and worldly valuables[83] and the false one[84] cantinues coming and going.	ਮਨੁਸ਼ੀ ਦੇਹ[82] ਦੇ ਅੰਦਰ[79] ਹੰਕਾਰ[81] ਅਤੇ ਸੰਸਾਰੀ ਪਦਾਰਥਾਂ[83] ਦੀ ਹਕੂਮਤ[80] ਹੈ ਅਤੇ ਝੂਠਾ ਇਨਸਾਨ[84] ਆਉਂਦਾ ਤੇ ਜਾਂਦਾ ਰਹਿੰਦਾ ਹੈ।
ਸਤਿਗੁਰ ਕਾ ਫੁਰਮਾਇਆ[85] ਮੰਨਿ[86] ਨ ਸਕੀ ਦੁਤਰੁ[87] ਤਰਿਆ[88] ਨ ਜਾਇ ॥	Obeyed[86] are not the Guru's command[85], so the ardous[87] ocean is crossed[88] not.	ਸਚੇ ਗੁਰਾਂ ਦੇ ਹੁਕਮ[85] ਦੀ ਪਾਲਣਾ[86] ਨਹੀਂ ਕੀਤੀ ਜਾਂਦੀ ਇਸ ਲਈ ਕਠਨ[87] ਸਮੁੰਦਰ ਪਾਰ ਕੀਤਾ[88] ਨਹੀਂ ਜਾਂਦਾ।
੧੪੨੨		
ਨਦਰਿ[89] ਕਰੇ[94] ਜਿਸੁ[90] ਆਪਣੀ ਸੋ[91] ਚਲੈ[92] ਸਤਿਗੁਰ ਭਾਇ[93] ॥	On whom-so-ever[90] the Lord casts[94] His merciful glance[89], he[91] walks[92] in the True Guru's will[93].	ਜਿਸ ਕਿਸੇ[90] ਉਤੇ ਮਾਲਕ ਆਪਣੀ ਮਿਹਰ ਦੀ ਨਜ਼ਰ[89] ਧਾਰਦਾ[94] ਹੈ, ਉਹ[91] ਸਚੇ ਗੁਰਾਂ ਦੀ ਰਜ਼ਾ[93] ਅੰਦਰ ਤੁਰਦਾ[92] ਹੈ।
ਸਤਿਗੁਰ ਕਾ ਦਰਸਨੁ[95] ਸਫਲੁ[96] ਹੈ ਜੋ[97] ਇਛੈ[98] ਸੋ[99] ਫਲੁ[100] ਪਾਇ[2] ॥	Fruitful[96] is the vision[95] of the True Guru. Through it, the mortal attains[2] the[99] fruit[100], that[97] he wishes for[98].	ਫਲਦਾਇਕ[96] ਹੈ ਸਚੇ ਗੁਰਾਂ ਦਾ ਦੀਦਾਰ[96]। ਇਸ ਦੇ ਰਾਹੀਂ, ਪ੍ਰਾਣੀ ਉਹ[99] ਮੇਵਾ[100] ਹਾਸਲ[2] ਕਰ ਲੈਂਦਾ ਹੈ, ਜਿਸ[97] ਨੂੰ ਉਹ ਚਾਹੁੰਦਾ[98] ਹੈ।
ਜਿਨੀ[3] ਸਤਿਗੁਰੁ ਮੰਨਿਆ[4] ਹਉ[5] ਤਿਨ[6] ਕੇ ਲਾਗਉ ਪਾਇ[8] ॥	I[5] repair[7] to the feet[8] of those[6], who[3] believe[4] in the True Guru.	ਮੈਂ[5] ਉਨ੍ਹਾਂ[6] ਦੇ ਪੈਰੀਂ[8] ਪੈਂਦਾ[7] ਹਾਂ, ਜੋ[3] ਸਚੇ ਗੁਰਾਂ ਉਤੇ ਭਰੋਸਾ ਧਾਰਦੇ[4] ਹਨ।
ਨਾਨਕੁ ਤਾ ਕਾ[9] ਦਾਸੁ[10] ਹੈ ਜਿ ਅਨਦਿਨੁ[12] ਰਹੈ ਲਿਵ[13] ਲਾਇ ॥੬॥	Nanak is the attendant[10] of those[9], who, night and day[12], remain attuned[13] to the Lord.	ਨਾਨਕ ਉਨ੍ਹਾਂ[9] ਦਾ ਸੇਵਕ[10] ਹੈ, ਜੋ ਰੈਣ ਅਤੇ ਦਿਹੁੰ[12] ਪ੍ਰਭੂ ਨਾਲ ਪਿਰਹੜੀ ਪਾਈ[13] ਰਖਦੇ ਹਨ।
ਜਿਨਾ ਪਿਰੀ[14] ਪਿਆਰੁ[15] ਬਿਨੁ ਦਰਸਨ[16] ਕਿਉ[17] ਤ੍ਰਿਪਤੀਐ[18] ॥	They, who bear love[15] to their Beloved[14], how[17] can they be satiated[18] without His vision[16] ?	ਜਿਨ੍ਹਾਂ ਦੀ ਆਪਣੇ ਪ੍ਰੀਤਮ[14] ਦੇ ਨਾਲ ਪਿਰਹੜੀ[15] ਹੈ, ਉਹ ਉਸ ਦੇ ਦੀਦਾਰ[16] ਬਗੈਰ ਕਿਸ ਤਰ੍ਹਾਂ[17] ਰੱਜ ਸਕਦੇ[18] ਹਨ ?
ਨਾਨਕ ਮਿਲੈ ਸੁਭਾਇ[19] ਗੁਰਮੁਖਿ[20] ਇਹੁ ਮਨੁ[21] ਰਹਸੀਐ[22] ॥੭॥	Nanak, they easily[19] meet with their Lord through the Guru[20], and this soul[21] of theirs blooms[22].	ਨਾਨਕ, ਉਹ ਸੁਖੈਨ[19] ਹੀ ਗੁਰਾਂ[20] ਦੇ ਰਾਹੀਂ, ਆਪਣੇ ਸਾਂਈਂ ਨੂੰ ਮਿਲ ਪੈਂਦੇ ਹਨ ਅਤੇ ਉਨ੍ਹਾਂ ਦੀ ਇਹ ਆਤਮਾ[21] ਪ੍ਰਫੁਲਤ ਹੋ ਜਾਂਦੀ[22] ਹੈ।
ਜਿਨਾ ਪਿਰੀ[23] ਪਿਆਰੁ[24] ਕਿਉ[25] ਜੀਵਨਿ[26] ਪਿਰ[27] ਬਾਹਰੇ[28] ॥	They, who love[24] their spouse[23], how[25] can they live[26] without[28] their Dear one[27] ?	ਜੋ ਆਪਣੇ ਪਤੀ[23] ਨਾਲ ਪ੍ਰੇਮ ਕਰਦੀਆਂ[24] ਹਨ, ਉਹ ਆਪਣੇ ਪਿਆਰੇ[27] ਬਿਨਾ[28] ਕਿਸ ਤਰ੍ਹਾਂ[25] ਜੀਉ[26] ਸਕਦੀਆਂ ਹਨ ?
ਜਾਂ[29] ਸਹੁ[33] ਦੇਖਨਿ ਆਪਣਾ ਨਾਨਕ ਥੀਵਨਿ[30] ਭੀ[31] ਹਰੇ[32] ॥੮॥	When[29] they see their Spouse[33] they again[31] become[30] green[32].	ਜਦ[29] ਉਹ ਆਪਣੇ ਕੰਤ[33] ਨੂੰ ਵੇਖ ਲੈਂਦੀਆਂ ਹਨ, ਉਹ ਮੁੜ[31] ਕੇ ਸਰਸਬਜ਼[32] ਹੋ ਜਾਂਦੀਆਂ[30] ਹਨ।
ਜਿਨਾ ਗੁਰਮੁਖਿ[33]*ਅੰਦਰਿ[34]	They within[34] whom, Thou	ਜਿਨ੍ਹਾਂ ਦੇ ਅੰਦਰ[34], ਤੂੰ ਆਪਣੀ ਪਿਰਹੜੀ, ਗੁਰਾਂ ਦੇ

ਨੇਹੁ[35] ਤੈ ਪ੍ਰੀਤਮ[36] ਸਚੈ ਲਾਇਆ[37] ॥	enshrine[37] Thy love[35], through the Guru[33*], O my True Beloved[36];	ਰਾਹੀਂ[33*], ਅਸਥਾਪਨ[32] ਕਰਦਾ ਹੈਂ, ਹੇ ਮੇਰੇ ਸਚੇ ਦਿਲਬਰ !
ਰਾਤੀ ਅਤੈ ਡੇਹੁ[38] ਨਾਨਕ ਪ੍ਰੇਮਿ[39] ਸਮਾਇਆ[40] ॥੯॥	Night and day[38], they remain immersed[40] in Thy love[39], O Nanak.	ਰੈਣ ਅਤੇ ਦਿਹੁੰ[38], ਉਹ ਤੇਰੇ ਪਿਆਰ[39] ਅੰਦਰ ਰਮੇ ਰਹਿੰਦੇ[40] ਹਨ, ਹੇ ਨਾਨਕ !
ਗੁਰਮੁਖਿ[41] ਸਚੀ ਆਸਕੀ[42] ਜਿਤੁ[43] ਪ੍ਰੀਤਮੁ[44] ਸਚਾ ਪਾਈਐ ॥	True is the love[42] of the pious person[41], through which[43] he attains unto his True Beloved[44].	ਸਚੀ ਹੈ ਪ੍ਰੀਤ[42] ਪਵਿੱਤਰ ਪੁਰਸ਼[41] ਦੀ, ਜਿਸ ਦੇ ਰਾਹੀਂ[43] ਉਹ ਆਪਣੇ ਸਚੇ ਦਿਲਬਰ[44] ਨੂੰ ਪਾ ਲੈਂਦਾ ਹੈ ।
ਅਨਦਿਨੁ[45] ਰਹਹਿ ਅਨੰਦਿ[46] ਨਾਨਕ ਸਹਜਿ[47] ਸਮਾਈਐ[48] ॥੧੦॥	Night and day[45], he remains in bliss[46] and merges[48] in his Lord[47], the embodiment of equipoise, O Nanak.	ਰੈਣ ਅਤੇ ਦਿਹੁ[45] ਉਹ ਖ਼ੁਸ਼ੀ[46] ਅੰਦਰ ਵਸਦਾ ਹੈ ਅਤੇ ਆਪਣੇ ਸਹਿਜ ਸਰੂਪ ਸੁਆਮੀ[47] ਅੰਦਰ ਲੀਨ ਹੋ ਜਾਂਦਾ[48] ਹੈ, ਹੇ ਨਾਨਕ !
ਸਚਾ ਪ੍ਰੇਮ[49] ਪਿਆਰੁ[50] ਗੁਰ ਪੂਰੇ[51] ਤੇ[52] ਪਾਈਐ ॥	True love[49] and affection[50] are obtained from[52] the Perfect[51] Guru.	ਸਚੀ ਪ੍ਰੀਤ[49] ਅਤੇ ਪਿਰਹੜੀ[50] ਪੂਰਨ[51] ਗੁਰਦੇਵ ਜੀ ਪਾਸੋਂ[52] ਪਰਾਪਤ ਹੁੰਦੀਆਂ ਹਨ ।
ਕਬਹੂੰ[53] ਨ ਹੋਵੈ ਭੰਗੁ[54] ਨਾਨਕ ਹਰਿ ਗੁਣ[55] ਗਾਈਐ[56] ॥੧੧॥	Singing[56] God's praises[55], O Nanak, they break[54] not ever[53].	ਵਾਹਿਗੁਰੂ ਦੀਆਂ ਸਿਫ਼ਤਾਂ[55] ਗਾਇਨ[56] ਕਰਨ ਦੁਆਰਾ, ਹੇ ਨਾਨਕ ! ਉਹ ਕਦੇ[53] ਭੀ ਟੁਟਦੀਆਂ[54] ਨਹੀਂ ।
ਜਿਨ੍ਹਾ ਅੰਦਰਿ ਸਚਾ ਨੇਹੁ[57] ਕਿਉ[58] ਜੀਵਨ੍ਹਿ ਪਿਰੀ[59] ਵਿਹੂਣਿਆ[60] ॥	They, within whom is the true love[57], how[58] can they live without[60] their spouse[59] ?	ਜਿਨ੍ਹਾਂ ਦੇ ਅੰਤ੍ਰੀਵ ਸਚਾ ਪਿਆਰ[57] ਹੈ, ਉਹ ਆਪਣੇ ਕੰਤ[59] ਦੇ ਬਗੈਰ[60] ਕਿਸ ਤਰ੍ਹਾਂ[58] ਜੀਉ ਸਕਦੀਆਂ ਹਨ ?
ਗੁਰਮੁਖਿ[61] ਮੇਲੇ[62] ਆਪਿ[63] ਨਾਨਕ ਚਿਰੀ[64] ਵਿਛੁੰਨਿਆ[65] ॥੧੨॥	O Nanak. through the Guru[61], the Lord unites[62] with Himself[63] those, who since long[64] are separated[65] from Him.	ਹੇ ਨਾਨਕ ! ਗੁਰਾਂ[61] ਦੇ ਰਾਹੀਂ, ਸੁਆਮੀ ਉਨ੍ਹਾਂ ਨੂੰ ਆਪਣੇ[63] ਨਾਲ ਮਿਲਾ ਲੈਂਦਾ[62] ਹੈ, ਜੋ ਦੇਰ[64] ਤੋਂ ਉਸ ਨਾਲੋਂ ਵਿਛੁੜੀਆਂ ਹੋਈਆਂ[65] ਹਨ ।
ਜਿਨ ਕਉ ਪ੍ਰੇਮ[66] ਪਿਆਰੁ[67] ਤਉ ਆਪੇ[68] ਲਾਇਆ[71] ਕਰਮੁ[69] ਕਰਿ[70] ॥	Showing[70] Thy mercy[69], they, whom Thou Thyself[68], attachest[71] with Thy love[66] and affection[67], O Lord God,	ਆਪਣੀ ਰਹਿਮਤ[69] ਧਾਰ ਕੇ[70], ਜਿਨ੍ਹਾਂ ਨੂੰ ਤੂੰ ਖ਼ੁਦ[68] ਆਪਣੀ ਪ੍ਰੀਤ[66] ਅਤੇ ਪਿਰਹੜੀ[67] ਨਾਲ ਜੋੜਦਾ ਹੈਂ, ਹੇ ਸੁਆਮੀ ਵਾਹਿਗੁਰੂ !
ਨਾਨਕ ਲੇਹੁ ਮਿਲਾਇ ਮੈ ਜਾਚਿਕ[72] ਦੀਜੈ[23] ਨਾਮੁ ਹਰਿ ॥੧੩॥	Make, Thou, Nanak meet with them and bless[73] him, Thy mumper[72], with Thy Name.	ਉਨ੍ਹਾਂ ਨਾਲ ਤੂੰ ਨਾਨਕ ਨੂੰ ਮਿਲਾ ਦੇ ਅਤੇ ਉਸ ਆਪਣੇ ਭਿਖਾਰੀ[72] ਨੂੰ ਆਪਣਾ ਨਾਮ ਪਰਦਾਨ[73] ਕਰ ।
ਗੁਰਮੁਖਿ[74] ਹਸੈ ਗੁਰਮੁਖਿ ਰੋਵੈ ॥	In Thy love, O Lord, the Guru-ward[74] laughs and in Thy love, the Guru-ward weeps.	ਤੇਰੀ ਪ੍ਰੀਤ ਅੰਦਰ, ਹੇ ਪ੍ਰਭੂ ! ਗੁਰੂ-ਅਨੁਸਾਰੀ[74] ਹਸਦਾ ਹੈ ਅਤੇ ਤੇਰੀ ਹੀ ਪ੍ਰੀਤ ਅੰਦਰ ਗੁਰੂ-ਅਨੁਸਾਰੀ ਰੋਂਦਾ ਹੈ ।
ਜਿ[75] ਗੁਰਮੁਖਿ ਕਰੇ ਸਾਈ[76] ਭਗਤਿ[77] ਹੋਵੈ ॥	Whatever[75] the Guru-ward does, that[76] is the Lord's devotional service[77].	ਜਿਹੜਾ ਕੁਛ[75] ਗੁਰੂ-ਅਨੁਸਾਰੀ ਕਰਦਾ ਹੈ, ਉਹ[76] ਹੀ ਸੁਆਮੀ ਦੀ ਪ੍ਰੇਮਮਈ ਸੇਵਾ[77] ਹੈ ।

ਗੁਰਮੁਖਿ ਹੋਵੈ[78] ਸੁ[79] ਕਰੇ ਵੀਚਾਰੁ[80] ॥	Whosoever turns[78] Guru-ward. he[79] reflects[83] on the Lord.	ਜੋ ਕੋਈ ਗੁਰੂ-ਅਨੁਸਾਰੀ ਹੋ ਵੰਜਦਾ[78] ਹੈ, ਉਹ[79] ਸਾਂਈ ਦਾ ਸਿਮਰਨ ਕਰਦਾ[80] ਹੈ।
ਗੁਰਮੁਖਿ ਨਾਨਕ ਪਾਵੈ ਪਾਰੁ[81] ॥੧੪॥	The Guru-ward, ferries across[81] the world ocean, O Nanak,	ਗੁਰੂ-ਅਨੁਸਾਰੀ, ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਂਦਾ[81] ਹੈ, ਹੇ ਨਾਨਕ !
ਜਿਨਾ ਅੰਦਰਿ ਨਾਮੁ ਨਿਧਾਨੁ[82] ਹੈ ਗੁਰਬਾਣੀ ਵੀਚਾਰਿ[83] ॥	They who cherish the Name treasure[82] within them and reflect over[83] the Guru's word,	ਜਿਨ੍ਹਾਂ ਦੇ ਅੰਦਰਵਾਰ ਨਾਮ ਦਾ ਖ਼ਜ਼ਾਨਾ[82] ਹੈ ਅਤੇ ਜੋ ਗੁਰਾਂ ਦੀ ਬਾਣੀ ਨੂੰ ਸੋਚਦੇ ਵਿਚਾਰਦੇ[83] ਹਨ।
ਤਿਨ[84] ਕੇ ਮੁਖ[85] ਸਦ[86] ਉਜਲੇ[87] ਤਿਤੁ[88] ਸਚੈ[89] ਦਰਬਾਰਿ[90] ॥	Their[84] countenances[85] are ever[86] bright[87], in the court[90] of that[88] True[89] Lord.	ਉਸ[88] ਸਚੇ ਸੁਆਮੀ[89] ਦੀ ਦਰਗਾਹ[90] ਅੰਦਰ ਉਨ੍ਹਾਂ[84] ਦੇ ਚਿਹਰੇ[85] ਹਮੇਸ਼ਾ[86] ਹੀ ਰੌਸਨ[87] ਰਹਿੰਦੇ ਹਨ।
ਤਿਨ[91] ਬਹਦਿਆ[92] ਉਠਦਿਆ[93] ਕਦੇ[94] ਨ ਵਿਸਰੈ[95] ਜਿ ਆਪਿ[96] ਬਖਸੇ[97] ਕਰਤਾਰਿ[98] ॥	They, whom the Creator[98], of Himself[96], forgives[97], they[91] forget[95] not their Lord ever[94], down-sitting[92] or upstanding[93].	ਜਿਨ੍ਹਾਂ ਨੂੰ ਸਿਰਜਣਹਾਰ[98] ਖ਼ੁਦ[96] ਮੁਆਫ਼ੀ ਦੇ ਦਿੰਦਾ[97] ਹੈ; ਬੈਠਦੇ[92] ਅਤੇ ਉਠਦੇ[93], ਉਹ[91] ਕਦਾਚਿਤ[94] ਆਪਣੇ ਸੁਆਮੀ ਨੂੰ ਨਹੀਂ ਭੁਲਾਉਂਦੇ[95]।
ਨਾਨਕ ਗੁਰਮੁਖਿ[99] ਮਿਲੇ ਨ ਵਿਛੁੜਹਿ[100] ਜਿ[2] ਮੇਲੇ ਸਿਰਜਣਹਾਰਿ[3]॥੧੫॥	The holyman[99], whom[2] the Creator-Lord[3] unites with Himself, those united ones, O Nanak, separate[100] not again.	ਨੇਕ-ਬੰਦੇ[99], ਜਿਨ੍ਹਾਂ[2] ਨੂੰ ਸਾਜਣਹਾਰ-ਮੁਆਮੀ[3] ਆਪਣੇ ਨਾਲ ਮਿਲਾ ਲੈਂਦਾ ਹੈ; ਉਹ ਮਿਲੇ ਹੋਏ, ਹੇ ਨਾਨਕ ! ਮੁੜ ਕੇ ਜੁਦਾ[100] ਨਹੀਂ ਹੁੰਦੇ।
ਗੁਰ ਪੀਰਾਂ[4] ਕੀ ਚਾਕਰੀ[5] ਮਹਾਂ[6] ਕਰੜੀ[7] ਸੁਖ[8] ਸਾਰੁ[9] ॥	Supremely[6] difficult[7] is the service[5] of the Guru and the spiritual guides[4], but, in it is the essence[9] of bliss[8].	ਪਰਮ[6] ਔਖੀ[7] ਹੈ, ਗੁਰੂ ਅਤੇ ਰੂਹਾਨੀ ਰਹਿਬਰਾਂ[4] ਦੀ ਟਹਿਲ ਸੇਵਾ[5], ਪਰ ਇਸ ਦੇ ਅੰਦਰ ਹੀ ਖ਼ੁਸ਼ੀ[8] ਦਾ ਜੌਹਰ[9] ਹੈ।
ਨਦਰਿ[10] ਕਰੇ[12] ਜਿਸੁ ਆਪਣੀ ਤਿਸੁ[13] ਲਾਏ[14] ਹੇਤ[15] ਪਿਆਰੁ[16] ॥	He on whom the Lord casts[12] His merciful glance[10], him[13], He inspires[14] with His love[15] and affection[16].	ਜਿਸ ਉਤੇ ਸੁਆਮੀ ਆਪਣੀ ਮਿਹਰ ਦੀ ਨਜ਼ਰ[10] ਧਾਰਦਾ[12] ਹੈ, ਉਸ[13] ਨੂੰ ਉਹ ਆਪਣੀ ਪ੍ਰੀਤ[15] ਤੇ ਪਿਰਹੜੀ[16] ਲਾ ਦਿੰਦਾ[14] ਹੈ।
ਸਤਿਗੁਰ ਕੀ ਸੇਵੈ[17] ਲਗਿਆ[18] [19]ਭਉਜਲੁ[20] ਤਰੈ[21] ਸੰਸਾਰੁ[22] ॥	Attached[18] to the True Guru's service[17], the world[22] crosses[21] the terrible[19] world ocean[20].	ਸਚੇ ਗੁਰਾਂ ਦੀ ਘਾਲ[17] ਅੰਦਰ ਜੁੜਨ[18] ਦੁਆਰਾ, ਦੁਨੀਆਂ[22] ਭਿਆਨਕ[19] ਜਗ ਸਮੁੰਦਰ[20] ਤੋਂ ਪਾਰ ਹੋ ਜਾਂਦੀ[21] ਹੈ।
ਮਨ[23] ਚਿੰਦਿਆ[24] ਫਲੁ[25] ਪਾਇਸੀ[26] ਅੰਤਰਿ[27] ਬਿਬੇਕ[28] ਬੀਚਾਰੁ[29] ॥	He, within whose mind[27] is discriminating[28] contemplation[29], obtains[26] his heart[23] desired[24] fruit[25].	ਜਿਸ ਦੇ ਚਿਤ[27] ਅੰਦਰ ਤੀਬਰ ਗਿਆਤਾ[28] ਦਾ ਸਿਮਰਨ[29] ਹੈ, ਉਹ ਆਪਣਾ [23]ਦਿਲ-ਚਾਹੁੰਦਾ[24] ਮੇਵਾ[25] ਪਾ ਲੈਂਦਾ[26] ਹੈ।
ਨਾਨਕ ਸਤਿਗੁਰ ਮਿਲਿਐ ਪ੍ਰਭੁ ਪਾਈਐ ਸਭੁ ਦੂਖ[30] ਨਿਵਾਰਣਹਾਰੁ[31] ॥੧੬॥	Nanak, meeting with the True Guru, one attains his Lord, the Remover[31] of all the sorrows[30].	ਨਾਨਕ, ਸਚੇ ਗੁਰਾਂ ਨਾਲ ਮਿਲਣ ਦੁਆਰਾ, ਇਨਸਾਨ, ਸਾਰੇ ਦੁਖੜਿਆਂ[30] ਨੂੰ ਦੂਰ ਕਰਨ ਵਾਲੇ[31], ਆਪਣੇ ਪ੍ਰਭੂ ਨੂੰ ਪਰਾਪਤ ਕਰ ਲੈਂਦਾ ਹੈ।

ਮਨਮੁਖ[32] ਸੇਵਾ[33] ਜੋ[34] ਕਰੇ[35] ਦੂਜੈ[36] ਭਾਇ[37] ਚਿਤੁ[38] ਲਾਇ[39] ।	The perverse person[32], who[34] performs[35] service[33], but, attaches[39] his mind[38] to another's love[37],	ਪ੍ਰਤੀਕੂਲ ਪੁਰਸ਼[32], ਜਿਹੜਾ[34] ਘਾਲ[33] ਕਮਾਉਂਦਾ[35] ਹੈ, ਪ੍ਰੰਤੂ ਉਹ ਆਪਣੇ ਮਨ[38] ਨੂੰ ਹੋਰਸ[36] ਦੇ ਪਿਆਰ[37] ਨਾਲ ਜੋੜਦਾ[39] ਹੈ ।
ਪੁਤੁ[40] ਕਲਤੁ[41] ਕੁਟੰਬੁ[42] ਹੈ ਮਾਇਆ[43] ਮੋਹ[44] ਵਧਾਇ[45] ॥	He increases[45] his love[44] of wealth[43], his sons[40], wife[41] and kinsmen[42].	ਉਹ ਧਨ-ਦੌਲਤ[43], ਆਪਣੇ ਪੁਤ੍ਰਾਂ[40], ਪਤਨੀ[41] ਅਤੇ ਸਨਬੰਧੀਆਂ[42] ਦੇ ਪਿਆਰ[44] ਨੂੰ ਵਧੇਰਾ ਕਰੀ ਜਾਂਦਾ[45] ਹੈ ।
ਦਰਗਹਿ[46] ਲੇਖਾ[47] ਮੰਗੀਐ[48] ਕੋਈ ਅੰਤਿ[49] ਨ ਸਕੀ ਛਡਾਇ[50] ॥	He shall be called[48] to account[47] in the Lord's Court[46]. No one can save[50] him in the end[49].	ਪ੍ਰਭੂ ਦੇ ਦਰਬਾਰ[46] ਅੰਦਰ[46] ਉਸ ਪਾਸੋਂ ਹਿਸਾਬ ਕਿਤਾਬ[47] ਪੁਛਿਆ ਜਾਵੇਗਾ[48] । ਅਖੀਰ[49] ਨੂੰ ਉਸ ਨੂੰ ਕੋਈ ਭੀ ਬੰਦ-ਖ਼ਲਾਸ[50] ਨਹੀਂ ਕਰਵਾ ਸਕਦਾ ।
ਬਿਨੁ ਨਾਵੈ ਸਭੁ ਦੁਖੁ[51] ਹੈ ਦੁਖਦਾਈ[52] ਮੋਹੁ[53] ਮਾਇ[54] ॥	Without the Lord's Name all is misery[51]. Agonising[52] is the love[53] of mammon[54].	ਪ੍ਰਭੂ ਦੇ ਨਾਮ ਦੇ ਬਗ਼ੈਰ ਸਭ ਮੁਸੀਬਤ[51] ਹੀ ਹੈ । ਕਸ਼ਟ ਦੇਣਹਾਰ[52] ਹੈ ਮਾਇਆ[54] ਦੀ ਮਮਤਾ[53] ।
ਨਾਨਕ ਗੁਰਮੁਖਿ[55] ਨਦਰੀ ਆਇਆ[56] ਮੋਹ ਮਾਇਆ[57] ਵਿਛੁੜਿ[58] ਸਭ[59] ਜਾਇ ॥ ੧੭॥	Nanak, through the Guru[55], the mortal realises[56] that because of the love of mammon[57] all[59] are separated[58] from their Lord.	ਨਾਨਕ, ਗੁਰਾਂ[55] ਦੇ ਰਾਹੀਂ ਪ੍ਰਾਣੀ ਅਨੁਭਵ ਕਰ ਲੈਂਦਾ[56] ਹੈ ਕਿ ਮੋਹਣੀ[57] ਦੀ ਮਮਤਾ ਦੇ ਸਬਬ ਸਾਰੇ[59] ਜਣੇ ਆਪਣੇ ਸੁਆਮੀ ਨਾਲੋਂ ਜੁਦਾ[58] ਹੋ ਜਾਂਦੇ ਹਨ ।
ਗੁਰਮੁਖਿ[60] ਹੁਕਮੁ[61] ਮੰਨੇ[62] ਸਹ[63] ਕੇਰਾ[64] ਹੁਕਮੇ[65] ਹੀ ਸੁਖੁ[66] ਪਾਏ ॥	The Guru-ward[60] obeys[62] the order[61] of[64] her Spouse[63] and attains peace[66] in His will[65].	ਗੁਰੂ-ਅਨੁਸਾਰਨ[66] ਆਪਣੇ ਕੰਤ[63] ਦੇ ਫ਼ੁਰਮਾਨ[61] ਦੀ[64] ਪਾਲਣਾ[62] ਕਰਦੀ ਅਤੇ ਉਸ ਦੀ ਰਜ਼ਾ[65] ਵਿਚ ਆਰਾਮ[66] ਪਾਉਂਦੀ ਹੈ ।
ਹੁਕਮੇ ਸੇਵੇ[67] ਹੁਕਮੁ ਅਰਾਧੇ[68] ਹੁਕਮੇ ਸਮੈ[69] ਸਮਾਏ[70] ॥	In his will, she serves[67], in His will, she contemplates[68] and in His will, she merges[69] and makes others merge[70] in the Lord.	ਉਸ ਦੀ ਰਜ਼ਾ ਅੰਦਰ, ਉਹ ਘਾਲ ਕਮਾਉਂਦੀ[67] ਹੈ, ਉਸ ਦੀ ਰਜ਼ਾ ਅੰਦਰ ਉਹ ਸਿਮਰਨ ਕਰਦੀ[68] ਹੈ ਅਤੇ ਉਸ ਦੀ ਰਜ਼ਾ ਅੰਦਰ ਹੀ ਉਹ ਸਾਂਈਂ ਵਿਚ ਲੀਨ ਹੁੰਦੀ[69] ਤੇ ਹੋਰਨਾਂ ਨੂੰ ਲੀਨ[70] ਕਰਵਾਉਂਦੀ ਹੈ ।
੧੪੨੩		
ਹੁਕਮੁ ਵਰਤੁ[71] ਨੇਮੁ[72] ਸੁਚ[73] ਸੰਜਮੁ[74] ਮਨ[75] ਚਿੰਦਿਆ[76] ਫਲੁ[77] ਪਾਏ ॥	To abide in the Lord's will, is her fasting[71], vow[72], purity[73] and self-restraint[74] and through it, she obtains the fruits[77], her mind[75] desires[76].	ਸਾਂਈਂ ਦੀ ਰਜ਼ਾ ਅੰਦਰ ਰਹਿਣਾ ਉਸ ਦਾ ਉਪਹਾਸ[71], ਪ੍ਰਤਿਗਿਆ[72], ਪਵਿੱਤਰਤਾ[73] ਤੇ ਸਵੈ-ਜ਼ਬਤ[74] ਹੈ ਅਤੇ ਇਸ ਰਾਹੀਂ ਹੀ, ਉਹ ਆਪਣੇ [75]ਚਿਤ-ਚਾਹੁੰਦੇ[76] ਮੇਵੇ[77] ਪਾਉਂਦੀ ਹੈ ।
ਸਦਾ ਸੁਹਾਗਣਿ[78] ਜਿ ਹੁਕਮੈ[79] ਬੁਝੈ[80] ਸਤਿਗੁਰੁ ਸੇਵੈ[81] ਲਿਵ[82] ਲਾਏ[83] ॥	Ever a chaste bride[78] is she, who realises[80] her Lord's will[79] and, inspired[83] with love[82], serves[81] the True Guru.	ਸਦੀਵ ਹੀ ਸਤਿਵੰਤੀ ਪਤਨੀ[78] ਹੈ, ਉਹ ਜੋ ਆਪਣੇ ਸਾਂਈਂ ਦੀ ਰਜ਼ਾ[79] ਨੂੰ ਅਨੁਭਵ ਕਰਦੀ[80] ਹੈ ਅਤੇ ਪ੍ਰੀਤ[82] ਲਾ ਕੇ[83] ਸਚੇ ਗੁਰਾਂ ਦੀ ਘਾਲ ਕਮਾਉਂਦੀ[81] ਹੈ ।
ਨਾਨਕ ਕ੍ਰਿਪਾ[84] ਕਰੇ[86] ਜਿਨ ਊਪਰਿ[85] ਤਿਨਾ[86]*	Nanak, they, on[85] whom the Lord showers[86] His benediction[84], them[86]*	ਨਾਨਕ, ਜਿਨ੍ਹਾਂ, ਉਤੇ[85] ਸੁਆਮੀ ਆਪਣੀ ਮਿਹਰ[84] ਧਾਰਦਾ[86] ਹੈ; ਉਨ੍ਹਾਂ[86]* ਨੂੰ ਉਹ ਆਪਣੀ ਰਜ਼ਾ ਅੰਦਰ

ਹੁਕਮੇ ਲਏ ਮਿਲਾਏ[87] ॥ ੧੮ ॥	He merges[87] in His will.	ਲੀਨ[87] ਕਰ ਲੈਂਦਾ ਹੈ ।
ਮਨਮੁਖਿ[88] ਹੁਕਮੁ[89] ਨ ਬੁਝੈ[90] ਬਪੁੜੀ[91] ਨਿਤ[92] ਹਉਮੈ[93] ਕਰਮ[94] ਕਮਾਇ[95] ॥	The wretched[91] apostate[88] realises[90] not her Lord's will[89] and ever[92] does deeds[94] in ego[93].	ਬਦਬਖ਼ਤ[91] ਅਧਰਮਣ[88] ਆਪਣੇ ਸੁਆਮੀ ਦੀ ਰਜ਼ਾ[89] ਨੂੰ ਅਨੁਭਵ[90] ਨਹੀਂ ਕਰਦੀ ਅਤੇ ਸਦਾ[92] ਹੰਕਾਰ[93] ਅੰਦਰ ਕੰਮ[94] ਕਰਦੀ[95] ਹੈ ।
ਵਰਤ[96] ਨੇਮੁ[97] ਸੁਚ[98] ਸੰਜਮੁ[99] ਪੂਜਾ[100] ਪਾਖੰਡਿ[2] ਭਰਮੁ[3] ਨ ਜਾਇ[4] ॥	Practising fastings[96], religious routines[97], piety[98], self-discipline[99] and worship[100], hypocrisy[2] and doubt[3] depart[4] not.	ਉਪਹਾਸਾਂ[96], ਧਾਰਮਕ ਨਿਤ ਕਰਮਾਂ[97], ਸੁਚਮਤਾ[99], ਸਵੈ-ਜ਼ਬਤ[99] ਅਤੇ ਉਪਾਸ਼ਨਾ[100] ਦੀ ਕਮਾਈ ਕਰਨ ਦੁਆਰਾ, ਦੰਭ[2] ਅਤੇ ਸੰਦੇਹ[3] ਦੂਰ[4] ਨਹੀਂ ਹੁੰਦੇ ।
ਅੰਤਰਹੁ[5] ਕੁਸੁਧੁ[6] ਮਾਇਆ[7] ਮੋਹਿ[8] ਬੇਧੇ[9] ਜਿਉ[10] ਹਸਤੀ[12] ਛਾਰੁ[13]ਉਡਾਏ[14]॥	They are impure[6] from within[5], are pierced through[9] with the love[8] of riches[7] and are like[10] the elephant[12], who, after bathing, throws[14] dust[13] on Himself	ਉਹ ਅੰਦਰੋਂ[5] ਮਲੀਣ[6] ਹਨ, ਧਨ-ਦੌਲਤ[7] ਦੀ ਲਗਨ[8] ਨਾਲ ਵਿੰਨ੍ਹੇ ਹੋਏ[9] ਹਨ ਅਤੇ ਮੈਗਲ[12] ਦੀ ਮਾਨੌਂਦ[10] ਹਨ, ਜੋ ਨਹਾ ਕੇ, ਆਪਣੇ ਉਤੇ ਮਿੱਟੀ ਘਟਾ[13] ਪਾਉਂਦਾ[14] ਹੈ ।
ਜਿਨਿ ਉਪਾਏ[15] ਤਿਸੈ[16] ਨ ਚੇਤਹਿ[17] ਬਿਨੁ ਚੇਤੇ ਕਿਉ ਸੁਖੁ ਪਾਏ ॥	They contemplate[17] not Him[16], who created[15] them. How can they obtain peace without His contemplation ?	ਉਹ ਉਸ[16] ਦਾ ਭਜਨ[17] ਨਹੀਂ ਕਰਦੇ, ਜਿਸ ਨੇ ਉਨ੍ਹਾਂ ਨੂੰ ਰਚਿਆ[15] ਹੈ । ਉਸ ਦੇ ਭਜਨ ਦੇ ਬਗ਼ੈਰ ਉਹ ਆਰਾਮ ਕਿਸ ਤਰ੍ਹਾਂ ਪਾ ਸਕਦੇ ਹਨ ?
ਨਾਨਕ ਪਰਪੰਚੁ[18] ਕੀਆ[19] ਧੁਰਿ[20] ਕਰਤੈ[21] ਪੂਰਬਿ[22] ਲਿਖਿਆ[23] ਕਮਾਏ[24] ॥ ੧੯ ॥	Nanak, the [21]Creator-Lord[20] has created[19] the world[18] and mortal does[24] what is [22]pre-ordained[23] for him.	ਨਾਨਕ ਸਿਰਜਣਹਾਰ[21] ਸੁਆਮੀ[20] ਨੇ ਸੰਸਾਰ[18] ਰਚਿਆ[19] ਹੈ ਅਤੇ ਪ੍ਰਾਣੀ ਉਹੋ ਕੁਛ ਕਰਦਾ[24] ਹੈ, ਜੋ ਉਸ ਲਈ ਮੁੱਢ[22] ਤੋਂ ਲਿਖਿਆ ਹੋਇਆ[23] ਹੈ ।
ਗੁਰਮੁਖਿ[25] ਪਰਤੀਤਿ[26] ਭਈ ਮਨੁ ਮਾਨਿਆ[27] ਅਨਦਿਨੁ[28] ਸੇਵਾ[29] ਕਰਤ[31] ਸਮਾਇ[30] ॥	The Guru-ward[25] has faith[26] in his Lord and his mind is pleased[27]; performing[29] the Lord's service night and day[28], he merges[30] in him.	ਗੁਰੂ-ਅਨੁਸਾਰੀ[25] ਦਾ ਭਰੋਸਾ[26] ਆਪਣੇ ਪ੍ਰਭੂ ਉਤੇ ਹੈ ਅਤੇ ਉਸ ਦਾ ਚਿਤ ਪ੍ਰਸੰਨ[27] ਹੈ; ਰੈਣ ਤੇ ਦਿਹੁੰ[24] ਪ੍ਰਭੂ ਦੀ ਘਾਲ ਕਮਾ[29], ਉਹ ਉਸ ਅੰਦਰ ਲੀਨ ਹੋ ਜਾਂਦਾ[30] ਹੈ ।
ਅੰਤਰਿ[32] ਸਤਿਗੁਰੁ ਗੁਰੂ[33] ਸਭ[34] ਪੂਜੇ[35] ਸਤਿਗੁਰ ਕਾ ਦਰਸੁ[36] ਦੇਖੈ ਸਭ ਆਇ ॥	The Great God[33] abides within the True Guru's mind[32]. Everyone[34] adores[35] him and everyone comes to see his vision[36].	ਵਿਸ਼ਾਲ ਵਾਹਿਗੁਰੂ[33] ਸਚੇ ਗੁਰਾਂ ਦੇ ਹਿਰਦੇ[32] ਅੰਦਰ ਵਸਦਾ ਹੈ । ਹਰ ਕੋਈ[34] ਉਨ੍ਹਾਂ ਦੀ ਉਪਾਸ਼ਨਾ ਕਰਦਾ[35] ਤੇ ਹਰ ਕੋਈ ਆ ਕੇ ਉਨ੍ਹਾਂ ਦਾ ਦਰਸ਼ਨ[36] ਵੇਖਦਾ ਹੈ ।
ਮੰਨੀਐ[37] ਸਤਿਗੁਰ ਪਰਮ[38] ਬੀਚਾਰੀ[39] ਜਿਤੁ ਮਿਲਿਐ ਤਿਸਨਾ[40] ਭੁਖ[41] ਸਭ ਜਾਇ[42] ॥	Believe[37] thou in the True Guru, the great[38] discriminator[39], meeting with whom, one's thirst[40] and hunger[41] all depart[42].	ਤੂੰ ਮਹਾਨ[38] ਵਿਚਾਰਵਾਨ[39], ਸਚੇ ਗੁਰਾਂ ਉਤੇ ਭਰੋਸਾ ਧਾਰ[37], ਜਿਨ੍ਹਾਂ ਨਾਲ ਮਿਲਣ ਦੁਆਰਾ ਪਿਆਸ[40] ਅਤੇ ਖੁਧਿਆ[41] ਸਮੂਹ ਦੂਰ[42] ਹੋ ਜਾਂਦੀਆਂ ਹਨ ।
ਹਉ[43] ਸਦਾ ਸਦਾ[44] ਬਲਿਹਾਰੀ[45]	Ever[44] am I[43] a sacrifice unto	ਸਦੀਵ[44] ਹੀ ਮੈਂ[43] ਆਪਣੇ ਗੁਰਦੇਵ ਜੀ ਉਤੋਂ

ਗੁਰ ਅਪੁਨੇ ਜੋ ਪ੍ਰਭੁ ਸਚਾ ਦੇਇ ਮਿਲਾਇ ॥	my Guru, who makes me meet with the True Lord.	ਘੋਲੀ ਵੰਞਦਾ[45] ਹਾਂ, ਜੋ ਮੈਨੂੰ ਸਚੇ ਸੁਆਮੀ ਦੇ ਨਾਲ ਮਿਲਾ ਦਿੰਦੇ ਹਨ ।
ਨਾਨਕ ਕਰਮੁ[46] ਪਾਇਆ[47] ਤਿਨ[48] ਸਚਾ[49] ਜੋ ਗੁਰ ਚਰਣੀ[50] ਲਗੇ[51] ਆਇ ॥ ੨੦॥	Nanak, they[48] alone are blessed[47] with true[49] destiny[46], who come and fall[51] at the Guru's feet[50].	ਨਾਨਕ, ਕੇਵਲ ਉਨ੍ਹਾਂ[48] ਨੂੰ ਹੀ ਅਸਲੀ[49] ਪ੍ਰਾਲਭਧ[46] ਪਰਾਪਤ[47] ਹੁੰਦੀ ਹੈ, ਜੋ ਆ ਕੇ ਗੁਰਾਂ ਦੇ ਪੈਰੀਂ[50] ਢਹਿ ਪੈਂਦੇ[51] ਹਨ ।
ਜਿਨ[52] ਪਿਰੀਆ[53] ਸਉ[54] ਨੇਹੁ[55] ਸੋ[56] ਸਜਣੁ[57] ਮੈ ਨਾਲਿ ॥	The Beloved[53], with[54] whom[52] I have love[55], that[56] friend[57] is with me.	ਪ੍ਰੀਤਮ[53], ਜਿਸ[52] ਨਾਲ[54] ਮੇਰਾ ਪਿਆਰ[55] ਹੈ, ਉਹ[56] ਮਿੱਤਰ[57] ਮੇਰੇ ਸਾਥ ਹੀ ਹੈ ।
ਅੰਤਰਿ ਬਾਹਰਿ ਹਉ ਫਿਰਾਂ[58] ਭੀ[59] ਹਿਰਦੈ[60] ਰਖਾ ਸਮਾਲਿ[61] ॥੨੧॥	I walk[58] within and without my home but, in every case[59], remember[61] I him in my mind[60].	ਮੈਂ ਆਪਣੇ ਘਰ ਦੇ ਅੰਦਰ ਅਤੇ ਬਾਹਰ ਫਿਰਦਾ[58] ਹਾਂ ਪ੍ਰੰਤੂ, ਹਰ ਹਾਲਤ ਵਿਚ[59], ਮੈਂ ਉਸ ਨੂੰ ਆਪਣੇ ਮਨ[60] ਅੰਦਰ ਯਾਦ ਕਰਦਾ[61] ਹਾਂ ।
ਜਿਨਾ ਇਕ ਮਨਿ[62] ਇਕ ਚਿਤਿ[63] ਧਿਆਇਆ[64] ਸਤਿਗੁਰ ਸਉ[65] ਚਿਤੁ[66] ਲਾਇ[67] ॥	They, who remember[64] God with single-mindedness[62]and single heartedly[63] attach[67] their soul[66] to[65] the True Guru.	ਜੋ, ਇਕ ਮਨੂਏ[62] ਤੇ ਇਕ ਦਿਲ[63] ਨਾਲ ਹਰੀ ਨੂੰ ਸਿਮਰਦੇ[64] ਹਨ ਅਤੇ ਆਪਣੀ ਆਤਮਾ[66] ਨੂੰ ਸਚੇ ਗੁਰਾਂ ਨਾਲ[65] ਜੋੜਦੇ[67] ਹਨ ।
ਤਿਨ[68] ਕੀ ਦੁਖ[69] ਭੁਖ[70] ਹਉਮੈ[71] ਵਡਾ[72] ਰੋਗੁ[73] ਗਇਆ[74] ਨਿਰਦੋਖ[75] ਭਏ[77] ਲਿਵ ਲਾਇ[76] ॥	They[68] are rid[74] of pain[69], hunger[70] and the great[72] malady[73] of ego[71] and attuned[76] to God, they become[77] disease-free[75].	ਉਹ[68] ਪੀੜ[69],ਖੁਧਿਆ[70] ਅਤੇ ਹੰਕਾਰ[71] ਵਰਗੀ ਭਾਰੀ[72] ਬੀਮਾਰੀ[73] ਤੋਂ ਖ਼ਲਾਸੀ[74] ਪਾ ਜਾਂਦੇ ਹਨ ਤੇ ਹਰੀ ਨਾਲ ਪ੍ਰੇਮ ਪਾ[76] ਰੋਗ-ਰਹਿਤ[76] ਬੀ ਵੰਞਦੇ[77] ਹਨ ।
ਗੁਣ[78] ਗਾਵਹਿ[79] ਗੁਣ ਉਚਰਹਿ[80] ਗੁਣ ਮਹਿ[81] ਸਵੈ[82] ਸਮਾਇ[83] ॥	The Lord's praise[78] they sing[79], the Lord's praise they utter[80] and in[81] the Lord's praise they sleep[82] and merge[83].	ਪ੍ਰਭੂ ਦਾ ਜੱਸ[78] ਉਹ ਗਾਉਂਦੇ[79] ਹਨ, ਪ੍ਰਭੂ ਦਾ ਜੱਸ ਉਹ ਉਚਾਰਦੇ[80] ਹਨ ਅਤੇ ਪ੍ਰਭੂ ਦੇ ਜੱਸ ਅੰਦਰ[81] ਹੀ ਉਹ ਸੌਂਦੇ[82] ਅਤੇ ਲੀਨ[83] ਹੁੰਦੇ ਹਨ ।
ਨਾਨਕ ਗੁਰ ਪੂਰੇ[84] ਤੇ[85] ਪਾਇਆ ਸਹਜਿ[86]ਮਿਲਿਆ ਪ੍ਰਭੁ ਆਇ[87] ॥੨੨॥	Nanak, it is through[85] the Perfect[84] Guru, that they attain unto the Lord, who then comes[87] and easily[86] meets them.	ਨਾਨਕ, ਪੂਰਨ[84] ਗੁਰਾਂ ਦੇ ਰਾਹੀਂ[85] ਹੀ ਉਹ ਪ੍ਰਭੂ ਨੂੰ ਪਰਾਪਤ ਹੁੰਦੇ ਹਨ, ਜੋ ਕਿ ਤਦ ਆ[87] ਕੇ ਸੁਖੈਨ[86] ਹੀ ਉਨ੍ਹਾਂ ਨੂੰ ਮਿਲ ਪੈਂਦਾ ।
ਮਨਮੁਖਿ[88] ਮਾਇਆ[89] ਮੋਹੁ[90] ਹੈ ਨਾਮਿ ਨ ਲਗੈ[91] ਪਿਆਰੁ[92] ॥	The egocentric[88] feels love[90] for wealth[89] and enshrines[91] not affection[92] for the Lord's Name.	ਮਨਮਤੀਏ[88] ਦਾ ਧਨ-ਦੌਲਤ[89] ਨਾਲ ਪਿਆਰ[90] ਹੈ ਅਤੇ ਉਹ ਪ੍ਰਭੂ ਦੇ ਨਾਮ ਨਾਲ ਪ੍ਰੀਤ[92] ਨਹੀਂ ਪਾਉਂਦਾ[91] ।
ਕੂੜੁ[93] ਕਮਾਵੈ[94] ਕੂੜੁ ਸੰਘਰੈ[95] ਕੂੜਿ ਕਰੈ[96] ਆਹਾਰੁ[97] ॥	He practises[94] falsehood[93], amasses[95] falsehood and partakes[96] of the food of falsehood[97].	ਉਹ ਝੂਠ[83] ਦੀ ਕਮਾਈ[94] ਕਰਦਾ ਹੈ, ਝੂਠ ਨੂੰ ਇਕੱਤਰ[95] ਕਰਦਾ ਹੈ ਅਤੇ ਝੂਠ[97] ਦਾ ਹੀ ਖਾਣਾ[97] ਖਾਂਦਾ[96] ਹੈ ।

ਬਿਖੁ[98] ਮਾਇਆ[99] ਧਨੁ[100] ਸੰਚਿ[2] ਮਰਹਿ ਅੰਤਿ[3] ਹੋਇ[4] ਸਭੁ ਛਾਰੁ[5] ॥

He dies gathering[2] the poisonous[98] property[99] and wealth[100] and, in the end[3], all is reduced[4] to ashes[5].

ਉਹ ਜ਼ਹਿਰੀਲੀ[98] ਜਾਇਦਾਦ[99] ਅਤੇ ਦੌਲਤ[100] ਜਮ੍ਹਾਂ ਕਰਕੇ[2] ਮਰ ਜਾਂਦਾ ਹੈ ਅਤੇ ਅਖ਼ੀਰ[3] ਨੂੰ ਸਮੂਹ ਸੁਆਹ[5] ਹੀ ਥੀ ਵੰਞਦਾ[4] ਹ ।

ਕਰਮ[6] ਧਰਮ[7] ਸੁਚਿ[8] ਸੰਜਮੁ[9] ਕਰਹਿ[10] ਅੰਤਰਿ[12] ਲੋਭੁ[13] ਵਿਕਾਰ[14] ॥

He performs[10] religious[7] ceremonies[6], purification[8] and self-restraint[9], but, within[12] him, is the sin[14] of avarice[13].

ਉਹ ਧਾਰਮਕ[7] ਸੰਸਕਾਰ[6], ਸੁਚਮਤਾਈਆਂ[8] ਤੇ ਸਵੈ-ਜ਼ਬਤ[9] ਕਮਾਉਂਦਾ[10] ਹੈ, ਪ੍ਰੰਤੂ, ਉਸ ਦੇ ਅੰਦਰ[12] ਲਾਲਚ[13] ਦਾ ਪਾਪ[14] ਹੈ ।

ਨਾਨਕ ਮਨਮੁਖਿ ਜਿ[15] ਕਮਾਵੈ ਸੁ[16] ਥਾਇ[17] ਨ ਪਵੈ ਦਰਗਹ[18] ਹੋਇ[20] ਖੁਆਰੁ[19] ॥੨੩॥

Nanak, whatever[15] the egocentric does, that[16] becomes not acceptable[17] and, in the Lord's Court[18], He becomes[20] miserable[19].

ਨਾਨਕ, ਜਿਹੜਾ ਕੁਛ[15] ਮਨਮਤੀਆ ਕਰਦਾ ਹੈ, ਉਹ[16] ਕਬੂਲ[17] ਨਹੀਂ ਪੈਂਦਾ ਅਤੇ ਪ੍ਰਭੂ ਦੇ ਦਰਬਾਰ[18] ਅੰਦਰ ਉਹ ਆਵਾਜ਼ਾਰ[19] ਹੁੰਦਾ[20] ਹੈ ।

ਸਭਨਾ ਰਾਗਾਂ[20*] ਵਿਚਿ[21] ਸੋ[22] ਭਲਾ[23] ਭਾਈ[24] ਜਿਤੁ[25] ਵਸਿਆ[26] ਮਨਿ ਆਇ ॥

Amongst[21] all the musical measures[20*], that[22] alone is sublime[23], O brother[24], by which[26] the Lord comes to abide[26] into the mind.

ਸਾਰੀਆਂ ਸੁਰੀਲੀਆਂ ਸੁਰਾਂ[20*] ਵਿਚੋਂ[21], ਕੇਵਲ ਉਹ[22] ਹੀ ਸ੍ਰੇਸ਼ਟ[23] ਹੈ, ਹੇ ਵੀਰ[24] ! ਜਿਸ ਦੁਆਰਾ[25] ਪ੍ਰਭੂ ਆ ਕੇ ਚਿਤ ਅੰਦਰ ਟਿਕ ਜਾਂਦਾ[26] ਹੈ ।

ਰਾਗੁ[27] ਨਾਦੁ[28] ਸਭੁ ਸਚੁ ਹੈ ਕੀਮਤਿ[29] ਕਹੀ[30] ਨ ਜਾਇ ॥

The melodies[27], in which the Guru's word[28] is sung, are all true. Their worth[29] can be told[30] not.

ਜਿਨ੍ਹਾਂ ਤ੍ਰਾਨਿਆਂ[27], ਵਿਚ ਗੁਰਾਂ ਦੀ ਬਾਣੀ[28] ਗਾਇਨ ਕੀਤੀ ਜਾਂਦੀ ਹੈ, ਉਹ ਸਾਰੇ ਸਚੇ ਹਨ । ਉਨ੍ਹਾਂ ਦਾ ਮੁੱਲ[29] ਦਸਿਆ[30] ਨਹੀਂ ਜਾ ਸਕਦਾ ;

ਰਾਗੈ ਨਾਦੈ[31] ਬਾਹਰਾ[32] ਇਨੀ[33] ਹੁਕਮੁ[34] ਨ ਬੂਝਿਆ[35] ਜਾਇ ॥

The Lord is beyond[32] melodies and airs[31]. Merely through these[33], His will[34] can be realised[35] not.

ਪ੍ਰਭੂ ਤਰਾਨਿਆਂ ਅਤੇ ਸੁਰੀਲੀਆਂ ਸੁਰਾਂ[31] ਤੋਂ ਪਰੇਰ[32] ਹੈ । ਨਿਰਾਪੁਰਾ ਇਨ੍ਹਾਂ[33] ਦੇ ਰਾਹੀਂ ਉਸ ਦੀ ਰਜ਼ਾ[31] ਅਨੁਭਵ[35] ਕੀਤੀ ਨਹੀਂ ਜਾ ਸਕਦੀ ।

ਨਾਨਕ ਹੁਕਮੈ ਬੂਝੈ ਤਿਨਾ[36] ਰਾਸਿ[37] ਹੋਇ ਸਤਿਗੁਰ ਤੇ ਸੋਝੀ[38] ਪਾਇ[39] ॥

Nanak, they[36] alone are right[37], who realise their Lord's will. It is they who are blessed[39] with understanding[38] by the True Guru.

ਨਾਨਕ, ਕੇਵਲ ਉਹ[36] ਹੀ ਦਰੁਸਤ[37] ਹੁੰਦੇ ਹਨ; ਜੋ ਸੁਆਮੀ ਦੀ ਰਜ਼ਾ ਨੂੰ ਅਨੁਭਵ ਕਰਦੇ ਹਨ । ਉਨ੍ਹਾਂ ਨੂੰ ਹੀ ਸਚੇ ਗੁਰਾਂ ਪਾਸੋਂ ਸਮਝ[38] ਪ੍ਰਦਾਨ[39] ਹੁੰਦੀ ਹੈ ।

ਸਭੁ ਕਿਛੁ[40] ਤਿਸ[41] ਤੇ[42] ਹੋਇਆ ਜਿਉ[43] ਤਿਸੈ[44] ਦੀ ਰਜਾਇ[45] ॥੨੪॥

Everything[40] comes to pass through[42] Him[41], as[43] per His[44] will[45].

ਹਰ ਇਕ ਚੀਜ਼[40] ਉਸ[41] ਦੇ ਰਾਹੀਂ[42] ਹੀ ਉਸ[44] ਦੇ ਭਾਣੇ[42] ਅਨੁਸਾਰ[43] ਹੁੰਦੀ ਹੈ ।

ਸਤਿਗੁਰਿ ਵਿਚਿ[46] ਅੰਮ੍ਰਿਤੁ[47] ਨਾਮੁ ਹੈ ਅੰਮ੍ਰਿਤੁ ਕਹੈ[48] ਕਹਾਇ ॥

Within[46] the True Guru is enshrined the Lord's Nectar Name[47]. It is the Nectar Name that he utters[48] and makes others utter too.

ਸਚੇ ਗੁਰਾਂ ਦੇ ਅੰਦਰ[46] ਸੁਆਮੀ ਦਾ ਸੁਧਾਰੂਪ-ਨਾਮ[47] ਅਸਥਾਪਨ ਹੋਇਆ ਹੋਇਆਂ ਹੈ । ਸੁਧਾਰੂਪ-ਨਾਮ ਨੂੰ ਉਹ ਉਚਾਰਦੇ[48] ਅਤੇ ਹੋਰਨਾਂ ਤੋਂ ਭੀ ਉਚਾਰਨ ਕਰਵਾਉਂਦੇ ਹਨ ।

ਗੁਰਮਤੀ[49] ਨਾਮੁ ਨਿਰਮਲੁ[50] ਨਿਰਮਲ ਨਾਮੁ ਧਿਆਇ[51] ॥

By the Guru's instruction[49], one meditates[51] on the immaculate[50] Name, yea, the Lord's immaculate Name.

ਗੁਰਾਂ ਤੇ ਉਪਦੇਸ[49] ਦੁਆਰਾ, ਬੰਦਾ ਪਵਿੱਤਰ[50] ਨਾਮ, ਪ੍ਰਭੂ ਦੇ ਪਵਿੱਤਰ ਨਾਮ ਦਾ ਸਿਮਰਨ ਕਰਦਾ[91] ਹੈ ।

ਅੰਮ੍ਰਿਤ ਬਾਣੀ ਤਤੁ[52] ਹੈ ਗੁਰਮੁਖਿ[53] ਵਸੈ[54] ਮਨਿ ਆਇ ॥

The Nectar-word of the True Guru is the quintessence[52]. By the Guru's grace[53], it comes to abide[54] in the man's mind.

ਸਚੇ ਗੁਰਾਂ ਦੀ ਸੁਧਾ-ਸਰੂਪ ਬਾਣੀ ਜੌਹਰ[52] ਹੈ। ਗੁਰਾਂ ਦੀ ਮਿਹਰ[53] ਸਦਕਾ, ਇਹ ਆ ਕੇ ਮਨੁਸ਼ ਦੇ ਮਨੂਏ ਅੰਦਰ ਟਿਕ ਜਾਂਦੀ[54] ਹੈ।

ਹਿਰਦੈ[55] ਕਮਲੁ[56] ਪਰਗਾਸਿਆ[57] ਜੋਤੀ[58] ਜੋਤਿ[59] ਮਿਲਾਇ[60] ॥

Through it, the heart[55] lotus[56] blossoms[57] and his light[58] blends[60] with the Supreme Light[59].

ਇਸ ਦੇ ਰਾਹੀਂ ਦਿਲ[55] ਕੰਵਲ[56] ਖਿੜ ਜਾਂਦਾ[57] ਹੈ ਅਤੇ ਉਸ ਦਾ ਪ੍ਰਕਾਸ਼[58] ਪਰਮ ਪ੍ਰਕਾਸ਼[59] ਨਾਲ ਅਭੇਦ[60] ਥੀ ਵੰਞਦਾ ਹੈ।

੧੪੨੪

ਨਾਨਕ ਸਤਿਗੁਰੁ ਤਿਨ[61] ਕਉ ਮੇਲਿਓਨੁ[62] ਜਿਨ ਧੁਰਿ[63] ਮਸਤਕਿ[64] ਭਾਗੁ[65] ਲਿਖਾਇ[66] ॥੨੫॥

Nanak, they[61] alone meet[62] with the True Guru, on whose forehead[64] sublime destiny[65] is [63]pre-writ[66].

ਨਾਨਕ, ਕੇਵਲ ਉਹੀ[61] ਸਚੇ ਗੁਰਾਂ ਨਾਲ ਮਿਲਦੇ[62] ਹਨ, ਜਿਨ੍ਹਾਂ ਦੇ ਮਥੇ[64] ਉਤੇ ਸ੍ਰੇਸ਼ਟ ਪ੍ਰਾਲਭਧ[65] ਮੁੱਢ[63] ਤੋਂ ਲਿਖੀ ਹੋਈ[66] ਹੈ।

ਅੰਦਰਿ[67] ਤਿਸਨਾ[68] ਅਗਿ[69] ਹੈ ਮਨਮੁਖ[70] ਭੁਖ[71] ਨ ਜਾਇ[72] ॥

Within the mind[67] of an apostate[70] is the fire[69] of desire[68], so, his hunger[71] departs[72] not.

ਅਧਰਮੀ[70] ਦੇ ਮਨ[67] ਵਿਚ ਖ਼ਾਹਿਸ਼[68] ਦੀ ਅਗਨੀ[69] ਹੈ, ਇਸ ਲਈ ਉਸ ਦੀ ਖੁਧਿਆ[71] ਦੂਰ[72] ਨਹੀਂ ਹੁੰਦੀ।

ਮੋਹੁ[73] ਕੁਟੰਬੁ[74] ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ[75] ॥

Totally false is the love[73] of kinsmen[74] and, to falsehood an apostate is clinging[75].

ਸਮੂਹ ਝੂਠਾ ਹੀ ਹੈ ਸਨਬੰਧੀਆਂ[74] ਦਾ ਪਿਆਰ[73] ਅਤੇ ਝੂਠ ਨੂੰ ਹੀ ਅਧਰਮੀ ਚਿਮੜ[75] ਰਿਹਾ ਹੈ।

ਅਨਦਿਨੁ[76] ਚਿੰਤਾ[77] ਚਿੰਤਵੈ[78] ਚਿੰਤਾ ਬਧਾ[79] ਜਾਇ[80] ॥

Night and day[76], he gives thought[78] to anxiety[77] and bound[79] to anxiety departs[80] he.

ਰੈਣ ਅਤੇ ਦਿਹੁੰ[76], ਉਹ ਫ਼ਿਕਰ[77] ਦਾ ਹੀ ਖ਼ਿਆਲ[78] ਕਰਦਾ ਹੈ ਅਤੇ ਫ਼ਿਕਰ ਅੰਦਰ ਨਰੜਿਆ ਹੋਇਆ[79] ਹੀ ਟੁਰ ਜਾਂਦਾ[80] ਹੈ।

ਜੰਮਣੁ[81] ਮਰਣੁ[82] ਨ ਚੁਕਈ[83] ਹਉਮੈ[84] ਕਰਮ[85] ਕਮਾਇ[86] ॥

His comings[81] and goings[82] end[83] not and he does[86] deeds[85] in ego[84].

ਉਸ ਦੇ ਆਉਣੇ[81] ਅਤੇ ਜਾਣੇ[82] ਮੁਕਦੇ[83] ਨਹੀਂ ਅਤੇ ਉਹ ਹੰਕਾਰ[84] ਅੰਦਰ ਕੰਮ[85] ਕਰਦਾ[86] ਹੈ।

ਗੁਰ ਸਰਣਾਈ[87] ਉਬਰੈ[88] ਨਾਨਕ ਲਏ ਛਡਾਇ[89] ॥ ੨੬ ॥

Seeking the Guru's refuge[87], he is emancipated[88] and the Guru rids[89] him of the bonds, O Nanak.

ਗੁਰਾਂ ਦੀ ਪਨਾਹ[87] ਲੈਣ ਦੁਆਰਾ, ਉਹ ਮੁਕਤ ਹੋ ਜਾਂਦਾ[88] ਹੈ ਅਤੇ ਗੁਰੂ ਜੀ ਉਸ ਨੂੰ ਬੰਦਨਾਂ ਤੋਂ ਆਜ਼ਾਦ[89] ਕਰ ਦਿੰਦੇ ਹਨ, ਹੇ ਨਾਨਕ !

ਸਤਿਗੁਰ ਪੁਰਖੁ[90] ਹਰਿ ਧਿਆਇਦਾ[91] ਸਤ ਸੰਗਤਿ[92] ਸਤਿਗੁਰ ਭਾਇ[93] ॥

The True Guru meditates[91] on the Lord[90] God and the saints' congregation[92] loves[93] the True Guru.

ਸਚੇ ਗੁਰਦੇਵ ਸੁਆਮੀ ਵਾਹਿਗੁਰੂ[90] ਦਾ ਸਿਮਰਨ[91] ਕਰਦੇ ਹਨ ਅਤੇ ਸਾਧ ਸੰਗਤ[92] ਸਚੇ ਗੁਰਦੇਵ ਜੀ ਨੂੰ ਪਿਆਰ ਕਰਦੀ[93] ਹੈ।

ਸਤਸੰਗਤਿ ਸਤਿਗੁਰ ਸੇਵਦੇ[94] ਹਰਿ ਮੇਲੇ[95] ਗੁਰੁ ਮੇਲਾਇ[96] ॥

Joining the saints' society, they, who serve[94] the True Guru, them, the Guru unitess[96] in the Lord's union[95].

ਸਾਧ ਸੰਗਤ ਨਾਲ ਜੁੜ ਕੇ, ਜੋ ਸਚੇ ਗੁਰਾ ਦੀ ਘਾਲ[94] ਕਮਾਉਂਦੇ ਹਨ, ਉਨ੍ਹਾਂ ਨੂੰ ਗੁਰੂ ਜੀ ਪ੍ਰਭੂ ਦੇ ਮਿਲਾਪ[95] ਅੰਦਰ ਮਿਲਾ ਦਿੰਦੇ ਹਨ।

ਏਹੁ [47]ਭਉਜਲੁ[48] ਜਗਤੁ[49] ਸੰਸਾਰੁ[50] ਹੈ ਗੁਰੁ ਬੋਹਿਥੁ[51] ਨਾਮਿ ਤਰਾਇ[52] ॥

This world[49] and universe[50] is a dreadful[47] ocean[58]. Embarking on the ship[51] of the Lord's Name, the Guru ferries[52] the mortal across it.

ਇਹ ਜਹਾਨ[49] ਅਤੇ ਆਲਮ[50] ਇਕ ਭਿਆਨਕ[47] ਸਮੁੰਦਰ[48] ਹੈ। ਪ੍ਰਭੂ ਦੇ ਨਾਮ ਜਹਾਜ਼[51] ਤੇ ਚੜ੍ਹਾ ਕੇ, ਗੁਰੂ ਜੀ ਪ੍ਰਾਣੀ ਨੂੰ ਇਸ ਤੋਂ ਪਾਰ ਕਰ ਦਿੰਦੇ[52] ਹਨ।

ਗੁਰਸਿਖੀ[53] ਭਾਣਾ[54] ਮੰਨਿਆ[55] ਗੁਰੁ ਪੂਰਾ[56] ਪਾਰਿ ਲੰਘਾਇ ॥

The disciples[53] of the Guru accept[55] the Lord's will[54] and the Perfect[56] Guru ferries them across.

ਗੁਰਾਂ ਦੇ ਮੁਰੀਦ[53] ਪ੍ਰਭੂ ਦੀ ਰਜ਼ਾ[54] ਨੂੰ ਕਬੂਲ ਕਰਦੇ[55] ਹਨ ਅਤੇ ਪੂਰਨ[56] ਗੁਰੂ ਜੀ ਉਨ੍ਹਾਂ ਨੂੰ ਪਾਰ ਲੰਘਾ ਦਿੰਦੇ ਹਨ।

ਗੁਰਸਿਖਾਂ ਕੀ ਹਰਿ ਧੂੜਿ[57] ਦੇਹਿ[58] ਹਮ ਪਾਪੀ[59] ਭੀ ਗਤਿ[60] ਪਾਂਹਿ ॥

O God, bless[58] Thou me with the dust[57] of the feet of the Guru's disciples, that I, a sinner[59], may also be emancipated[60].

ਹੇ ਵਾਹਿਗੁਰੂ ! ਤੂੰ ਮੈਨੂੰ ਗੁਰਾਂ ਦੇ ਮੁਰੀਦਾਂ ਦੇ ਪੈਰਾਂ ਦੀ ਖ਼ਾਕ[59] ਪਰਦਾਨ ਕਰ[58] ਤਾਂ ਜੋ ਮੈਂ[5] ਪਾਂਬਰ[59] ਭੀ ਮੁਕਤ[60] ਥੀ ਵੰਞਾਂ।

ਧੁਰਿ[61] ਮਸਤਕਿ[62] ਹਰਿ ਪ੍ਰਭ[63] ਲਿਖਿਆ[64] ਗੁਰ ਨਾਨਕ ਮਿਲਿਆ[65] ਆਇ[66] ॥

They, on whose forehead[62] the Lord God[63] has so [61]pre-ordained[64], them, comes[66] to meet[65] Nanak, the Guru.

ਜਿਨ੍ਹਾਂ ਦੇ ਮੱਥੇ[62] ਉਤੇ ਸੁਆਮੀ ਵਾਹਿਗੁਰੂ[63] ਨੇ ਮੁਢ[61] ਤੋਂ ਐਸ ਤਰ੍ਹਾਂ ਲਿਖਿਆ[64] ਹੋਇਆ ਹੈ; ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਆ ਕੇ[66] ਮਿਲ[65] ਪੈਂਦੇ ਹਨ।

[67]ਜਮਕੰਕਰ[68] ਮਾਰਿ[69] ਬਿਦਾਰਿਅਨੁ[70] ਹਰਿ ਦਰਗਹ[71] ਲਏ ਛਡਾਇ[72]॥

The Guru beats[69] and drives away[70] the couriers[68] of death[67] and rescues[72] them in the Lord's Court[71].

ਗੁਰੂ ਜੀ ਮੌਤ[67] ਦੇ ਦੂਤਾਂ[68] ਨੂੰ ਕੁਟ[69] ਕੇ ਪਰੇ ਹਟਾ ਦਿੰਦੇ[70] ਹਨ ਅਤੇ ਪ੍ਰਭੂ ਦੇ ਦਰਬਾਰ[71] ਵਿਚ ਉਨ੍ਹਾਂ ਦੀ ਖ਼ਲਾਸੀ ਕਰਾ ਦਿੰਦੇ[72] ਹਨ।

ਗੁਰਸਿਖਾ ਨੋ ਸਾਬਾਸਿ[73] ਹੈ ਹਰਿ ਤੁਠਾ[74] ਮੇਲਿ[75] ਮਿਲਾਇ[76] ॥੨੭॥

Blessed[73] are the Guru's sikhs, whom the Lord unites[76] in His union[75], through His pleasure[74].

ਧੰਨ[73] ਹਨ ਗੁਰੂ ਦੇ ਸਿੱਖ, ਜਿਨ੍ਹਾਂ ਨੂੰ ਆਪਣੀ ਪ੍ਰਸੰਨਤਾ[74] ਦੁਆਰਾ, ਸਾਈਂ ਆਪਣੇ ਮਿਲਾਪ[75] ਅੰਦਰ ਮਿਲਾ ਲੈਂਦਾ[76] ਹੈ।

ਗੁਰਿ ਪੂਰੈ[77] ਹਰਿ ਨਾਮੁ ਦਿੜਾਇਆ[78] ਜਿਨਿ ਵਿਚਹੁ[79] ਭਰਮੁ[80] ਚੁਕਾਇਆ[81] ॥

The perfect[77] Guru has enshrined[78] the Lord's Name in me which has dispelled[80] doubt[80] from within[79] me.

ਪੂਰਨ[77] ਗੁਰਾਂ ਨੇ ਮੇਰੇ ਅੰਦਰ ਪ੍ਰਭੂ ਦਾ ਨਾਮ ਪੱਕਾ[78] ਕਰ ਦਿੱਤਾ ਹੈ, ਜਿਸ ਨੇ ਮੇਰੇ ਅੰਦਰੋਂ[79] ਸੰਦੇਹ[80] ਨੂੰ ਦੂਰ[81] ਕਰ ਛਡਿਆ ਹੈ।

ਰਾਮ ਨਾਮੁ ਹਰਿ ਕੀਰਤਿ[82] ਗਾਇ[83] ਕਰਿ ਚਾਨਣੁ[84] ਮਗੁ[85] ਦੇਖਾਇਆ[86] ॥

Singing[83] the praise[82] of the Lord's Name, the God's path[85] is illumined[84] and the Guru shows[86] it to his sikhs.

ਸੁਆਮੀ ਦੇ ਨਾਮ ਦਾ ਜਸ[82] ਗਾਇਨ[83] ਕਰਨ ਦੁਆਰਾ, ਵਾਹਿਗੁਰੂ ਦਾ ਮਾਰਗ[85] ਰੋਸ਼ਨ ਹੋ ਜਾਂਦਾ[84] ਹੈ ਅਤੇ ਗੁਰੂ ਜੀ ਇਸ ਨੂੰ ਆਪਣੇ ਸਿੱਖਾਂ ਨੂੰ ਵਿਖਾਲ ਦਿੰਦੇ[86] ਹਨ।

ਹਉਮੈ[87] ਮਾਰਿ[88] ਏਕ ਲਿਵ[89] ਲਾਗੀ ਅੰਤਰਿ[90] ਨਾਮੁ ਵਸਾਇਆ[91] ॥

Slaying[88] my self-conceit[87], I am attuned[89] to One God and have enshrined[91] the Name within[90] me.

ਆਪਣੀ ਸਵੈ-ਹੰਗਤਾ[87] ਨੂੰ ਮਾਰ[88] ਕੇ ਮੇਰਾ ਇਕ ਪ੍ਰਭੂ ਨਾਲ ਪਿਆਰ ਪੈ ਗਿਆ[89] ਹੈ ਅਤੇ ਨਾਮ ਨੂੰ ਮੈਂ ਆਪਣੇ ਅੰਦਰ[90] ਟਿਕਾ ਲਿਆ[91] ਹੈ।

ਗੁਰਮਤੀ[92] ਜਮੁ[93] ਜੋਹਿ[94] ਨ ਸਕੈ ਸਚੈ ਨਾਇ[95] ਸਮਾਇਆ[96] ॥

By virtue of the Guru's instruction[92], the 'Yama[93]' can eye[94] me not and I am merged[96] in the True Name[95].

ਗੁਰਾਂ ਦੇ ਉਪਦੇਸ਼[92] ਦੀ ਬਰਕਤ ਦੁਆਰਾ 'ਯਮ[93]' ਮੈਨੂੰ ਤਕ[94] ਨਹੀਂ ਸਕਦਾ ਤੇ ਮੈਂ ਸੱਚੇ ਨਾਮ[95] ਵਿਚ ਲੀਨ ਹੋ ਗਿਆ[96] ਹਾਂ।

ਸਭੁ[97] ਆਪੇ ਆਪਿ[98]

All by Himself[98], the Creator-Lord[100]

ਖ਼ੁਦ-ਬ-ਖ਼ੁਦ[98] ਹੀ ਸਿਰਜਣਹਾਰ[100] ਸੁਆਮੀ ਹਰ ਥਾਂ[97]

ਵਰਤੈ[99] ਕਰਤਾ[100] ਜੋ[2] ਭਾਵੈ[3] ਸੋ[4] ਨਾਇ[5] ਲਾਇਆ[6] ॥	is pervading[99] every where[97]. Whomsoever[2] He likes[3], him[4] He engages[6] in His Name[5].	ਵਿਆਪਕ ਹੋ ਰਿਹਾ[99] ਹੈ। ਜੋ ਕੋਈ[2] ਭੀ ਉਸ ਨੂੰ ਚੰਗਾ ਲਗਦਾ[3] ਹੈ, ਉਸ[4] ਨੂੰ ਉਹ ਆਪਣੇ ਨਾਮ[5] ਨਾਲ ਜੋੜ ਲੈਂਦਾ[6] ਹੈ।
